RNI No. - PUNPUN/2022/82997
ISSN : 2584-1211

# ਆਪਣੀ ਆਵਾਜ਼

# अपनी आवाज़ APNI AAWAAZ



| | | | | | | |
|---|---|---|---|---|---|---|
| Vol. 3 | Issue 9 | July 2025 | Punjabi Monthly | Published at Jalandhar | Price 30/- | Pages 68 |
| ਸਾਲ 3 | ਅੰਕ 9 | ਜੁਲਾਈ 2025 | ਪੰਜਾਬੀ ਮਾਸਿਕ | ਜਲੰਧਰ ਤੋਂ ਪ੍ਰਕਾਸ਼ਿਤ | ਕੀਮਤ 30/- | ਸਫ਼ੇ 68 |





| ਸਾਲ -3 | Vol. 3 | ਅੰਕ 9 | Issue 9 | ਮਾਸਿਕ | Monthly | ਜੁਲਾਈ 2025 | July 2025 |
|---|---|---|---|---|---|---|---|

# Apni Aawaaz

Punjabi Monthly

**Editorial Board**

*Chief Editor*
**Surinder Singh Sunner**
e-mail : ssunner@gmail.com

*Editor*
**Inderjit Singh Ghungrali**

**ਮੈਂਬਰ**

* ਪਰਵਿੰਦਰਜੀਤ ਸਿੰਘ
* ਕੇਸ਼ਵ
* ਮਨਮੀਤ ਮੇਵੀ

**ਸਲਾਹਕਾਰ**

* ਪ੍ਰੋ. ਹਰਜੀਤ ਸਿੰਘ ਅਸ਼ਕ
* ਪ੍ਰਿੰ. ਕੁਲਵਿੰਦਰ ਸਿੰਘ ਸਰਾਏ
* ਪ੍ਰੋ. ਕੁਲਵੰਤ ਸਿੰਘ ਔਜਲਾ
* ਅਮਰਜੀਤ ਕੌਰ ਸਿੱਧੂ

**Contact**
**+9198725-21575**
**E-mail:**
article@aapniawaaz.com
Website : aapniawaaz.com

## ਇਸ ਅੰਕ ਵਿੱਚ

1. ਆਪਣੀ ਗੱਲ -ਸੁਰਿੰਦਰ ਸਿੰਘ ਸੁੰਨੜ 3
2. ਅੱਜ ਦੀ ਗੱਲ -ਇੰਦਰਜੀਤ ਸਿੰਘ ਘੁੰਗਰਾਲੀ 4
3. ਕੌਣ ਹਨ ਆਸਟ੍ਰੇਲੀਆ 'ਚ ਇਤਿਹਾਸ ਰਚਣ ਵਾਲੇ ਡਾ. ਪਰਵਿੰਦਰ ਕੌਰ? - ਮਿੰਟੂ ਬਰਾੜ 5
4. ਗੀਤ/ਦੁਆ ਕਰਕੇ ਵੇਖੀਂ - ਬਲਦੇਵ ਰਾਜ 'ਕੋਮਲ' 7
5. ਪੰਜਾਬ ਦਾ ਗੋਰਕੀ ਡਾ. ਨਿਰਮਲ ਸਿੰਘ ਲਾਂਬੜਾ - ਡਾ. ਰਾਮ ਮੂਰਤੀ 8
6. ਸ੍ਰੀ ਗੁਰੂ ਗ੍ਰੰਥ ਸਾਹਿਬ ਵਿਲੱਖਣਤਾ ਅਤੇ ਵਿਸ਼ੇਸ਼ਤਾ - ਗੁਰਚਰਨ ਸਿੰਘ ਸੇਕ 10
7. ਪੈਂਤੀ ਅੱਖ਼ਰੀ - ਸੁਰਿੰਦਰ ਸਿੰਘ ਸੁੰਨੜ 11
8. ਕਵਿਤਾ/ਅੱਜਨਾਮਾ - ਸੁਰਿੰਦਰ ਮਕਸੂਦਪੁਰੀ 12
9. ਸੂਰਜ ਨਾਲ ਖੇਡਦਿਆਂ - ਗੁਰਭਜਨ ਗਿੱਲ 13
10. ਨੁਸਰਤ ਫ਼ਤਹਿ ਅਲੀ ਖ਼ਾਨ ਬਾਰੇ -ਮਲਕੀਤ ਸਿੰਘ ਕੋਟਲੀ 15
11. ਅਮਰਜੀਤ ਕੌਂਕੇ ਦਾ ਇਸ ਧਰਤੀ 'ਤੇ ਰਹਿੰਦਿਆਂ... -ਉਜਾਗਰ ਸਿੰਘ 16
12. ਨਸ਼ੇ, ਨਸ਼ੇ, ਨਸ਼ੇ, ਮਾਰ ਲਿਆ ਨਸ਼ਿਆਂ ਨੇ ਪੰਜਾਬ ਨੂੰ - ਗੁਰਮੀਤ ਸਿੰਘ ਪਲਾਹੀ 18
13. ਕਹਾਣੀ/ਚਾਰ ਚਿੱਠੀਆਂ - ਸੁਰਿੰਦਰ ਸਿੰਘ ਸੁੰਨੜ 20
14. ਸੰਕਲਪ-ਵਿਕਲਪ - ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ 21
15. ਡਾ. ਬੀ.ਆਰ. ਅੰਬੇਡਕਰ ਦਾ ਸੰਘਰਸ਼ਮਈ ਜੀਵਨ - ਚੇਤਨ ਸਿੰਘ 22
16. ਪੰਜਾਬੀ ਭਾਸ਼ਾ ਅਤੇ ਸਭਿਆਚਾਰ 'ਤੇ ਕੋਈ ਸੰਕਟ ਨਹੀਂ- ਜਸਵੀਰ ਸਿੰਘ ਸੀਰੀ 27
17. ਗੁਰਦੁਆਰਾ ਟਾਹਲੀ ਸਾਹਿਬ ਸਲਾਨਾ ਜੋੜ ਮੇਲਾ ਖਾਲਸਾਈ ਜਾਹੋ ਜਲਾਲ ਨਾਲ ਸੰਪੂਰਨ - ਬਲਜੀਤ ਸਿੰਘ ਸੰਘਾ 28
18. ਸਾਵਣ ਦੀ ਰੁੱਤ - ਸੁਰਿੰਦਰ ਸਿੰਘ ਰੂਬੀ 30
19. ਸਬਜ਼ੀ ਕਾਹਦੀ ਸੀ - ਸੁਰਿੰਦਰ ਸਿੰਘ ਸੁੰਨੜ 33
20. ਤੋਰ ਪੰਜਾਬਣ ਦੀ -ਡਾ. ਹਰਚੰਦ ਸਿੰਘ ਸਰਹਿੰਦੀ 35
21. ਅਖੌਤੀ ਵਿਕਾਸ ਨਾਲ ਵੱਧ ਰਹੇ ਨੇ ਮਾਨਸਿਕ ਰੋਗੀ - ਇੰਦਰਜੀਤ ਸਿੰਘ 36
22. ਹੋਰ ਦੇਸੀ ਮਹੀਨਿਆਂ ਦਾ ਹੱਤਵ - ਜਰਨੈਲ ਸਿੰਘ ਮੱਖਣ 37
23. ਕਹਾਣੀ ਸਿਦਕਾਂ ਦਾ ਸਿਰਨਾਵਾਂ - ਡਾ. ਗੁਰਮਿੰਦਰ ਸਿੱਧੂ 44
24. ਪੰਜਾਬੀ ਅਦਬ ਦਾ ਇਕ ਯੁੱਗ ਸਨ ਗੁਰਦਿਆਲ ਸਿੰਘ - ਹਰਮੇਲ ਪਰੀਤ ਜੈਤੋ 48
25. ਪੰਜਾਬ ਦੇ ਭੂਗੋਲਿਕ ਇਲਾਕੇ ਜੋ ਜਾਤ-ਗੋਤਾਂ ਦੇ... 50
26. ਮਿੰਨੀ ਕਹਾਣੀਆਂ/ਫੂਕ-ਅਸ਼ੋਕ ਟਾਂਡੀ/ਮਮਤਾ ਦੀ ਉਡੀਕ-ਸਤਿਨਾਮ ਔਜਲਾ 54
27. ਗੀਤ/ਨੈਣਾਂ ਵਿੱਚੋਂ -ਸਰਬਜੀਤ ਸੰਗਰੂਰਵੀ 56
28. ਆਓ ਪਾਣੀ ਦੀ ਕੂਕ ਸੁਣੀਏ -ਸੁਰਿੰਦਰ ਬਾਂਸਲ 57
29. ਮਾਵਾਂ ਤੇ ਧੀਆਂ ਰਲ... -ਜੁਗਿੰਦਰ ਸਿੰਘ 'ਫੁੱਲ' 64

ਹੋਰ ਬਹੁਤ ਕੁੱਝ ਪੜ੍ਹਨ ਲਈ-ਧੰਨਵਾਦ

ਸੰਪਾਦਕ ਦਾ ਲੇਖਕ ਦੇ ਵਿਚਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਕਾਨੂੰਨੀ ਕਾਰਵਾਈ ਜਲੰਧਰ ਅਦਾਲਤ 'ਚ ਹੋਵੇਗੀ।

**ਆਪਣੀ ਆਵਾਜ਼**
693-ਗੁਰੂ ਤੇਗ ਬਹਾਦਰ ਨਗਰ,
ਜਲੰਧਰ ਪੰਜਾਬ-144001

**Apni Aawaaz**
693-Guru Teg Bahadur Nagar,
Jalandhar Punjab-144001



# ਕਲਾ ਤੇ ਕਿਸਮਤ

ਨੰਦ ਲਾਲ ਨੂਰਪੁਰੀ 1906 ਵਿਚ ਲਾਇਲਪੁਰ ਜ਼ਿਲ੍ਹੇ ਦੇ ਪਿੰਡ ਨੂਰਪੁਰ ਪੈਦਾ ਹੋਇਆ। ਦਸਵੀਂ ਕਰਕੇ ਲਾਇਲਪੁਰ ਖਾਲਸਾ ਕਾਲਜ ਵਿਚ ਪੜ੍ਹਦਾ ਸੀ ਪਰ ਰੋਜ਼ੀ ਰੋਟੀ ਖਾਤਰ ਉਹ ਕਾਲਜ ਵਿਚੇ ਹੀ ਛੱਡ ਕੇ ਸਕੂਲ ਵਿਚ ਪੜ੍ਹਾਉਣ ਲੱਗ ਪਿਆ। ਸਕੂਲ ਦੀ ਨੌਕਰੀ ਛੱਡ ਕੇ ਪੁਲੀਸ ਵਿਚ ਬੀਕਾਨੇਰ ਜਾ ਕੇ ਇਨਸਪੈਕਟਰ ਲੱਗ ਗਿਆ। ਸ਼ਰਾਬ ਕੱਢਦੇ ਬੰਦਿਆ ਤੇ ਨੰਦ ਲਾਲ ਨੂਰਪੁਰੀ ਦੀ ਪੁਲਿਸ ਟੁਕੜੀ ਨੇ ਛਾਪਾ ਮਾਰਿਆ, ਤੇ ਕਿਸੇ ਕਾਰਨ ਤਿੰਨ ਵਿਕਤੀਆਂ ਦੀ ਮੌਤ ਹੋਣ ਕਰਕੇ ਪੁਲਿਸ ਦੀ ਨੌਕਰੀ ਛੱਡ ਦਿਤੀ। ਕਵਿਤਾ ਦੀ ਕਲਾ ਪਰ ਬਰਕਰਾਰ ਰਹੀ ਤੇ ਜਦ "ਮੰਗਤੀ" ਫਿਲਮ ਦੇ ਗੀਤ ਲਿਖੇ ਤੇ ਇਕ ਕਵੀ ਦੇ ਤੌਰ 'ਤੇ ਪਹਿਚਾਣ ਬਣੀ। ਨੰਦ ਲਾਲ ਨੂਰਪੁਰੀ ਦੇ ਗੀਤ ਬਹੁਤ ਪਰਚਲਤ ਹੋਏ:-

-ਜੁੱਤੀ ਕਸੂਰੀ ਪੈਰੀਂ ਨਾ ਪੂਰੀ ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ<br>
-ਜਿਨ੍ਹਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ ਉਨ੍ਹੀ ਰਾਹੀਂ ਵੇ ਸਾਨੂੰ ਮੁੜਨਾ ਪਿਆ।<br>
-ਬੱਲੇ ਨੀ ਪੰਜਾਬ ਦੀਏ ਸ਼ੇਰ ਬੱਚੀਏ<br>
-ਚੰਨ ਵੇ ਕਿ ਸ਼ੌਂਕਣ ਮੇਲੇ ਦੀ ਪੈਰ ਧੋਅ ਕੇ ਝਾਂਜਰਾਂ ਪਾਉਂਦੀ ਮੇਲਦੀ ਆਉਂਦੀ ਵੇ ਸ਼ੌਂਕਣ ਮੇਲੇ ਦੀ।<br>
-ਨੀ ਮੈਨੂੰ ਦਿਓਰ ਦੇ ਵਿਆਹ ਵਿਚ ਨੱਚ ਲੈਣ ਦੇ ਨੀ ਮੈਨੂੰ ਅੱਗ ਦੇ ਭੰਬੂਕੇ ਵਾਂਗੂੰ ਮੱਚ ਲੈਣ ਦੇ।<br>
-ਚੁੰਮ ਚੁੰਮ ਰੱਖੋ ਨੀ ਇਹ ਕਲਗੀ ਜੁਝਾਰ ਦੀ<br>
-ਨੀ ਅੜੀਓ ਕਾਗ ਬਨੇਰੇ ਉਤੇ ਬੋਲਿਆ ਨੀ ਅਉਂਸੀਆਂ ਪਾਉਂਦੀ ਦਾ ਮੇਰਾ ਨਰਮ ਕਾਲਜਾ ਡੋਲਿਆ।<br>
-ਗੋਰੀ ਦੀਆਂ ਝਾਂਜਰਾਂ ਬਲਾਉਂਦੀਆਂ ਗਈਆਂ, ਗਲੀਆਂ ਦੇ ਵਿਚ ਡੰਡ ਪਾਉਂਦੀਆਂ ਗਈਆਂ।<br>
-ਖਤ ਆਇਆ ਸੋਹਣੇ ਸੱਜਣਾ ਦਾ ਕਦੇ ਰੱਖਨੀ ਆਂ ਕਦੇ ਪੜ੍ਹਦੀ ਆਂ

ਸੰਨ 1947 ਦਾ ਬਟਵਾਰਾ ਹੋਇਆ ਤਾਂ ਗੀਤ ਤਾਂ ਕੀ ਸਭ ਕੁਝ ਹੀ ਜਾਂਦਾ ਰਿਹਾ। ਨੂਰਪੁਰੀ ਵੀ ਉਜਾੜਿਆਂ ਵਿਚ ਉੱਜੜ ਗਿਆ ਤੇ ਉਮਰ ਦੇ ਆਖਰੀ 19 ਸਾਲ ਜਲੰਧਰ ਬਿਤਾਏ। ਰੇਡੀਓ 'ਤੇ ਵੀ ਨੌਕਰੀ ਮਿਲੀ, ਭਾਸ਼ਾ ਵਿਭਾਗ ਵਿਚ ਵੀ ਪਰ ਕਦੇ ਵੀ ਪਰਵਾਰ ਦੇ ਦਾਲ ਫੁਲਕੇ ਜੋਗੀ ਆਮਦਨ ਨਾ ਕਰ ਸਕਿਆ। ਪਰ ਗੀਤਕਾਰ ਸੀ ਗੀਤ ਲਿਖਦਾ ਰਿਹਾ। ਨੰਦ ਲਾਲ ਨੂਰਪੁਰੀ ਦੇ ਗੀਤ ਰੇਡਿਓ ਤੇ ਗਾਇਕਾਂ ਨੇ ਰੱਜ ਰੱਜ ਗਾਏ ਪਰ ਨੰਦ ਲਾਲ ਦੇ ਪਰਵਾਰ ਨੂੰ ਰੱਜਵੀਂ ਰੋਟੀ ਨਾ ਦੇ ਸਕੇ। ਉਸ ਸਮੇਂ ਦੇ ਸਾਰੇ ਦੇ ਸਾਰੇ ਗਾਇਕਾਂ ਮੁਹੰਮਦ ਰਫੀ ਸਮੇਤ ਸਭਨੇ ਗਾਏ ਪਰ ਨੰਦ ਲਾਲ ਆਪਣੇ ਪਰਵਾਰ ਨੂੰ ਰੱਜਵੀਂ ਰੋਟੀ ਨਾਂ ਦੇ ਸਕਿਆ। ਪੰਜਾਬੀ ਲੋਕ ਸਾਰਾ ਸਾਰਾ ਦਿਨ ਰੇਡੀਓ ਤੇ ਉਸਦੇ ਗੀਤ ਸੁਣਦੇ :-

-ਕਿਥੇ ਮਾਤਾ ਤੋਰਿਆ ਅਜੀਤ ਤੇ ਜੁਝਾਰ ਨੂੰ<br>
-ਇਹ ਦੁਨੀਆਂ ਤਿਲਕਣਬਾਜ਼ੀ ਹੈ ਤੂੰ ਪੈਰ ਸੰਭਲਕੇ ਧਰਿਆ ਕਰ,<br>
ਉਹ ਹਰ ਹਰ ਦੇ ਵਿਚ ਵੱਸਦਾ ਹੈ ਤੂੰ ਹਰ ਹਰ ਕੋਲੋਂ ਡਰਿਆ ਕਰ।<br>
-ਮੈਨੂੰ ਸੁੱਤਿਆਂ ਨੀਂਦ ਨਾ ਆਵੇ ਨੀ ਮਾਹੀ ਮੇਰਾ ਗੁੱਸੇ ਗੁੱਸੇ,<br>
ਮੇਰਾ ਜੋਬਨ ਡੁੱਲਦਾ ਜਾਵੇ ਨੀਂ ਮਾਹੀ ਮੇਰਾ ਗੁੱਸੇ ਗੁੱਸੇ।


ਇਕ ਕਲਾਕਾਰ ਜਿਸਦੀ ਕਲਾ ਦਾ ਆਨੰਦ ਦੁਨੀਆਂ ਨੇ ਰੱਜ ਰੱਜ ਕੇ ਮਾਣਿਆਂ, ਉਸਦੀ ਕਲਾ ਪਰਵਾਰ ਦਾ ਪੇਟ ਨਾ ਭਰ ਸਕੀ ਤੇ ਇਕ ਰਾਤ 1966 ਵਿਚ ਆਪਣੇ ਬੱਚਿਆਂ ਨੂੰ ਬੁਲਾ ਕੇ ਉਨ੍ਹਾਂ ਦੇ ਕੋਲੋਂ ਆਪਣਾ ਲਿਖਿਆ ਗੀਤ ਉਡਜਾ ਭੋਲਿਆ ਪੰਛੀਆ ਆਪਣੀ ਜਾਨ ਬਚਾ" ਸੁਣਿਆਂ ਤੇ ਉਸ ਰਾਤ ਖੂਹ ਵਿਚ ਛਾਲ ਮਾਰ ਕੇ ਪੰਛੀ ਉਡ ਗਿਆ। ਇਕ ਕਵੀ ਦਾ ਇਹੋ ਜਿਹਾ ਅੰਤ ਸਾਡੇ ਸਮਾਜ ਉਤੇ ਕਲੰਕ ਹੈ। ਪਰ ਜੋ ਕੁਝ ਉਹ ਲਿਖ ਗਿਆ ਉਹ ਅੰਤਹੀਣ ਹੈ। ਹੁਣ ਉਸਦੀ ਯਾਦ ਨੂੰ ਤਾਜ਼ਾ ਰੱਖਿਆ ਜਾਣਾ ਜ਼ਰੂਰੀ ਹੈ। ਇਸੇ ਆਸ਼ੇ ਨਾਲ ਅਸੀਂ ਲੋਕ ਮੰਚ ਪੰਜਾਬ ਵਲੋਂ ਉਸਦੀ ਯਾਦ ਵਿੱਚ ਇੱਕ ਲੱਖ ਰੁਪਏ ਦਾ ਪੁਰਸਕਾਰ ਸ਼ੁਰੂ ਕੀਤਾ ਹੈ। ਸਾਫ ਸੁਥਰੀ ਗੀਤਕਾਰੀ ਨੂੰ ਉਤਸ਼ਾਹਿਤ ਕਰਨ ਲਈ ਅਤੇ ਨੰਦ ਲਾਲ ਨੂਰਪੁਰੀ ਦੀ ਯਾਦ ਨੂੰ ਸਦੀਵੀ ਬਣਾਉਣ ਲਈ ਸ਼ੁਰੂ ਕੀਤਾ ਇਹ ਪੁਰਸਕਾਰ ਹਰ ਸਾਲ ਇਕ ਗੀਤਕਾਰ/ਕਵੀ ਨੂੰ ਦਿੱਤਾ ਜਾਇਆ ਕਰੇਗਾ।

ਸਾਲ 2022 ਦਾ ਪੁਰਸਕਾਰ ਪ੍ਰੋਫੈਸਰ ਗੁਰਭਜਨ ਗਿੱਲ ਨੂੰ ਦੇਣ ਦਾ ਐਲਾਨ ਕਰਦਿਆਂ ਮੈਨੂੰ ਅਥਾਹ ਖੁਸ਼ੀ ਹੋਈ ਰਹੀ ਹੈ । ਪੰਜਾਬੀ ਸਾਹਿਤਕ ਅਤੇ ਸੱਭਿਆਚਾਰਕ ਹਲਕਿਆ ਵਲੋਂ ਇਸ ਐਲਾਨ ਦਾ ਭਰਪੂਰ ਸਵਾਗਤ ਇਹ ਦਰਸਾ ਰਿਹਾ ਹੈ ਕਿ ਅਸੀਂ ਸਹੀ ਦਿਸ਼ਾ ਵਲ ਜਾ ਰਹੇ ਹਾਂ।ਆਪਣੇ ਵਿਰਸੇ ਦੀ ਸੰਭਾਲ,ਪੰਜਾਬ,ਪੰਜਾਬੀ ਅਤੇ ਪੰਜਾਬੀਅਤ ਦੀ ਸੇਵਾ ਹੀ ਸਾਡਾ ਅਕੀਦਾ ਹੈ।

**-ਸੁਰਿੰਦਰ ਸਿੰਘ ਸੁੱਨੜ**



## ਅੱਜ ਦੀ ਗੱਲ



ਪਿਆਰੇ ਪਾਠਕੋ,

ਸਤਿ ਸ੍ਰੀ ਅਕਾਲ!

ਅਸੀਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦੇ ਹਾਂ ਕਿ ਤੁਸੀਂ ਆਪਣੀ ਆਵਾਜ਼ ਨੂੰ ਪਿਛਲੇ 27 ਸਾਲਾਂ ਤੋਂ ਜੋ ਪਿਆਰ, ਆਤਮਿਕ ਸਨਮਾਨ ਅਤੇ ਵਿਸ਼ਵਾਸ ਦਿੱਤਾ ਹੈ, ਉਹ ਸਾਡੇ ਲਈ ਮਾਣ ਦੀ ਗੱਲ ਹੈ। ਇਹ ਸਫ਼ਰ ਸਿਰਫ ਕਾਗਜ਼ ਤੇ ਲਿਖੇ ਅੱਖਰਾਂ ਦਾ ਨਹੀਂ, ਸਗੋਂ ਪੰਜਾਬੀ ਰੂਹ, ਵਿਚਾਰਧਾਰਾ ਅਤੇ ਸੱਭਿਆਚਾਰ ਦੀ ਝਲਕ ਪੇਸ਼ ਕਰਨ ਦਾ ਯਤਨ ਹੈ।

"ਆਪਣੀ ਆਵਾਜ਼" ਸਿਰਫ ਇੱਕ ਮੈਗਜ਼ੀਨ ਨਹੀਂ, ਇਹ ਪੰਜਾਬੀ ਸਾਹਿਤ ਤੇ ਸੱਭਿਆਚਾਰ ਦੀ ਇੱਕ ਸੰਵੇਦਨਸ਼ੀਲ ਧਾਰਾ ਹੈ, ਜੋ ਕਲਮ ਰਾਹੀਂ ਸਮਾਜਿਕ, ਰੂਹਾਨੀ ਅਤੇ ਰਚਨਾਤਮਕ ਤਬਦੀਲੀਆਂ ਨੂੰ ਜਨਮ ਦਿੰਦੀ ਆ ਰਹੀ ਹੈ। ਅੱਜ ਜਦੋਂ ਦੁਨੀਆ ਤੇਜ਼ੀ ਨਾਲ ਤਕਨੀਕੀ ਅਤੇ ਵਿਚਾਰਕ ਪੱਧਰ 'ਤੇ ਬਦਲ ਰਹੀ ਹੈ, ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਨਵੀਆਂ ਚੁਣੌਤੀਆਂ ਮਿਲ ਰਹਿਆ ਹਨ। ਐਸੇ ਸਮੇਂ ਵਿੱਚ "ਆਪਣੀ ਆਵਾਜ਼" ਨੇ ਹਮੇਸ਼ਾ ਇਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਦਿਆਂ ਪੰਜਾਬੀ ਪਛਾਣ ਨੂੰ ਨਵੀਂ ਦਿਸ਼ਾ ਅਤੇ ਊਰਜਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਅਸੀਂ ਨਵੇਂ ਲੇਖਕਾਂ ਨੂੰ ਹੌਂਸਲਾ ਦਿੰਦੇ ਹੋਏ, ਪੁਰਾਣੀਆਂ ਰਵਾਇਤਾਂ ਨੂੰ ਆਧੁਨਿਕ ਸੰਵੇਦਨਸ਼ੀਲਤਾ ਨਾਲ ਜੋੜਨ ਦੀ ਕੋਸ਼ਿਸ਼ ਕਰਦੇ ਹਾਂ, ਤਾਂ ਜੋ ਅਸਲ ਪੰਜਾਬੀ ਆਤਮਾ ਜੀਉਂਦੀ ਰਹੇ।

ਇਸ ਸੰਪੂਰਨ ਯਤਨ ਦੀ ਰੂਹਾਨੀ ਸ਼ਕਤੀ ਹਨ ਸੁਰਿੰਦਰ ਸਿੰਘ ਸੁੰਨੜ ਜੀ, ਜਿਨ੍ਹਾਂ ਦੀ ਲਿਖਤ, ਦਰਸ਼ਨ ਅਤੇ ਸੰਪਾਦਕੀ ਵਿਅਕਤਿਤਵ ਨੇ "ਆਪਣੀ ਆਵਾਜ਼" ਨੂੰ ਨਾ ਸਿਰਫ਼ ਇਕ ਪ੍ਰਕਾਸ਼ਨ, ਸਗੋਂ ਇਕ ਅੰਦੋਲਨ ਬਣਾਇਆ। ਉਹ ਸਿਰਫ ਸੰਪਾਦਕ ਨਹੀਂ ਇੱਕ ਦੂਰਦਰਸ਼ੀ ਲੇਖਕ, ਮੂੰਹਫਟ ਵਿਚਾਰਕ, ਅਤੇ ਪੰਜਾਬੀਅਤ ਦੇ ਨਿਰਭੀਤ ਸਿਪਾਹੀ ਹਨ। ਉਨ੍ਹਾਂ ਦੀ ਕਲਮ ਨੇ ਹਮੇਸ਼ਾ ਉਹ ਅਣਸੁਣੇ ਸਵਾਲ ਉਠਾਏ ਹਨ, ਜੋ ਸਮਾਜ ਨੇ ਚੁੱਪ ਕਰ ਦਿੱਤੇ ਸਨ। ਉਨ੍ਹਾਂ ਨੇ ਸਦਾ ਨਵੀਂ ਪੀੜ੍ਹੀ ਨੂੰ ਸਾਹਿਤ ਅਤੇ ਸੱਭਿਆਚਾਰ ਨਾਲ ਜੁੜਨ ਦੀ ਪ੍ਰੇਰਣਾ ਦਿੱਤੀ ਹੈ।

ਅੱਜ ਜਦੋਂ ਭਾਸ਼ਾਵਾਂ ਗੂਗਲ ਅਨੁਵਾਦ 'ਚ ਸਮਾਈ ਜਾਂਦੀਆਂ ਹਨ, ਲੋਕਧਾਰਾ ਕਲਿਕਾਂ ਦੀ ਗੂੰਜ ਵਿੱਚ ਗੁੰਮ ਹੋ ਰਹੀ ਹੈ ਅਤੇ ਸੱਭਿਆਚਾਰ ਆਨਲਾਈਨ ਸਮਾਰੋਹਾਂ ਵਿੱਚ ਮਟਿਆਮੇਟ ਹੋ ਰਿਹਾ ਹੈ ਉਸ ਸਮੇਂ 'ਆਪਣੀ ਆਵਾਜ਼' ਇਕ ਟਿਕਾਊ ਤੇ ਜਾਗਰੂਕ ਆਵਾਜ਼ ਵਜੋਂ ਪੰਜਾਬੀ ਮਨ ਨੂੰ ਜਾਗਰਤ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਸਾਡੀ ਕੋਸ਼ਿਸ਼ ਰਹੀ ਹੈ ਕਿ ਇਹ ਮੈਗਜ਼ੀਨ ਹਰ ਪਾਠਕ ਲਈ ਇੱਕ ਅਸਲ "ਆਵਾਜ਼" ਬਣੇ ਆਪਣੀ ਆਵਾਜ਼।

ਆਪਣੇ ਸੁਝਾਵਾਂ ਅਤੇ ਵਿਚਾਰਾਂ ਨਾਲ ਸਾਡੀ ਹੌਂਸਲਾ ਅਫਜਾਈ ਕਰਦੇ ਰਹੋ।

ਸਦਭਾਵਨਾਵਾਂ ਸਮੇਤ

**ਇੰਦਰਜੀਤ ਸਿੰਘ ਘੁੰਗਰਾਲੀ**



# ਕੌਣ ਹਨ ਆਸਟ੍ਰੇਲੀਆ 'ਚ ਇਤਿਹਾਸ ਰਚਣ ਵਾਲੇ ਡਾ. ਪਰਵਿੰਦਰ ਕੌਰ?

**ਮਿੰਟੂ ਬਰਾੜ, +61 434 289 905**

ਇਹ ਪੰਜਾਬਣ ਆਸਟ੍ਰੇਲੀਆ ਦੀ ਸਿਆਸਤ ਵਿੱਚ ਕਿਸੇ ਵੀ ਰਾਜ ਦੇ ਪਹਿਲੇ ਪੰਜਾਬੀ ਮਹਿਲਾ ਮੈਂਬਰ ਪਾਰਲੀਮੈਂਟ ਬਣੇ ਹਨ। ਇਸ ਤੋਂ ਪਹਿਲਾਂ ਗੁਰਮੇਸ਼ ਸਿੰਘ ਨਿਊ ਸਾਊਥ ਵੇਲਸ ਤੋਂ ਪਹਿਲੇ 'ਸਿੰਘ' ਮੈਂਬਰ ਪਾਰਲੀਮੈਂਟ ਬਣੇ ਸਨ। ਤੇ ਹੁਣ ਡਾ. ਪਰਵਿੰਦਰ ਕੌਰ ਨੂੰ ਆਸਟ੍ਰੇਲੀਆ ਦੇ ਤਕਰੀਬਨ ਦੋ ਸੌ ਸਾਲ ਦੇ ਇਤਿਹਾਸ 'ਚ ਪਹਿਲੇ 'ਕੌਰ' ਮੈਂਬਰ ਪਾਰਲੀਮੈਂਟ ਬਣਨ ਦਾ ਸੁਭਾਗ ਮਿਲਿਆ ਹੈ। ਆਓ ਤੁਹਾਨੂੰ ਮਿਲਾਈਏ ਪੰਜਾਬ ਦੇ ਇਕ ਪਿੰਡ ਤੋਂ ਪੱਛਮੀ ਆਸਟ੍ਰੇਲੀਆ ਦੇ ਪਾਰਲੀਮੈਂਟ ਤੱਕ ਦਾ ਸਫਰ ਤਹਿ ਕਰਨ ਵਾਲੀ ਮਾਣਮੱਤੀ ਡਾ. ਪਰਵਿੰਦਰ ਕੌਰ ਨਾਲ।

ਗੱਲ 2014 ਦੀ ਹੈ। ਸਿੱਖ ਖੇਡਾਂ ਦੇ ਸਿਲਸਿਲੇ 'ਚ ਅਸੀਂ ਪਰਥ ਵਿਚ ਸਾਂ। ਖੇਡਾਂ ਦੌਰਾਨ ਬਹੁਤ ਸਾਰੇ ਚਾਹੁਣ ਵਾਲੇ ਮਿਲੇ। ਇਸੇ ਦੌਰਾਨ ਬਹੁਤ ਹੀ ਖ਼ੂਬਸੂਰਤ, ਹੱਸੂ-ਹੱਸੂ ਕਰਦੇ ਚਿਹਰੇ ਦੀ ਮਾਲਕ ਇੱਕ ਕੁੜੀ ਨੇ ਭੀੜ ਵਿਚੋਂ ਦੀ ਅੱਗੇ ਹੁੰਦੀਆਂ ਸਤਿ ਸ੍ਰੀ ਅਕਾਲ ਬੁਲਾਉਂਦਿਆਂ ਕਿਹਾ, "ਮਿੰਟੂ ਭਾਜੀ ਕਾਫੀ ਚਿਰ ਤੋਂ ਸੁਣਦੇ ਅਤੇ ਪੜ੍ਹਦੇ ਆ ਰਹੇ ਹਾਂ, ਬੱਸ ਮਿਲਣ ਦਾ ਸਬੱਬ ਨਹੀਂ ਬਣਿਆ।" ਮੇਰੇ ਧੰਨਵਾਦ ਕਹਿਣ ਤੇ ਉਹਨਾਂ ਅੱਗੇ ਗੱਲ ਤੋਰਦਿਆਂ ਦੱਸਿਆ ਕਿ "ਮੇਰਾ ਨਾਮ ਪਰਵਿੰਦਰ ਹੈ ਤੇ ਮੈਨੂੰ ਵੀ ਰੇਡੀਓ ਮੇਜ਼ਬਾਨੀ ਦਾ ਬੜਾ ਸ਼ੌਕ ਹੈ।" ਪਹਿਲੀ ਸੱਟੇ ਮੈਂ ਅਸਲੀ ਪਰਵਿੰਦਰ ਦੇ ਦਰਸ਼ਨ ਨਹੀਂ ਸਾਂ ਕਰ ਸਕਿਆ। ਉਹਨਾਂ ਸਾਨੂੰ ਦੂਜੇ ਦਿਨ ਆਪਣੇ ਦਫਤਰ ਆਉਣ ਦਾ ਸੱਦਾ ਦੇ ਦਿੱਤਾ। ਇਸ ਦੌਰਾਨ ਮੈਨੂੰ ਏਧਰੋਂ ਉਧਰੋਂ ਪਤਾ ਚੱਲਿਆ ਕਿ ਉਹ ਇੱਕ ਵਿਗਿਆਨੀ ਹਨ। ਜਦੋਂ ਦੂਜੇ ਦਿਨ ਅਸੀਂ ਉਹਨਾਂ ਕੋਲ ਪੁੱਜੇ ਤਾਂ ਚਿੱਟੇ ਕੋਟ 'ਚ ਆਪਣੀ ਲੈਬ 'ਚ ਮਸ਼ਰੂਫ ਡਾ. ਪਰਵਿੰਦਰ ਨੇ ਸਾਡਾ ਖੁੱਲ੍ਹੇ ਦਿਲ ਨਾਲ ਸਵਾਗਤ ਕੀਤਾ ਅਤੇ ਸਾਰੀ ਯੂਨੀਵਰਸਿਟੀ ਦਾ ਗੇੜਾ ਲਵਾ ਕੇ ਆਪਣੇ ਚੱਲ ਰਹੇ ਕੰਮਾਂ-ਕਾਰਾਂ ਤੋਂ ਜਾਣੂ ਕਰਵਾਇਆ।

ਨਵਾਂ ਸ਼ਹਿਰ ਜ਼ਿਲ੍ਹੇ ਦੇ ਪਿੰਡ ਹਿਆਤ ਪੁਰ ਰੁੜਕੀ ਦੇ ਸਰਦਾਰ ਕਸ਼ਮੀਰ ਸਿੰਘ ਜੋ ਕਿ ਭਾਰਤੀ ਫੌਜ ਵਿਚ ਸੇਵਾ ਨਿਵਿਰਤ ਸਨ ਅਤੇ ਬੀਬੀ ਜਰਨੈਲ ਕੌਰ ਦੇ ਘਰ ਪਰਵਿੰਦਰ ਦਾ ਜਨਮ ਹੋਇਆ। ਉਹ ਕੁਲ ਦੋ ਭੈਣ ਭਰਾ ਹਨ। ਉਹਨਾਂ ਦੀ ਸਕੂਲੀ ਵਿੱਦਿਆ ਵੱਖ-ਵੱਖ ਫੌਜੀ ਸਕੂਲਾਂ 'ਚ ਹੋਈ। ਜਿਨ੍ਹਾਂ 'ਚ ਜਲੰਧਰ ਕੈਂਟ ਅਤੇ ਅੰਬਾਲਾ ਕੈਂਟ ਜ਼ਿਕਰਯੋਗ ਹਨ। ਇਸ ਉਪਰੰਤ ਉਹਨਾਂ ਪਟਿਆਲੇ ਤੋਂ ਆਪਣੀ ਗਿਆਰ੍ਹਵੀਂ ਅਤੇ ਬਾਰ੍ਹਵੀਂ ਦੀ ਸਿੱਖਿਆ ਹਾਸਲ ਕੀਤੀ। ਭਾਵੇਂ ਫੌਜ ਦੀ ਨੌਕਰੀ ਕਾਰਨ ਪਰਵਿੰਦਰ ਨੂੰ ਵੱਖ-ਵੱਖ ਥਾਵਾਂ ਤੇ ਰਹਿਣਾ ਪਿਆ ਪਰ ਹਰ ਛੁੱਟੀਆਂ ਪਿੰਡ 'ਚ ਗੁਜ਼ਾਰਨ ਕਾਰਨ ਕਿਤੇ ਨਾ ਕਿਤੇ ਉਸ ਦੀ ਪਿੰਡ ਨਾਲ ਅਤੇ ਖੇਤੀ ਕਿੱਤੇ ਨਾਲ ਸਾਂਝ ਬਹੁਤ ਗੂੜ੍ਹੀ ਕਰ ਦਿੱਤੀ। ਉਹ ਦੱਸਦੇ ਹਨ ਕਿ ਗਿਆਰ੍ਹਵੀਂ 'ਚ ਉਹਨਾਂ ਨੂੰ ਕੁਝ ਨਹੀਂ ਪਤਾ ਸੀ ਕਿ ਮੇਰੀ ਮੰਜ਼ਿਲ ਕੀ ਹੈ! ਭਾਵੇਂ ਮੇਰੀ ਮੁੱਢ ਤੋਂ ਸਾਇੰਸ ਵਿਚ ਰੁਚੀ ਸੀ ਪਰ ਮੈਂ ਗਿਆਰ੍ਹਵੀਂ 'ਚ ਮਿਲੇ-ਜੁਲੇ ਜਿਹੇ ਵਿਸ਼ੇ ਚੁਣ ਲਏ। ਪਰ ਬਾਰ੍ਹਵੀਂ ਤੱਕ ਆਉਂਦੇ-ਆਉਂਦੇ ਮੈਨੂੰ ਏਨਾ ਕੁ ਅਹਿਸਾਸ ਹੋ ਗਿਆ ਸੀ ਕਿ ਬਿਨਾਂ ਟੀਚਾ ਮਿਥਿਆਂ ਕਾਮਯਾਬੀ ਹਾਸਲ ਨਹੀਂ ਹੋ ਸਕਦੀ। ਕੁਝ ਕੁ ਦਿਨਾਂ ਲਈ ਦੰਦਾਂ ਦੀ ਡਾਕਟਰੀ ਚੁਣ ਲਈ ਸੀ, ਭਾਵੇਂ ਮੇਰੀ ਪਸੰਦ ਦੇ ਵਿਸ਼ੇ ਜੀਵ ਵਿਗਿਆਨ ਸੀ।

ਪਰ ਉਸੇ ਵਕਤ ਕਿਸਮਤ ਨਾਲ ਮੈਨੂੰ ਲੁਧਿਆਣੇ ਖੇਤੀਬਾੜੀ ਯੂਨੀਵਰਸਿਟੀ 'ਚ ਥਾਂ ਮਿਲ ਗਈ ਉਹ ਵੀ ਸਕਾਲਰਸ਼ਿਪ ਨਾਲ। ਕਿਉਂਕਿ ਮੈਂ ਪਹਿਲੇ ਪੰਜ ਵਿਦਿਆਰਥੀਆਂ 'ਚ ਆਪਣਾ ਨਾਮ ਦਰਜ ਕਰਵਾਉਣ 'ਚ ਕਾਮਯਾਬ ਹੋ ਗਈ ਸੀ। ਪਿੰਡ 'ਚ ਗੁਜ਼ਾਰੇ ਸਮੇਂ ਨੇ ਮੈਨੂੰ ਸਿਖਾ ਦਿੱਤਾ ਸੀ ਕਿ ਅੰਨਦਾਤਾ ਕਹਾਉਣਾ ਕਿੰਨਾ ਕੁ ਔਖਾ। ਸ਼ਾਇਦ ਇਸੇ ਕਰਕੇ ਇਹ ਮੇਰਾ ਜਨੂੰਨ ਬਣ ਗਿਆ।

ਗਰੈਜੂਏਸ਼ਨ ਦੌਰਾਨ ਕੀਤੀ ਮਿਹਨਤ ਦਾ ਫਲ ਮਾਸਟਰਜ ਲਈ ਸਕਾਲਰਸ਼ਿਪ ਦੇ ਰੂਪ 'ਚ ਮਿਲਿਆ ਤੇ ਮਾਸਟਰਜ 'ਚ ਕੀਤੀ ਮਿਹਨਤ ਦਾ ਫਲ ਆਸਟ੍ਰੇਲੀਆ ਦੇ ਸ਼ਹਿਰ ਪਰਥ ਦੀ ਮਸ਼ਹੂਰ ਯੂਨੀਵਰਸਿਟੀ ਆਫ ਵੈਸਟਰਨ ਆਸਟ੍ਰੇਲੀਆ ਨੇ ਸਕਾਲਰਸ਼ਿਪ ਦੇ ਰੂਪ 'ਚ ਦਿੱਤਾ। ਜਦੋਂ ਮੈਂ ਆਪਣੇ ਰਿਟਾਇਰ ਹੋ ਚੁੱਕੇ ਪਿਤਾ ਜੀ ਨੂੰ ਦੱਸਿਆ ਕਿ ਮੈਂ ਵਿਦੇਸ਼ ਜਾਣਾ ਤਾਂ ਉਹ ਕਹਿੰਦੇ ਆਪਾ ਇਕ ਛੋਟੇ ਜ਼ਿਮੀਂਦਾਰ ਹਾਂ ਸੋ ਏਨਾ ਖਰਚ ਕਿਵੇਂ ਕਰਾਂਗੇ? ਜਦ ਮੈਂ ਉਹਨਾਂ ਨੂੰ ਦੱਸਿਆ ਕਿ ਯੂਨੀਵਰਸਿਟੀ ਮੇਰਾ ਸਾਰਾ ਖਰਚ



ਚੁੱਕੇਗੀ। ਤਾਂ ਕਿਸੇ ਨੂੰ ਯਕੀਨ ਨਹੀਂ ਸੀ ਆਇਆ। ਪਰ ਸੱਚ ਦੱਸਾਂ ਮੇਰਾ ਇਕ ਪੈਸਾ ਵੀ ਨਹੀਂ ਲੱਗਿਆ ਇੱਥੇ ਆ ਕੇ ਪੜ੍ਹਨ ਲਿਖਣ ਅਤੇ ਰਹਿਣ ਸਹਿਣ ’ਤੇ।



ਪਰਵਿੰਦਰ ਤੋਂ ਰੁਜ਼ਗਾਰ ਬਾਰੇ ਪੁੱਛਣ ਤੇ ਉਹਨਾਂ ਦੱਸਿਆ ਕਿ ਸਭ ਤੋਂ ਪਹਿਲਾਂ ਆਪਣੇ ਆਪ ਨੂੰ ਸਮਝਣਾ ਬਹੁਤ ਜ਼ਰੂਰੀ ਹੁੰਦਾ। ਦੂਜਾ ਉਹ ਭਾਗਾਂ ਵਾਲਾ ਹੁੰਦਾ ਜਿਸ ਨੂੰ ਉਸ ਦੇ ਸ਼ੌਕ ਮੁਤਾਬਿਕ ਕਿੱਤਾ ਮਿਲ ਜਾਵੇ। ਡੀ.ਐਨ.ਏ. ਉੱਤੇ ਕੰਮ ਕਰਨਾ ਮੇਰਾ ਸੌਕ ਸੀ ਪਰ ਹੁਣ ਮੈਨੂੰ ਇਸ ਦੇ ਪੈਸੇ ਮਿਲਦੇ ਹਨ।

ਇੱਥੇ ਜ਼ਿਕਰਯੋਗ ਹੈ ਕਿ ਪਰਵਿੰਦਰ ਨੇ ਆਸਟ੍ਰੇਲੀਆ ਦੀ ਬਹੁਤ ਵੱਡੀ ਸਮੱਸਿਆ ਉੱਤੇ ਕੰਮ ਕੀਤਾ ਤੇ ਜਿਸ ਕਾਰਨ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਹੱਥੋਂ ਸਨਮਾਨ ਵੀ ਹਾਸਲ ਹੋਇਆ। ਉਹਨਾਂ ਦੇ ਦੱਸਣ ਮੁਤਾਬਕ ਆਸਟ੍ਰੇਲੀਆ ਦੇ ਪਸ਼ੂਆਂ ਦੇ ਚਾਰੇ ਵਿਚ ਕੁਝ ਅਜਿਹੇ ਤੱਤ ਸਨ ਜਿਨ੍ਹਾਂ ਕਾਰਨ ਬਹੁਤ ਜ਼ਿਆਦਾ ਮੀਥਨ ਗੈਸ ਬਣਦੀ ਹੈ ਜੋ ਕਿ ਓਜ਼ੋਨ ’ਚ ਹੋਏ ਸੁਰਾਖ ਲਈ ਜ਼ਿੰਮੇਵਾਰ ਹੈ। ਆਸਟ੍ਰੇਲੀਆ ’ਚ ਬਣਦੀ ਕੁੱਲ ਮੀਥਨ ਗੈਸ ਦਾ ਚਾਲੀ ਪ੍ਰਤੀਸ਼ਤ ਹਿੱਸਾ ਇਸ ਚਾਰੇ ਨੂੰ ਖਾ ਕੇ ਇਹ ਜਾਨਵਰ ਬਣਾਉਂਦੇ ਸਨ। ਪਰ ਪਰਵਿੰਦਰ ਦੀ ਮਿਹਨਤ ਸਦਕਾ ਇਸ ’ਤੇ ਕਾਬੂ ਪੈਣਾ ਸ਼ੁਰੂ ਹੋ ਗਿਆ ਹੈ।

ਜਦੋਂ ਕਰੋਨਾ ਦਾ ਕਾਲ ਦੁਨੀਆ ’ਤੇ ਮੰਡਰਾਉਣਾ ਲੱਗਿਆ ਤਾਂ ਪਰਵਿੰਦਰ ਨੂੰ ਫੇਰ ਸੁਭਾਗ ਮਿਲਿਆ ਮਾਨਵਤਾ ਦੀ ਸੇਵਾ ਕਰਨ ਦਾ। ਜਿਸ ਨੂੰ ਉਸ ਨੇ ਖਿੜੇ ਮੱਥੇ ਲੈਂਦਿਆਂ ਦੱਸਿਆ ਕਿ ਕੋਰੋਨਾ ਦਾ ਡੀ.ਐਨ.ਏ. ਕੋਡ ਫਸਲਾਂ ਦੇ ਕੋਡ ਨਾਲੋਂ ਬਹੁਤ ਛੋਟਾ ਕੋਡ ਹੈ ਪਰ ਇਸ ਦਾ ਸਿੱਧਾ ਇਨਸਾਨ ਦੀ ਸਿਹਤ ਨਾਲ ਸੰਬੰਧ ਹੈ ਇਸ ਲਈ ਇਸ ਨੂੰ ਹਲਕੇ ’ਚ ਨਹੀਂ ਲਿਆ ਜਾ ਸਕਦਾ। ਉਸ ਨੇ ਸਖਤ ਮਿਹਨਤ ਕਰਕੇ ਕਰੋਨਾ ਦੇ ਕੋਡ ਨੂੰ ਡੀ ਕੋਡ ਕੀਤਾ।

ਪਰਵਾਰ ਬਾਰੇ ਪੁੱਛਣ ਤੇ ਪਰਵਿੰਦਰ ਦਾ ਕਹਿਣਾ ਹੈ ਕਿ ਮੇਰੀ ਮੰਮੀ ਜੀ ਪਰਿਵਾਰਿਕ ਮਜਬੂਰੀਆਂ ਕਾਰਨ ਬਚਪਨ ’ਚ ਆਪਣੀ ਪੜ੍ਹਾਈ ਪੂਰੀ ਨਹੀਂ ਸਨ ਕਰ ਸਕੇ ਤੇ ਉਹਨਾਂ ਉਸੇ ਵਕਤ ਹੀ ਆਪਣੇ ਆਪ ਨਾਲ ਵਾਅਦਾ ਕੀਤਾ ਸੀ ਕਿ ਮੈਂ ਆਪਣੇ ਸੁਫ਼ਨੇ ਆਪਣੇ ਬੱਚਿਆਂ ਦੇ ਜ਼ਰੀਏ ਪੂਰੇ ਕਰਾਂਗੀ।

ਹਰ ਮਾਂ ਬਾਪ ਵਾਂਗ ਮੇਰੇ ਮਾਂ ਬਾਪ ਦੇ ਸਾਹਮਣੇ ਵੀ ਇੱਕ ਵੱਡੀ ਸਮੱਸਿਆ ਸੀ ਕਿ ਉਹ ਆਪਣੀ ਜ਼ਿੰਦਗੀ ਭਰ ਦੀ ਕਮਾਈ ਆਪਣੇ ਪੁੱਤਰ ਉੱਤੇ ਲਾਉਣ ਜਾਂ ਧੀ ਉੱਤੇ। ਕਿਉਂਕਿ ਇਸ ਵਿੱਚ ਕੋਈ ਦੋ ਰਾਇ ਨਹੀਂ ਹੈ ਕਿ ਸਾਡੇ ਸਮਾਜ ਇਹ ਫਰਕ ਮੁੱਢ ਕਦੀਮ ਤੋਂ ਚੱਲਦਾ ਆਇਆ ਹੈ। ਪਰ ਮੈਂ ਇੱਥੇ ਵੀ ਖੁਸ਼ ਕਿਸਮਤ ਰਹੀ ਤੇ ਮੇਰੇ ਮਾਂ ਬਾਪ ਨੇ ਆਪਣੀ ਧੀ ਉੱਤੇ ਵਿਸ਼ਵਾਸ ਜਤਾਇਆ ਅਤੇ ਮੈਨੂੰ ਹਰ ਥਾਂ ਲੋੜ ਤੋਂ ਵੱਧ ਸਾਥ ਦਿੱਤਾ।

ਮੈਂ ਇੱਥੇ ਵੀ ਭਾਗਾਂ ਵਾਲੀ ਰਹੀ ਹਾਂ ਕੇ ਮੈਨੂੰ ਮੇਰੇ ਸਹਿਪਾਠੀ ਅਮਿਤ ਦਾ ਸਾਥ ਮਿਲਿਆ। ਮੇਰੇ ਮਾਂ ਬਾਪ ਭਾਵੇਂ ਵਿਗਿਆਨ ਦੀ ਭਾਸ਼ਾ ਸਮਝਦੇ ਨਹੀਂ ਪਰ ਫੇਰ ਵੀ ਉਹ ਜਦੋਂ ਮੇਰੀ ਹਰ ਗੱਲ ’ਚ ਹੁੰਗਾਰਾ ਭਰਦੇ ਹਨ ਤਾਂ ਮੇਰੀ ਅੱਧੀ ਜਿੱਤ ਤਹਿ ਹੋ ਜਾਂਦੀ ਹੈ। ਅਮਿਤ ਗਿਆਰ੍ਹਵੀਂ ਕਲਾਸ ’ਚ ਪੜ੍ਹਾਈ ਦੌਰਾਨ ਮੇਰਾ ਮੁਕਾਬਲੇਬਾਜ ਸੀ। ਸੰਜੋਗ ਵੱਸ ਲੰਮੇ ਅੰਤਰਾਲ ਬਾਅਦ ਅਸੀਂ ਫੇਰ ਪਰਦੇਸ ਆ ਮਿਲੇ ਅਤੇ ਜੀਵਨ ਸਾਥੀ ਬਣ ਗਏ।

ਆਪਣੇ ਸ਼ੌਕ ਦਾ ਜਨੂੰਨ ਇਸ ਕਦਰ ਭਾਰੂ ਕਿ ਜਦੋਂ ਮੇਰੇ ਘਰ ਪੁੱਤਰ ਦਾ ਜਨਮ ਹੋਇਆ ਭਾਵੇਂ ਮੈਂ ਛੇ ਮਹੀਨਿਆਂ ਦੀ ਛੁੱਟੀ ਲੈ ਸਕਦੀ ਸੀ ਪਰ ਆਪਣੇ ਸ਼ੁਰੂ ਕੀਤੇ ਕਾਰਜ ਨੂੰ ਨਹੀਂ ਸੀ ਛੱਡ ਸਕਦੀ। ਮੇਰਾ ਮੰਨਣਾ ਹੈ ਕਿ ਤੁਸੀਂ ਆਪਣੇ ਹੱਥੀਂ ਲਾਏ ਬੂਟੇ ਨੂੰ ਉਦੋਂ ਨਹੀਂ ਛੱਡ ਸਕਦੇ ਜਦੋਂ ਉਸ ਨੂੰ ਤੁਹਾਡੀ ਬਹੁਤ ਜ਼ਿਆਦਾ ਲੋੜ ਹੈ। ਸੋ ਮੈਂ ਸਿਰਫ ਪੰਦਰਾਂ ਦਿਨਾਂ ਬਾਅਦ ਆਪਣੀ ਲੈਬ ’ਚ ਸੀ ਤੇ ਤਿੰਨ ਮਹੀਨਿਆਂ ਦਾ ਆਪਣਾ ਬੱਚਾ ਛੱਡ ਵੱਖ-ਵੱਖ ਮੁਲਕਾਂ ’ਚ ਰਿਸਰਚ ਦੀ ਲੱਗੀ ਡਿਊਟੀ ਲਈ ਤੁਰ ਪਈ ਸਾਂ। ਇਹ ਇਕ ਵੱਡਾ ਫੈਸਲਾ ਸੀ ਜੋ ਮੈਂ ਇਕੱਲੀ ਨਹੀਂ ਲੈ ਸਕਦੀ ਸੀ ਅਮਿਤ ਅਤੇ ਮੇਰਾ ਸਹੁਰਾ ਪਰਵਾਰ ਮੇਰੇ ਪਿੱਛੇ ਆ ਖੜ੍ਹਿਆ ਸੀ। ਮੇਰੇ ਮੰਮੀ ਕਹਿੰਦੇ ਸਾਰੀ ਉਮਰ ਪਛਤਾਉਣ ਨਾਲੋਂ ਤੈਨੂੰ ਆਪਣੇ ਮਿਸ਼ਨ ਤੇ ਜਾਣਾ ਚਾਹੀਦਾ ਹੈ। ਮੇਰੇ ਮਨ ਵਿੱਚ ਇਹ ਸੀ ਕੀ ਮੇਰਾ ਪੁੱਤਰ ਵੱਡਾ ਹੋ ਕੇ ਕੀ ਸੋਚੇਗਾ ਕਿ ਮੇਰੀ ਮਾਂ ਮੈਨੂੰ ਏਨੇ ਛੋਟੇ ਨੂੰ ਛੱਡ ਪਰਦੇਸ ਆਪਣੇ ਮਿਸ਼ਨ ਤੇ ਚਲੀ ਗਈ। ਪਰ ਉਸ ਵਕਤ ਮੇਰੇ ਮਾਂ ਬਾਪ ਨੇ ਸਮਝਾਇਆ ਕਿ ਉਹ ਵੱਡਾ ਹੋ ਕੇ ਤੇਰੇ ਤੇ ਮਾਨ ਕਰੇਗਾ। ਇਹ ਸੱਚ ਵੀ ਹੋ ਰਿਹਾ ਮੇਰੇ ਸਾਰੇ ਵੱਡੇ ਮਾਰ੍ਹਕੇ ਉਸੇ ਵਕਤ ਮੈਨੂੰ ਮਿਲੇ। ਜੇਕਰ ਮੇਰਾ ਪਰਵਾਰ ਮੈਨੂੰ ਹੱਲਾਸ਼ੇਰੀ ਨਾ ਦਿੰਦਾ ਸ਼ਾਇਦ ਮੈਂ ਹਾਸਲ ਨਾ ਕਰ ਪਾਉਂਦੀ। ਤਿੰਨ ਮਹੀਨੇ ਬਾਅਦ ਜਦ ਮੈਂ ਘਰ ਵਾਪਸ ਆਈ ਤਾਂ ਮੇਰੇ ਪੁੱਤਰ ‘ਅਕਸ਼ਰ’ ਨੇ ਮੈਨੂੰ ਪਛਾਣਿਆ ਤੱਕ ਨਹੀਂ ਸੀ। ਇੱਕ ਮਾਂ ਲਈ ਇਹ ਪਲ ਬਹੁਤ ਔਖੇ ਹੁੰਦੇ ਹਨ। ਪਰ ਕੁਝ ਪਾਉਣ ਲਈ ਗੁਆਉਣ ਤਾਂ ਪੈਂਦਾ ਹੀ ਹੈ। ਪਰ ਉਸ ਤੋਂ ਬਾਅਦ ਮੈਂ ਆਪਣੇ ਪੁੱਤਰ ਨੂੰ ਹਰ ਥਾਂ ਨਾਲ ਰੱਖਿਆ। ਜਦੋਂ ਉਹ ਹਾਲੇ ਏ ਬੀ ਸੀ ਵੀ ਨਹੀਂ ਸੀ ਜਾਣਦਾ ਪਰ

ਮੇਰੇ ਨਾਲ ਲੈਕਚਰ ਸੁਣਦਾ ਕਾਨਫਰੈਂਸ ਤੇ ਜਾਂਦਾ, ਕਲਾਸਾਂ ਲਾਉਂਦਾ। ਇਹ ਤਾਂ ਸ਼ੁੱਕਰ ਹੈ ਇਸ ਮੁਲਕ ਦਾ ਜੋ ਇੱਕ ਮਾਂ ਦੀ ਇਸ ਜੱਦੋ ਜਹਿਦ ਨੂੰ ਸਮਝਦੇ ਹੋਏ ਹਰ ਹਾਲਾਤ ਵਿੱਚ ਸਹਿਯੋਗ ਦਿੰਦਾ ਹੈ। ਅੱਜ ਗਿਆਰਾਂ ਵਰ੍ਹਿਆਂ ਦਾ ਮੇਰੇ ਪੁੱਤਰ 'ਚੋਂ ਮੈਨੂੰ ਜਦੋਂ ਪਰਪੱਕਤਾ ਦਿਸਦੀ ਹੈ ਤਾਂ ਮਹਿਸੂਸ ਹੁੰਦਾ ਹੈ ਕਿ ਮਿਹਨਤ ਅਜਾਈਂ ਨਹੀਂ ਗਈ।

ਪਰਵਿੰਦਰ ਦਾ ਭਰਾ ਵੀ ਭੈਣ ਦੀਆਂ ਪੈੜਾਂ ਨੱਪਦਾ, ਵਜ਼ੀਫੇ ਲੈਂਦਾ ਆਸਟ੍ਰੇਲੀਆ ਆ ਪੁੱਜਿਆ। ਉਹ ਵੀ ਅੱਜਕੱਲ੍ਹ ਪੱਛਮੀ ਆਸਟ੍ਰੇਲੀਆ ਵਿੱਚ ਇੱਕ ਕੌਂਸਲਰ ਵਜੋਂ ਆਪਣੀਆਂ ਸੇਵਾਵਾਂ ਨਿਭਾ ਰਿਹਾ ਹੈ। ਅੱਜ ਦੋਨੋਂ ਪਰਿਵਾਰ ਪਰਥ ਵਿਖੇ ਨਾਲ-ਨਾਲ ਘਰ ਪਾ ਕੇ ਇਕ ਸਾਂਝੇ ਪਰਿਵਾਰ ਵਾਂਗ ਵਿਚਰ ਰਹੇ ਹਨ।

ਪਰਵਿੰਦਰ ਇਕ ਬਹੁਤ ਹੀ ਖ਼ੂਬ-ਸੂਰਤ ਅਤੇ ਖ਼ੂਬ-ਸੀਰਤ ਵਾਲੀ ਕੁੜੀ ਹੈ। ਇਹ ਵੀ ਨਹੀਂ ਕਹਿ ਸਕਦੇ ਕਿ ਉਹ ਆਧੁਨਿਕ ਨਹੀਂ ਹੈ, ਉਹ ਨਵੇਂ ਖਿਆਲਾਂ ਦੀ ਹੈ, ਮਰਜ਼ੀ ਨਾਲ ਬਣਦੀ ਸੰਵਰਦੀ ਹੈ, ਮਰਜ਼ੀ ਦੇ ਕੱਪੜੇ ਪਾਉਂਦੀ ਹੈ, ਉਸ ਨੂੰ ਪੇਕਿਆਂ ਨੇ ਆਜ਼ਾਦੀ ਦਿੱਤੀ, ਉਸ ਦੇ ਸਹੁਰਿਆਂ ਨੇ ਉਸ ਦੀ ਆਜ਼ਾਦੀ ਬਰਕਰਾਰ ਰੱਖੀ ਪਰ ਉਸ ਨੇ ਉਸ ਆਜ਼ਾਦੀ ਨੂੰ ਮਾਣਿਆ ਨਾ ਕਿ ਉਸ ਦਾ ਨਾਜ਼ਾਇਜ ਫਾਇਦਾ ਚੁੱਕਿਆ। ਪਰ ਉਸ ਨੇ ਕਦੇ ਸਸਤੀ ਸ਼ੁਹਰਤ ਦਾ ਰਾਹ ਨਹੀਂ ਚੁਣਿਆ। ਉਹ ਇਕ ਪਹਿਲੇ ਸਫ਼ਿਆਂ ਦੀ ਵਿਗਿਆਨੀ ਬਣੀ ਪਰ ਨਾ ਤਾਂ ਉਹ ਰੱਬ ਨੂੰ ਭੁੱਲੀ ਹੈ ਨਾ ਵਿਰਸੇ ਨੂੰ। ਵਿਗਿਆਨ ਦੇ ਨਾਂ ਤੇ ਰੱਬ ਤੋਂ ਮੁਨਕਰ ਹੋਣਾ ਸਹੀ ਰਾਹ ਨਹੀਂ ਹੈ। ਸਗੋਂ ਜੋ ਸਾਡੇ ਗ੍ਰੰਥਾਂ 'ਚ ਪਹਿਲਾਂ ਤੋਂ ਹੀ ਦਰਜ ਹੈ ਵਿਗਿਆਨ ਉਸੇ ਨੂੰ ਹੀ ਆਪਣਾ ਅਧਾਰ ਬਣਾ ਕੇ ਚੱਲ ਰਿਹਾ ਹੈ। ਸਾਨੂੰ ਮੰਨਣਾ ਪੈਣਾ ਹੈ ਕਿ ਦੁਨੀਆ 'ਤੇ ਕੋਈ ਤਾਂ ਸਿਰਮੌਰ ਤਾਕਤ ਹੈ ਜੋ ਇਹ ਸਭ ਚਲਾ ਰਹੀ ਹੈ। ਵਿਰਸੇ ਨੂੰ ਸਾਂਭਣ ਲਈ ਪਰਵਿੰਦਰ ਤੁਹਾਨੂੰ ਕਦੇ ਪਰਥ 'ਚ ਹੁੰਦੇ ਸਭਿਆਚਾਰਕ ਪ੍ਰੋਗਰਾਮ 'ਚ ਹਿੱਸਾ ਲੈਂਦੀ ਦਿਖਾਈ ਦੇਵੇਗੀ ਕਦੇ ਰੇਡੀਓ 'ਤੇ ਮੇਜਬਾਨੀ ਕਰਦੀ ਸੁਣਾਈ ਦੇਵੇਗੀ।

ਯੂਨੀਵਰਸਿਟੀ ਵਿੱਚ ਇੱਕ ਸਹਾਇਕ ਪ੍ਰੋਫੈਸਰ ਵਜੋਂ ਕੰਮ ਕਰਦਿਆਂ ਉਸ ਨੇ ਨਾਲ-ਨਾਲ ਸਰਕਾਰੇ ਦਰਬਾਰੇ ਵੀ ਆਪਣੀ ਹਾਜ਼ਰੀ ਲਗਵਾਉਣੀ ਸ਼ੁਰੂ ਕੀਤੀ। ਜਿਸ ਦੌਰਾਨ ਉਸ ਨੂੰ ਆਸਟ੍ਰੇਲੀਆ ਦੇ ਪ੍ਰਧਾਨ ਮੰਤਰੀ ਤੋਂ ਲੈ ਕੇ ਬਹੁਤ ਸਾਰੇ ਮੰਤਰੀਆਂ ਅਤੇ ਵੱਡੇ ਮਹਿਕਮਿਆਂ 'ਚ ਕੰਮ ਕਰਨ ਦਾ ਮੌਕਾ ਮਿਲਿਆ। ਉਹਨਾਂ ਦੀਆਂ ਇਹਨਾਂ ਰੁਚੀਆਂ ਨੂੰ ਦੇਖਦੇ ਹੋਏ ਪੱਛਮੀ ਆਸਟ੍ਰੇਲੀਆ ਦੀ ਲੇਬਰ ਪਾਰਟੀ ਨੇ ਉਹਨਾਂ ਨੂੰ ਉਤਲੇ ਸਦਨ ਲਈ ਆਪਣਾ ਨੁਮਾਇੰਦਾ ਬਣਾਉਂਦੇ ਹੋਏ ਟਿਕਟ ਦਿੱਤੀ। ਜਿਸ ਨੂੰ ਉਹ ਅਸਾਨੀ ਨਾਲ ਜਿੱਤਣ 'ਚ ਕਾਮਯਾਬ ਹੋਏ। ਸੌਂਹ ਚੁੱਕਣ ਤੋਂ ਪਹਿਲਾਂ ਹੀ ਉਹਨਾਂ ਨੇ ਇੱਕ ਮਨਸ਼ਾ ਜ਼ਾਹਿਰ ਕਰਦੇ ਹੋਏ ਕਿਹਾ ਕਿ ਉਹ ਇੱਕ ਸਿਆਸਤਦਾਨ ਨਾਲੋਂ ਦੁਨੀਆ ਦਾ ਸਭ ਤੋਂ ਚੰਗਾ ਸਾਂਸਦ ਬਣਨ 'ਚ ਵਿਸ਼ਵਾਸ ਰੱਖਦੇ ਹਨ।

ਅਖੀਰ 'ਚ ਪਰਵਿੰਦਰ ਕੌਰ ਨੇ ਜੋ ਸੁਨੇਹਾ ਦਿੱਤਾ ਉਹ ਇਹ ਸੀ ਕਿ ਆਪਣਾ ਇਕ ਨਿਸ਼ਾਨਾ ਮਿਥੋ, ਉਸ ਤੇ ਧਿਆਨ ਕੇਂਦਰਿਤ ਕਰ ਲਵੋ ਤੇ ਜਦੋਂ ਤੁਸੀਂ ਉਸ ਨੂੰ ਹਾਸਲ ਕਰ ਲਵੋ ਤਾਂ ਹੋਰ ਵੀ ਨਿਮਰ ਹੋ ਜਾਓ। ਕਿਉਂਕਿ ਇਹੋ ਜਿਹੀ ਕਾਮਯਾਬੀ ਕਦੇ ਵੀ ਆਲੇ ਦੁਆਲੇ ਦੇ ਸਹਿਯੋਗ ਬਿਨਾ ਨਹੀਂ ਮਿਲ ਸਕਦੀ। ਸੋ ਵਾਹਿਗੁਰੂ ਸਮੇਤ ਸਭ ਦਾ ਸ਼ੁਕਰਗੁਜਾਰ ਹੋਣਾ ਹੀ ਕਾਮਯਾਬੀ ਦਾ ਅਸਲ ਸ਼ਿਖਰ ਹੈ। ਸੋ ਇਹ ਸੀ ਪ੍ਰੋ. ਪਰਵਿੰਦਰ ਕੌਰ (ਡਾ.) ਦੀ ਵੱਡੀ ਕਾਮਯਾਬੀ ਦਾ ਸੰਖੇਪ ਵਰਣਨ।

* * *



ਗੀਤ

## ਦੁਆ ਕਰਕੇ ਵੇਖੀਂ

ਬਲਦੇਵ ਰਾਜ 'ਕੋਮਲ', 98728-08030

ਦੁਆ ਕਰਕੇ ਵੇਖੀਂ ਦਵਾ ਕਰਨ ਵਾਲੇ।
ਸੁਣੇਗਾ ਉਹ ਤੇਰੀ ਸਦਾ ਕਰਨੇ ਵਾਲੇ।

ਤੂੰ ਕਿਸ ਤੇ ਭਰੋਸਾ ਕਰੇਂਗਾ ਦਿਲਾ ਹੁਣ,
ਤੇਰੇ ਯਾਰ ਹੀ ਨੇ ਜਫਾ ਕਰਨੇ ਵਾਲੇ।

ਇਹ ਵਾਅਦਾ ਹੈ ਮੇਰਾ ਕਦੇ ਨਾ ਕਦੇ ਤਾਂ,
ਮਿਲਾਂਗਾ ਮੈਂ ਤੈਨੂੰ ਜੁਦਾ ਕਰਨੇ ਵਾਲੇ।

ਵਕਤ ਆਖਰੀ ਹੈ ਮੇਰੀ ਇਲਤਜਾ ਹੈ,
ਭਲਾ ਹੋਵੇ ਤੇਰਾ ਬੁਰਾ ਕਰਨੇ ਵਾਲੇ।

ਗੁਰੂ ਨੂੰ ਸਿਰਾਂ ਦੀ ਜਦੋਂ ਸੀ ਜ਼ਰੂਰਤ,
ਕਿ ਨਿੱਤਰੇ ਸੀ ਵਿਰਲੇ ਅਤਾ ਕਰਨੇ ਵਾਲੇ।

ਤੇਰੇ ਸਭ ਗੁਨਾਹਾਂ ਨੂੰ ਮੌਲਾਂ ਵੀ ਬਖ਼ਸ਼ੇ,
ਮੁਹੱਬਤ ਜਤਾ ਕੇ ਦਗਾ ਕਰਨੇ ਵਾਲੇ।

ਜੇ ਮੇਰੀ ਵਫ਼ਾ ਤੇ ਭਰੋਸਾ ਨਹੀਂ ਹੈ,
ਵੇਖੀਂ ਆਜਮਾ ਕੇ ਗਿਲਾ ਕਰਨੇ ਵਾਲੇ।


ਜ਼ਮਾਨਾ ਭੀ ਕੈਸਾ ਜ਼ਮਾਨਾ ਹੈ 'ਕੋਮਲ',
ਵਫਾ ਭਾਲਦੇ ਨੇ ਜਫਾ ਕਰਨੇ ਵਾਲੇ।



# ਪੰਜਾਬ ਦਾ ਗੋਰਕੀ
# ਡਾ. ਨਿਰਮਲ ਸਿੰਘ ਲਾਂਬੜਾ

ਡਾ. ਰਾਮ ਮੂਰਤੀ, 9417449665

ਡਾ. ਨਿਰਮਲ ਸਿੰਘ ਲਾਂਬੜਾ ਨੇ ਮਾਲਵੇ 'ਚੋਂ ਆ ਕੇ ਇਥੇ ਸਾਡੇ ਦੁਆਬੇ ਵਿਚ ਆਪਣੀ ਪੈਂਠ ਬਣਾ ਲਈ ਹੈ। ਇਹ ਵਿਚਾਰ ਜਦੋਂ ਪਹਿਲਾਂ ਪਹਿਲ ਮੇਰੇ ਮਨ ਵਿਚ ਆਉਂਦਾ ਤਾਂ ਮੇਰੇ ਮਨ 'ਚ ਉਸ ਪ੍ਰਤੀ ਥੋੜ੍ਹੀ ਜਿਹੀ ਈਰਖਾ ਪੈਦਾ ਹੋ ਜਾਂਦੀ। ਮੇਰੇ ਪਹਿਲਾਂ ਪਹਿਲਾਂ ਦੇ ਸਾਹਿਤਕਾਰ ਸਾਥੀਆਂ ਦੇ ਵਿਚਾਰ ਵੀ ਉਸ ਪ੍ਰਤੀ ਕੁਝ ਇਹੋ ਜਿਹੇ ਹੀ ਸਨ ਤੇ ਅਸੀਂ ਆਪਸ ਵਿਚ ਬੈਠ ਕੇ ਉਸ ਦੀ ਵਾਹਵਾ ਨਿੰਦਿਆ-ਚੁੰਗਲੀ ਕਰਦਿਆਂ ਆਪਣੇ ਮਨ ਦਾ ਭਾਰ ਹੌਲਾ ਕਰਦੇ ਰਹਿੰਦੇ ਜਾਂ ਕਹਿ ਲਉ ਉਸ ਦੀਆਂ ਪ੍ਰਾਪਤੀਆਂ ਨੂੰ ਵੇਖ ਕੇ ਉਬਲਦੀ ਪਤੀਲੀ ਵਾਂਗ ਆਪਣੇ ਹੀ ਕੰਢੇ ਲੂੰਹਦੇ ਰਹਿੰਦੇ। ਪਰ ਸਾਡੀਆਂ ਉਸ ਖਿਲਾਫ਼ ਵਿੱਢੀਆਂ ਗੋਸ਼ਟਾਂ ਦਾ ਉਸ ਨੂੰ ਕੀ ਫਰਕ ਪੈਣਾ ਸੀ? ਉਹ ਆਪਣੀ ਸਹਿਜ ਤੋਰੇ ਤੁਰਿਆ ਗਿਆ। ਉਂਝ ਉਸ ਵੱਲੋਂ ਰਚਾਏ ਜਾਂਦੇ ਸਮਾਗਮਾਂ ਵਿਚ ਅਸੀਂ ਸ਼ਿਰਕਤ ਵੀ ਕਰਦੇ ਰਹੇ ਅਤੇ ਵਾਘਿਉਂ ਪਾਰੋਂ ਆਏ ਇਲਿਆਸ ਘੁੰਮਣ, ਬਾਬਾ ਨਜਮੀਂ ਵਰਗੇ ਸਾਹਿਤਕਾਰਾਂ ਦੇ ਦਰਸ਼ਨ-ਦੀਦਾਰੇ ਵੀ ਕਰਦੇ ਰਹਿੰਦੇ। ਬਕੌਲ ਸ. ਸੰਤ ਸੰਧੂ ਸਾਹਿਬ ਤੇ ਬਕੌਲ ਸ. ਮੋਤਾ ਸਿੰਘ ਸਰਾਏ ਮੈਨੂੰ ਡਾ. ਨਿਰਮਲ ਸਿੰਘ ਲਾਂਬੜਾ ਦੀ ਸੰਗਤ ਕਰਨ ਦਾ ਤੇ ਉਨ੍ਹਾਂ ਨੂੰ ਸੁਣਨ ਦਾ ਜਦੋਂ ਅਵਸਰ ਪ੍ਰਾਪਤ ਹੋਇਆ ਤਾਂ ਉਨ੍ਹਾਂ ਬਾਰੇ ਮੇਰੇ ਮਨ-ਮਸਤਿਕ ਵਿਚ ਬਣੀਆਂ ਅਨੇਕਾਂ ਭ੍ਰਾਂਤੀਆਂ ਕੜੱਚ ਦੇਣੀ ਟੁੱਟ ਗਈਆਂ। ਇਹ ਗੱਲ ਸਾਫ਼ ਹੋ ਗਈ ਕਿ ਡਾ. ਨਿਰਮਲ ਸਿੰਘ ਨੇ ਮਾਲਵੇ ਤੋਂ ਆ ਕੇ ਤੇ ਦੁਆਬੇ ਵਿਚ ਵਸ ਕੇ ਸਾਡਾ ਕੁਝ ਚੁੱਕਿਆ ਚੁਕਾਇਆ ਨਹੀਂ ਸਗੋਂ ਆਪਣੀ ਹਾਜ਼ਰੀ ਨਾਲ ਇਸ ਖਿੱਤੇ ਨੂੰ ਦਿੱਤਾ ਬੜਾ ਕੁੱਝ ਹੈ। ਹੁਣ ਜਦੋਂ 'ਸਾਡਾ ਦੁਆਬਾ' ਦੀ ਬੌਣੀ ਸੋਚ ਤੋਂ ਉੱਪਰ ਉੱਠ ਕੇ ਡਾ. ਨਿਰਮਲ ਸਿੰਘ ਨੂੰ ਦੇਖਿਆ ਹੈ ਤਾਂ ਉਹ ਮੈਨੂੰ ਪੂਰੇ ਪੰਜਾਬ ਦਾ ਇਕ ਨਾਯਾਬ ਮੋਤੀ ਦਿੱਸਿਆ ਹੈ ਜਿਸ ਨੇ ਆਪਣੀ ਚਮਕ ਤੇ ਰੌਸ਼ਨੀ ਨਾਲ ਸਾਨੂੰ ਪੰਜਾਬੀਆਂ ਨੂੰ ਇਕ ਨਵੀਂ-ਨਕੋਰ ਦਿਸ਼ਾ ਪ੍ਰਦਾਨ ਕੀਤੀ ਹੈ।



ਡਾ. ਨਿਰਮਲ ਸਿੰਘ ਲਾਂਬੜਾ ਨੇ ਸਾਨੂੰ ਇਕ ਨਵਾਂ-ਸੰਕਲਪ ਦਿੱਤਾ ਹੈ ਜੋ ਪੰਜਾਬ ਦੇ ਸੱਭਿਆਚਾਰਕ ਇਤਿਹਾਸ ਵਿਚ ਉਨ੍ਹਾਂ ਦੇ ਨਾਂ ਲੱਗਣਾ ਹੈ। ਇਹ ਹੈ 'ਸੱਥ' ਦਾ ਸੰਕਲਪ। ਹਾਂ, ਤੁਸੀਂ ਕਹਿ ਸਕਦੇ ਹੋ ਕਿ ਇਹ ਕੋਈ ਨਵਾਂ ਸੰਕਲਪ ਨਹੀਂ, ਸਾਡੇ ਬਜ਼ੁਰਗ ਸੱਥਾਂ ਵਿਚ ਆਦਿ-ਜੁਗਾਦਿ ਤੋਂ ਜੁੜਦੇ ਹੀ ਆਏ ਹਨ; ਤੁਹਾਡੀ ਇਹ ਗੱਲ ਬਿਲਕੁਲ ਠੀਕ ਹੈ ਲੇਕਿਨ ਡਾ. ਨਿਰਮਲ ਸਿੰਘ ਨੇ ਸੱਥ ਦਾ ਇਹ ਸੰਕਲਪ ਪਿੰਡ ਦੀ ਜੂਹ 'ਚੋਂ ਚੁੱਕ ਕੇ ਸਾਡੇ-ਤੁਹਾਡੇ ਵਰਗੇ ਅਖੌਤੀ ਪਾੜ੍ਹਿਆਂ ਅਤੇ ਹਿਰਸੀ ਵਿਦਵਾਨਾਂ ਵਿਚ ਲਿਆ ਧਰਿਆ ਹੈ। ਕਾਲਜਾਂ, ਯੂਨੀਵਰਸਿਟੀਆਂ, ਸਾਹਿਤ-ਸਭਾਵਾਂ ਅਤੇ ਲੇਖਕਾਂ ਦੀਆਂ ਆਪਸੀ ਗੁੱਟਬੰਦੀਆਂ, ਧਰਮਾਂ-ਮਜ਼ਹਬਾਂ, ਜਾਤਾਂ-ਗੋਤਾਂ ਦੀਆਂ ਕੰਧਾਂ ਸਾਨੂੰ ਇਕ ਥਾਂ ਬੈਠ ਕੇ ਪੰਜਾਬ ਦੇ ਭਲੇ ਲਈ ਕੁਝ ਕਰ-ਗੁਜ਼ਰਨ ਤੋਂ ਰੋਕੀ ਬੈਠੀਆਂ ਸਨ। ਇਸ ਮਾਹੌਲ ਵਿਚ ਇਸ ਬਾਬੇ ਨੇ ਸਾਡੇ ਦਰਮਿਆਨ ਆ ਕੇ ਸੱਥ ਦਾ ਦੀਵਾ ਜਗਾ ਦਿੱਤਾ। ਜਿਵੇਂ ਪਿੰਡ ਦੀ ਸੱਥ ਵਿਚ ਹਰ ਕੋਈ ਆ ਸਕਦਾ ਹੈ-ਆਸਤਕ, ਨਾਸਤਕ, ਖੱਤ੍ਰੀ-ਬ੍ਰਾਹਮਣ, ਸੂਦ-ਵੈਸ਼, ਸੱਜੇ-ਪੱਖੀ, ਖੱਬੇ-ਪੱਖੀ, ਸੱਥ ਵਿਚ ਸਭ ਦਾ ਸੁਆਗਤ ਹੈ। ਪੰਜਾਬ ਲਈ ਇਹ ਇਕ ਨਵੀਂ ਪਿਰਤ ਸੀ। ਅਸੀਂ ਇਸ ਪਿਰਤ ਨੂੰ ਤੇ ਸੱਥ ਦੀ ਇਸ ਰਹਿਤਲ ਨੂੰ ਮਾਣਿਆ ਹੈ। ਇਸ ਦੀ ਪ੍ਰੇਮ-ਵਿਭੂਤੀ ਵਿਚ ਨਹਾ ਕੇ ਗਦ ਗਦ ਹੋਏ ਹਾਂ। ਸੱਥ ਦਾ ਇਹ ਸੰਕਲਪ ਤੇ ਮਨੋਰਥ ਜਦੋਂ ਮੈਨੂੰ ਸਮਝ ਆਇਆ ਤਾਂ ਉਦੋਂ ਹਾਲੇ ਬਹੁਤੀ ਦੇਰ ਨਹੀਂ ਸੀ ਹੋਈ। ਮੈਂ ਡੁੱਲ੍ਹੇ ਬੇਰਾਂ ਨੂੰ ਸਮੇਟ ਕੇ ਆਪਣੀ ਝੋਲੀ ਪਾ ਲਿਆ ਤੇ 'ਸਾਡਾ ਦੁਆਬਾ' ਦੀ ਸੰਕੀਰਣ ਸੋਚ ਤੋਂ ਉੱਪਰ ਉੱਠ ਕੇ 'ਸਾਡਾ ਪੰਜਾਬ' ਤੇ ਸਾਡਾ ਡਾ. ਨਿਰਮਲ ਸਿੰਘ ਲਾਂਬੜਾ ਦੀ ਵਿਸ਼ਾਲਤਾ ਨਾਲ ਜੁੜ ਗਿਆ।

ਹੁਣ ਮੈਂ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਮੈਂ ਡਾ. ਸਾਹਿਬ ਦੀ ਸੰਗਤ ਵਿਚ ਚੋਖਾ ਸਮਾਂ ਬਿਤਾਇਆ ਹੈ ਤੇ ਇਸ ਨਿਰਛਲ ਤੇ ਨਿਰਕਪਟ ਰੂਹ ਦੇ ਨੇੜਿਉਂ ਦਰਸ਼ਨ-ਦੀਦਾਰੇ ਕੀਤੇ ਹਨ। ਉਸ ਨੇ ਆਪਣੀ ਆਮਦ ਨਾਲ ਦੁਆਬੇ ਨੂੰ ਇਕ ਖ਼ੂਬਸੂਰਤ ਸਕੂਲ 'ਬਾਬਾ ਖੁਸ਼ਹਾਲ ਸਿੰਘ ਸੀਨੀਅਰ ਸੈਕੰਡਰੀ ਸਕੂਲ ਲਾਂਬੜਾ' ਦਿੱਤਾ ਹੈ ਜਿਸ ਵਿਚੋਂ ਹਰ ਸਾਲ ਸੈਂਕੜੇ ਬੱਚੇ ਵਿੱਦਿਆ ਹਾਸਲ ਕਰਕੇ ਜਿਊਣ ਜੋਗੇ ਹੋ ਰਹੇ ਹਨ। ਉਸ ਨੇ ਇਕ ਵਿਰਾਸਤੀ ਅਜਾਇਬ ਘਰ ਬਣਾਇਆ ਹੈ ਜਿਸ ਦੀ ਜ਼ਿਆਰਤ ਕਰਦਿਆਂ ਤੁਸੀਂ ਪੰਜਾਬ ਦੀ ਪੁਰਾਤਨ ਰਹਿਤਲ ਨਾਲ ਨੇੜਿਉਂ ਜੁੜ ਸਕਦੇ ਹੋ। ਉਸਨੇ ਸੱਥ ਨੂੰ ਵਿਸ਼ਵ ਪੱਧਰ 'ਤੇ ਉਭਾਰਿਆ ਹੈ ਜਿਸ ਵਿਚੋਂ ਇਕ ਨਿਵੇਕਲੀ ਕਿਸਮ ਦਾ ਪ੍ਰਕਾਸ਼ਨ ਇਦਾਰਾ ਪੈਦਾ ਹੋਇਆ ਹੈ 'ਪੰਜਨਦ' ਜਿਸ ਤਹਿਤ ਅੱਜ ਪੰਜਾਬੀ ਬੋਲੀ ਦੇ ਸੈਂਕੜੇ ਨਹੀਂ, ਹਜ਼ਾਰਾਂ ਟਾਈਟਲ ਛਪ ਚੁੱਕੇ ਹਨ।

ਡਾ. ਨਿਰਮਲ ਸਿੰਘ ਲਾਂਬੜਾ ਦੇ 'ਪੰਜਾਬੀ ਸੱਥ' ਦੇ ਸੰਕਲਪ ਨੂੰ ਉਦੋਂ ਹੋਰ ਵੀ ਹੁਲਾਰਾ ਮਿਲਿਆ ਜਦੋਂ ਦੇਵਨੇਤ ਉਸ ਦਾ ਮਿਲਾਪ ਦੁਆਬੇ ਦੇ ਪਿੰਡ ਭੰਗਾਲਾ ਦੇ ਜੰਮਪਲ ਤੇ ਯੂ.ਕੇ. ਦੇ ਵਸਨੀਕ ਸ. ਮੋਤਾ ਸਿੰਘ ਸਰਾਏ

ਨਾਲ ਹੋਇਆ। ਇਹ ਜੋੜੀ ਇਵੇਂ ਮਿਲੀ ਜਿਵੇਂ ਕਾਰਲ ਮਾਰਕਸ ਨੂੰ ਏਂਗਲਜ਼ ਮਿਲਦਾ ਹੈ ਤੇ ਰੂਸ ਦੇ ਇਨਕਲਾਬ ਦਾ ਮੁੱਢ ਬੱਝਦਾ ਹੈ। ਇਨ੍ਹਾਂ ਦੋ ਹਸਤੀਆਂ ਦੇ ਮਿਲਾਪ ਨਾਲ ਪੰਜਾਬੀ ਸੱਥ ਦੇ ਇਤਿਹਾਸ ਵਿਚ ਵੀ ਜਿਵੇਂ ਇਕ ਕਰਾਂਤੀ ਆ ਗਈ, ਇਕ ਇਨਕਲਾਬ ਆ ਗਿਆ। ਸ. ਮੋਤਾ ਸਿੰਘ ਸਰਾਏ ਨੇ ਡਾ. ਨਿਰਮਲ ਸਿੰਘ ਦੀ 'ਸੱਥ' ਦੇ ਪੰਘੂੜੇ ਵਿਚ ਨਵੇਂ ਰੰਗ ਭਰੇ, ਨਿਵੇਕਲੀ ਤਾਸੀਰ ਦਿੱਤੀ ਤੇ ਇਹ ਪੰਘੂੜਾ ਵਿਸ਼ਵ ਭਰ ਵਿਚ ਬੈਠੇ ਪੰਜਾਬੀ ਮਾਂ ਬੋਲੀ ਦੇ ਪੁੱਤਰਾਂ ਨੂੰ ਝੂਟੇ ਦੇਣ ਲੱਗ ਪਿਆ। ਬਕੌਲ ਸ. ਮੋਤਾ ਸਿੰਘ ਸਰਾਏ ਸੱਥ ਦਾ ਪਰਚਮ ਪੂਰੀ ਦੁਨੀਆਂ ਵਿਚ ਲਹਿਰਾ ਗਿਆ ਤੇ ਸੱਥ ਨਾਲ ਜੁੜ ਕੇ ਇਹ ਵੱਡਾ ਬੰਦਾ ਹੋਰ ਵੀ ਵੱਡਾ ਹੋ ਗਿਆ।

ਇਸ ਪੁਸਤਕ ਦੀ ਗੱਲ ਕਰਾਂ ਤਾਂ ਇਸ ਦੇ ਖਰੜੇ ਨੂੰ ਪੜ੍ਹਦਿਆਂ ਮੇਰੇ ਜ਼ਿਹਨ ਵਿਚ ਰੂਸੀ ਲੇਖਕ 'ਮੈਕਸਿਮ ਗੋਰਕੀ' ਦਾ ਨਾਵਲ 'ਮੇਰੇ ਵਿਸ਼ਵਵਿਦਿਆਲੇ' ਘੁੰਮਦਾ ਰਿਹਾ ਤੇ ਇਸ ਨਾਵਲ ਦਾ 'ਪਾਤਰ' ਮੈਨੂੰ ਗੋਰਕੀ ਦੀ ਥਾਂ ਡਾ. ਨਿਰਮਲ ਸਿੰਘ ਲਾਂਬੜਾ ਦਿਸਦਾ ਰਿਹਾ ਜਾਂ ਕਹਿ ਲਉ ਇਹ ਪੁਸਤਕ ਪੜ੍ਹਦਿਆਂ ਮੈਨੂੰ ਡਾ. ਨਿਰਮਲ ਸਿੰਘ ਦੀ ਥਾਂ 'ਮੈਕਸਿਮ ਗੋਰਕੀ' ਦਿਸਦਾ ਰਿਹਾ। ਪੁਸਤਕ ਪੜ੍ਹਦਿਆਂ ਤੁਸੀਂ ਦੇਖੋਗੇ ਕਿ ਡਾ. ਨਿਰਮਲ ਸਿੰਘ ਦੇ ਵਿਸ਼ਵਵਿਦਿਆਲੇ ਉਸ ਦੇ ਲੋਕ ਹਨ, ਉਸ ਦੀ ਰਹਿਤਲ ਤੇ ਉਸ ਦਾ ਚੌਗਿਰਦਾ ਹੈ ਜਿਸ ਵਿਚੋਂ ਉਸ ਨੇ ਕੌਮੀ-ਏਕਤਾ, ਭ੍ਰਾਤਰੀਭਾਵ ਅਤੇ ਸਰਵ-ਸਾਂਝੀਵਾਲਤਾ ਦਾ ਪਾਠ ਪੜ੍ਹਿਆ। ਉਸ ਨੇ ਆਪਣੇ ਬਚਪਨ ਵਿਚ ਪੰਜਾਬ ਦੇ ਲੋਕਾਂ ਦੀ ਜੋ ਫਿਰਕੂ-ਸਾਂਝ (Communal Harmony) ਦੇਖੀ ਤੇ ਹੰਢਾਈ, ਉਸ ਦੇ ਵਿਅਕਤਿਤਵ ਨੂੰ ਘੜਨ ਵਿਚ ਉਸ ਦਾ ਚੋਖਾ ਯੋਗਦਾਨ ਰਿਹਾ। ਉਸ ਦਾ ਬਾਪੂ ਤੇ ਉਸ ਦਾ ਤਾਇਆ ਵੀ ਉਸ ਦੇ ਵਿਸ਼ਵਵਿਦਿਆਲੇ ਬਣਦੇ ਹਨ ਜਿਨ੍ਹਾਂ ਤੋਂ ਉਸ ਨੇ ਪੰਜਾਬ ਦੇ ਭੂਗੋਲ, ਇਤਿਹਾਸ ਤੇ ਜਾਤਾਂ-ਗੋਤਾਂ ਬਾਰੇ ਅਮੀਰਤਨ ਗਿਆਨ ਹਾਸਲ ਕੀਤਾ।

ਇਹ ਪੁਸਤਕ ਪੰਜਾਬ ਦੀ ਪੁਰਾਤਨ ਰਹਿਤਲ ਦੀ ਤਸਵੀਰਕਸ਼ੀ ਹੈ ਜਿਥੇ ਹਿੰਦੂ-ਮੁਸਲਿਮ ਤੇ ਸਿੱਖ ਆਪਸੀ ਪਿਆਰ, ਸਹਿਯੋਗ ਤੇ ਸਦਭਾਵਨਾ ਨਾਲ ਆਪਣਾ ਜੀਵਨ ਬਸਰ ਕਰ ਰਹੇ ਸਨ। ਪੰਜਾਬ ਦੀ ਪੱਛੜੀ ਹੋਈ ਪਰ ਖੁਸ਼ਹਾਲ ਖੇਤੀ ਦੀ ਸਜਿੰਦ ਤਸਵੀਰ ਵੀ ਹੈ ਜਿਸ ਵਿਚ ਲੋਕ ਰੱਜ ਕੇ ਖਾਂਦੇ ਤੇ ਹੰਢਾਉਂਦੇ ਹੋਏ ਨਜ਼ਰੀਂ ਪੈਂਦੇ ਹਨ। ਉਸ ਸਮੇਂ ਦੀ ਫ਼ਸਲੀ ਵਿਭਿੰਨਤਾ ਤੇ ਖੇਤੀ ਦੇ ਕੁਦਰਤੀ ਢੰਗ-ਤਰੀਕੇ ਥੋੜ੍ਹੇ ਨੂੰ ਵੀ ਬਹੁਤਾ ਕਰ ਦਿੰਦੇ ਸਨ। ਡਾ. ਨਿਰਮਲ ਸਿੰਘ ਦੇ ਬਚਪਨ ਦਾ ਪਿੰਡ ਇਕ ਸਮਾਜਵਾਦੀ ਕਮਿਊਨ ਨਾਲ ਮੇਲ ਖਾਂਦਾ ਹੈ। ਜਿਥੋਂ ਕੀ ਜ਼ਮੀਨੇ ਤੇ ਕੀ ਬੇ-ਜ਼ਮੀਨੇ ਸਭ ਦੀਆਂ ਲੋੜਾਂ ਸਹਿਜੇ ਹੀ ਪੂਰਨ ਹੋ ਜਾਂਦੀਆਂ ਸਨ। ਉਹ ਸਹਿਜ-ਸੰਤੋਖ਼ ਵਾਲਾ ਜੀਵਨ ਸੀ ਜਿਸ ਵਿਚ ਬਾਲ ਨਿਰਮਲ ਸਿੰਘ ਦਾ ਹਲਵਾਹਕ ਤਾਇਆ ਖੇਤ ਦੀ ਮਿੱਟੀ ਨੂੰ ਆਪਣੇ ਹੱਥਾਂ ਵਿਚ ਭਰ ਕੇ ਉਸ ਨੂੰ ਮੱਥਾ ਟੇਕਣ ਦਾ ਉਪਦੇਸ਼ ਦਿੰਦਾ ਹੈ ਤੇ ਵਾਹਣ ਵਿਚ ਚੌਂਕੜੀ ਮਾਰ ਕੇ ਹੱਥ ਝਾੜ ਕੇ ਘਰੋਂ ਆਈ ਰੁੱਖੀ-ਮਿੱਸੀ ਸਬਰ-ਸੰਤੋਖ਼ ਨਾਲ ਛਕ ਲੈਂਦਾ ਹੈ। ਅਜਿਹੇ ਦ੍ਰਿਸ਼ ਪੜ੍ਹਦਿਆਂ ਤੁਸੀਂ ਭਾਵੁਕ ਹੋਏ ਬਿਨਾਂ ਨਹੀਂ ਰਹਿ ਸਕਦੇ ਤੇ ਅਜੋਕੀ ਹੋਟਲਾਂ-ਰੈਸਟੋਰੈਂਟਾਂ ਦੀ ਸਭ ਕੁਝ ਹੜੱਪ ਕਰ ਜਾਣ ਦੀ ਬੇਵਸਾਹੀ ਤੇ ਹੜਕੰਪ ਵੀ ਬਰਾਬਰ ਰੂਪ ਵਿਚ ਦ੍ਰਿਸ਼ਮਾਨ ਹੁੰਦਾ ਨਜ਼ਰੀਂ ਪੈਂਦਾ ਹੈ ਜਿਥੇ ਭੋਜਨ ਇਕ ਬੰਦਗੀ ਨਾ ਰਹਿ ਕੇ ਵਿਉਪਾਰ ਤੇ ਲਾਭ ਕਮਾਉਣ ਦਾ ਹੀਲਾ ਬਣ ਗਿਆ ਹੈ ਤੇ ਸਾਡੀ ਸਿਹਤ ਦਾ ਵੀ ਸੱਤਿਆਨਾਸ ਕਰ ਰਿਹਾ ਹੈ।

ਡਾ. ਨਿਰਮਲ ਸਿੰਘ ਲਾਂਬੜਾ ਸੱਭਿਅਤਾ ਦੇ ਹੋਏ ਇਸ ਵਿਕਾਸ ਦੇ ਪਿੱਛੇ ਕਦਰਾਂ-ਕੀਮਤਾਂ ਦਾ ਹੋਇਆ ਬਹੁਤ ਵੱਡਾ ਵਿਨਾਸ਼ ਵੀ ਵੇਖਦੇ ਹਨ। ਇਹ ਸੱਚ ਵੀ ਹੈ ਕਿ ਜੀਵਨ ਦੀਆਂ ਵਿਰਾਸਤੀ ਕਦਰਾਂ-ਕੀਮਤਾਂ ਤੇ ਆਪਸੀ ਪ੍ਰੇਮ-ਭਰੱਪਾ ਉਥੇ ਹੀ ਬਚਿਆ ਹੈ ਜਿੱਥੇ ਹਾਲੇ ਵਿਕਾਸ ਦਾ ਦੈਂਤ ਨਹੀਂ ਅੱਪੜਿਆ। ਗੁਰਧਾਮਾਂ ਦੀ ਯਾਤਰਾ ਕਰਨ ਪਾਕਿਸਤਾਨ ਗਿਆ ਲੇਖਕ ਜਦੋਂ ਗ਼ਰੀਬ ਰੇਹੜੀ ਵਾਲੇ ਤੋਂ ਆਪਣੀ ਪਿਆਸ ਬੁਝਾਉਣ ਲਈ ਜੂਸ ਪੀਂਦਾ ਹੈ ਤਾਂ ਉਸ ਗ਼ਰੀਬ ਸਮਝੇ ਜਾਂਦੇ ਮੁਲਕ ਦਾ ਗ਼ਰੀਬ ਬਸ਼ਿੰਦਾ ਲੇਖਕ ਤੋਂ ਪੈਸੇ ਫੜਨ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਮਹਿਮਾਨ-ਨਿਵਾਜ਼ੀ ਦਾ ਆਪਣਾ ਫ਼ਰਜ਼ ਅਦਾ ਕਰਦਿਆਂ ਲੇਖਕ ਨੂੰ ਮੁਫ਼ਤ ਵਿਚ ਜੂਸ ਪਿਆਉਂਦਾ ਹੈ। ਮੁਨਾਫ਼ਾ-ਬਿਰਤੀ ਨੇ ਅੱਜ ਸਾਨੂੰ ਅਜਿਹੀਆਂ ਮਹਾਨ ਜੀਵਨ-ਕੀਮਤਾਂ ਤੋਂ ਵਾਂਝਾ ਕਰ ਦਿੱਤਾ ਹੈ।

ਅਜਿਹੇ ਖ਼ੂਬਸੂਰਤ ਜੀਵਨ ਨੂੰ ਮਾਣਦਿਆਂ ਡਾ. ਨਿਰਮਲ ਸਿੰਘ ਵੱਡਾ ਹੋਇਆ ਤੇ ਉਸ ਦੇ ਵਿਅਕਤਿਤਵ ਦਾ ਨਿਰਮਾਣ ਹੋਇਆ। ਇਸੇ ਦੀ ਬਦੌਲਤ ਅੱਜ ਡਾ. ਸਾਹਿਬ ਕੋਲ ਪੰਜਾਬ ਦੇ ਇਤਿਹਾਸ, ਭੂਗੋਲ, ਸੱਭਿਆਚਾਰ ਤੇ ਪੰਜਾਬੀ ਦੀਆਂ ਉਪਬੋਲੀਆਂ ਬਾਰੇ ਗਿਆਨ ਦਾ ਵੱਡਾ ਜ਼ਖ਼ੀਰਾ ਹੈ। ਪੰਜਾਬ ਦੇ ਇਤਿਹਾਸ ਵਿਚ ਚੱਲੀਆਂ ਤਬਦੀਲੀਆਂ ਦੀਆਂ ਲਹਿਰਾਂ ਦਾ ਵੀ ਉਹ ਹਿੱਸਾ ਰਹੇ ਪਰ ਜਦੋਂ ਇਹ ਲਹਿਰਾਂ ਆਪਣੀਆਂ ਕਮਜ਼ੋਰੀਆਂ ਅਤੇ ਵਿਚਾਰਧਾਰਕ ਕਚਿਆਈਆਂ ਸਦਕਾ ਵਿਫ਼ਲ ਹੋ ਗਈਆਂ ਤਾਂ ਡਾ. ਨਿਰਮਲ ਸਿੰਘ ਨੇ ਇਕ ਨਵਾਂ-ਨਿਵੇਕਲਾ ਰਾਹ ਚੁਣਿਆ ਜੋ ਪੰਜਾਬ ਦੀ ਭ੍ਰਾਤਰੀਭਾਵ ਦੀ ਰਹਿਤਲ ਨੂੰ ਮਜ਼ਬੂਤ ਕਰਨ ਵਾਲਾ ਸੀ। ਇਹ ਰਾਹ ਸੀ 'ਪੰਜਾਬੀ ਸੱਥ' ਦੀ ਸਥਾਪਤੀ ਦਾ। ਉਨ੍ਹਾਂ ਸੱਥ ਦਾ ਇਹ ਬੂਟਾ ਅੱਜ ਤੋਂ ਤੀਹ ਕੁ ਵਰ੍ਹੇ ਪਹਿਲਾਂ ਲਾਇਆ ਜੋ ਅੱਜ ਭਰਪੂਰ ਦਰੱਖ਼ਤ ਬਣ ਚੁੱਕਾ ਹੈ ਤੇ ਉਸਦੀਆਂ ਸ਼ਾਖ਼ਾਵਾਂ ਅੱਜ ਵਿਸ਼ਵ ਭਰ ਵਿਚ ਫੈਲ ਗਈਆਂ ਹਨ। ਇਨ੍ਹਾਂ ਅਰਥਾਂ ਵਿਚ ਉਹ ਮੈਨੂੰ ਪੰਜਾਬ ਦਾ ਗੋਰਕੀ ਲੱਗਦਾ ਹੈ।

ਸ਼ਾਲਾ! ਉਸ ਦੀ ਉਮਰ ਦਰਾਜ਼ ਹੋਵੇ ਤੇ ਉਸ ਦੀ ਸੰਗਤ ਦਾ ਨਿੱਘ ਅਸੀਂ ਲੰਮਾਂ ਸਮਾਂ ਮਾਣਦੇ ਰਹੀਏ। ਇਸ ਆਸ ਨਾਲ ਵਿਦਾ ਲੈਂਦਾ ਹਾਂ। ਆਪ ਸਭ ਦਾ ਖ਼ਾਕਸਾਰ

**ਮਾਂ ਚਾਹੇ ਪੜ੍ਹੀ-ਲਿਖੀ ਨਾ ਹੋਵੇ ਪਰ ਸੰਸਾਰ ਨੂੰ ਦੁਰਲਭ ਗਿਆਨ ਸਾਨੂੰ ਮਾਂ ਤੋਂ ਹੀ ਮਿਲਦਾ ਹੈ।**

# ਸ੍ਰੀ ਗੁਰੂ ਗ੍ਰੰਥ ਸਾਹਿਬ

# ਵਿਲੱਖਣਤਾ ਅਤੇ ਵਿਸ਼ੇਸ਼ਤਾ

ਗੁਰਚਰਨ ਸਿੰਘ ਸੇਕ (ਗੰਗਾ ਨਗਰ)



੧.

ਕ੍ਰਿਸ਼ਨ ਬਣਾਈ ਗੀਤਾ, ਗੁਰੂ ਨਾ ਕਹਾਇ ਸੱਕੀ,
ਗਿਆਨ ਭਰਪੂਰ ਚਾਹੇ, ਉੱਤਮ ਗਰੰਥ ਹੈ।
ਬੁੱਧ ਮਤ, ਜੈਨ ਹਿੰਦੂ, ਪਾਰਸੀ ਤੇ ਈਸਾ ਵਾਲੇ,
ਬਣ ਸੱਕੇ ਗੁਰੂ ਨਾਂਹੀ, ਪਾਵਨ ਗਰੰਥ ਹੈ।
ਕਤੇਬ ਤੇ ਕੁਰਾਨ ਕੀ, ਦੁਨੀਆਂ ਦੇ ਸੱਭੇ ਹੀ,
ਗੁਰੂ ਨਹੀਂ ਬਣੇ ਜਿੰਨੇ, ਧਰਮ ਗਰੰਥ ਹੈ।
ਦਸਵੇਂ ਗੁਰੂ ਨੇ ਹੱਥੀਂ, ਸੇਕ ਗੁਰਿਆਈ ਦਿੱਤੀ,
ਜੱਗ ਵਿਚ ਇਕੋ ਇਕ, "ਗੁਰੂ" ਇਹ ਗ੍ਰੰਥ ਹੈ।

੨.

ਧਰਮਾਂ ਦੇ ਰਹਿਬਰਾਂ ਨੇ, ਹੱਥੀਂ ਨਹੀਂ ਬਾਣੀ ਲਿਖੀ,
ਪੂਜਨੀਕ ਹੈਨ ਭਾਵੇਂ, ਸਾਰੇ ਹੀ ਗਰੰਥ ਨੇ।
ਬਾਈਬਲ ਈਸਾ ਵਾਲੀ, ਤ੍ਰਿਪਟਿਕ ਬੁੱਧ ਜੀ ਦੇ,
ਮਹਾਂਬੀਰ ਨਾਹੀਂ ਲਿਖੇ, ਆਪਣੇ ਗਰੰਥ ਨੇ।
ਕ੍ਰਿਸ਼ਨ ਜੀ ਰਚੀ ਗੀਤਾ, ਕੁਰਾਨ ਮੁਹੰਮਦ ਜੀ ਨੇ।
ਲਿਖੇ ਨਾਹੀ ਆਪ ਹੱਥੀ, ਪਾਵਨ ਗਰੰਥ ਨੇ।
ਪੰਜਵੇਂ ਗੁਰੂ ਨੇ ਬਾਣੀ, ਸੇਕ ਲਿਖਵਾਈ ਹੱਥੀਂ,
ਜੱਗ 'ਚ ਨਿਰਾਲੇ ਤਾਹੀਂ, "ਗੁਰੂ" ਇਹ ਗਰੰਥ ਨੇ।

੩.

ਵਰਨ ਧਰਮ ਕੁਲ, ਖਾਨਦਾਨ ਜਾਤ-ਪਾਤ,
ਗੁਰੂ ਗ੍ਰੰਥ ਵਿਚ ਕੁੱਲ, ਜੜ੍ਹਾਂ ਤੋਂ ਮੁਕਾਈ ਹੈ।
ਛੀਂਬੇ ਤੇ ਜੁਲਾਹੇ ਜੱਟ, ਬਾਮਣ ਚਮਾਰ ਜਿਹੇ,
ਭਗਤਾਂ ਦੀ ਸੱਚੀ ਸੁੱਚੀ, ਬਾਣੀ ਵੀ ਮਿਲਾਈ ਹੈ।
ਰਾਜਪੂਤ, ਮੁਸਲਿਮ, ਭੱਟ ਤੇ ਰਬਾਬੀ ਸਣੇ,
ਭਗਤ ਜੋ ਬਾਣੀ ਵਾਲੇ, ਨਾਈ ਤੇ ਕਸਾਈ ਹੈ।
ਦੁਨੀਆਂ 'ਚ ਸੇਕ ਹੋਰ, ਐਸੀ ਨ ਮਿਸਾਲ ਲੱਭੇ,
ਭਗਤਾਂ ਦੀ ਬਾਣੀ ਨਾਲ, ਆਪਣੇ ਰਲਾਈ ਹੈ।

੪.

ਉਦਾਸੀਆਂ ਦੇ ਵਿਚ ਗੁਰੂ ਨਾਨਕ ਜੀ ਯੂ ਪੀ ਰਹਿ ਕੇ,
ਬਾਣੀ ਪੰਜਾਂ ਭਗਤਾਂ ਦੀ, ਚੁਣ ਕੇ ਲਿਖਾਈ ਹੈ।
ਜੈ ਦੇਵ ਦੀ ਬੰਗਾਲ ਤੋਂ, ਬੇਣੀ ਦੀ ਬਿਹਾਰ ਤੋਂ,
ਤਿੰਨ ਮਹਾਰਾਸ਼ਟਰ ਦੇ, ਭਗਤਾਂ ਦੀ ਪਾਈ ਹੈ।
ਮੁਲਤਾਨ ਤੋਂ ਫਰੀਦ ਤੇ, ਸਧਨੇ ਦੀ ਸਿੰਧ ਤੋਂ,
ਪੀਪੇ ਦੀ ਗੁਜਰਾਤ 'ਚੋਂ ਲਿਆ ਕੇ ਮਿਲਾਈ ਹੈ।
ਗੁਰੂ ਨਾਨਕ ਨੇ ਸੇਕ, ਇੰਜ ਬਾਣੀ ਭਗਤਾਂ ਦੀ,
ਕੱਠੀ ਕਰ ਆਪ ਹੱਥੀਂ, ਗ੍ਰੰਥ ਵਿੱਚ ਪਾਈ ਹੈ।

੫.

ਗੁਰੂ ਪਿਛੋਂ ਗੱਦੀਆਂ ਦੇ, ਜੱਗ ਵਿਚ ਰੌਲੇ ਪੈਂਦੇ,
ਇਕ ਗੁਰੂ ਪਿਛੋਂ ਕਈ, ਗੁਰੂ ਬਣ ਛਾਏ ਨੇ।
ਦੂਜੇ ਗੁਰੂ ਅੰਗਦ ਨੂੰ, ਸਤਿਗੁਰ ਨਾਨਕ ਜੀ,
ਹੱਥੀਂ ਆਪ ਦੇ ਕੇ ਗੱਦੀ, ਫੇਰ ਜਾ ਸਮਾਏ ਨੇ।
ਏਸੇ ਤਰ੍ਹਾਂ ਬਾਕੀ ਗੁਰੂ, ਅਗਲੇ ਗੁਰੂ ਨੂੰ ਪਹਿਲੋਂ,
ਤਿਲਕ ਲਗਾ ਕੇ ਹੱਥੀਂ, ਸਚਖੰਡ ਧਾਏ ਨੇ।
ਜੱਗ ਵਿਚ ਸੇਕ ਐਸੀ, ਘੱਟ ਹੀ ਮਿਸਾਲ ਮਿਲੇ,
ਦਸੇ ਗੁਰੂ ਵਾਰੀ ਵਾਰੀ, ਗੱਦੀ ਦੇ ਸਿਧਾਏ ਨੇ।

੬.

ਹਾਜਰਾ ਹਜੂਰ ਅਤੇ ਜਾਹਰਾ ਜਹੂਰ ਗੁਰੂ,
ਸ੍ਰੀ ਗੁਰੂ ਗਰੰਥ ਜੀ, ਨਾਮ ਕੇ ਜਹਾਜ ਹੈਂ।
ਪਾਵਨ ਪਤਿਤਿ ਕਰੇਂ, ਹਲਤ ਪਲਤ ਰਾਖੇਂ,
ਸਰਬ ਸ਼ਕਤੀਮਾਨ, ਗੁਰੂ ਮਹਾਰਾਜ ਹੈਂ।
ਰਾਉ ਕਰੇਂ ਰੰਕ ਤਾਈਂ, ਰਾਜ ਦੇਹ ਭਿਖਾਰੀਆਂ ਨੂੰ
ਦੀਨਨ ਕੇ ਦਾਤੇ ਐਸੇ, ਗਰੀਬ ਨਿਵਾਜ ਹੈਂ।
ਕਲਯੁਗ ਵਿਚ ਸੇਕ, ਬਾਣੀ ਦੇ ਜੋ ਬੋਹਿਥ ਨੇ,
ਗੁਰੂ ਗਰੰਥ ਸਾਹਿਬ, ਪ੍ਰਤੱਖ ਗੁਰੂ ਆਜ ਹੈਂ।



# ਪੈਂਤੀ ਅੱਖ਼ਰੀ

ਸੁਰਿੰਦਰ ਸਿੰਘ ਸੁੰਨੜ

ਉੜਾ ਊਲ ਜਲੂਲ ਵਿੱਚ ਉਮਰ ਬੀਤੀ,
ਉਸਦੀ ਸਮਝ ਨਾ ਆਈ ਉਸਨੂੰ ਪਾਵਣਾ ਕੀ।
ਉੱਪਰੋਂ-ਉੱਪਰੋਂ ਉਸਦੀ ਉਮੀਦ ਕੀਤੀ,
ਰਾਹ ਦੀ ਸਮਝ ਜੇ ਨਹੀਂ ਉਸ 'ਤੇ ਜਾਵਣਾ ਕੀ।

ਐੜਾ ਅਲਫ਼ ਅੱਲਾ ਦਾ ਹੀ ਆਸਰਾ ਹੈ,
ਆਲ-ਜਾਲ, ਜੰਜਾਲ ਵਿਅਰਥ ਭੱਜ-ਨੱਠ।
ਐਵੇਂ ਧਰਤ ਆਕਾਸ਼ ਤੂੰ ਫਿਰੇਂ ਗਾਹੁੰਦਾ,
ਆਦਮ ਇੱਕ ਤੂੰ ਭਾਲਦਾ ਫਿਰੇਂ ਅੱਠ-ਸੱਠ।

ਈੜੀ ਇੱਕੋ-ਇੱਕ ਓਅੰਕਾਰ ਇਲਮੀ,
ਇਲਮਾਂ ਬਾਝ ਹੈ ਆਦਮੀ ਏਸ ਜੱਗ ਵਿੱਚ।
ਇਹ ਜੋ ਇਲਮ ਦੀ ਅਗਨ ਤੂੰ ਬਾਲਦਾਂ ਏਂ,
ਸੜ ਜਾਏਂਗਾ ਆਪਣੀ ਏਸ ਅੱਗ ਵਿੱਚ।

ਸੱਸਾ ਸਹਿਜ ਸੰਤੋਖ਼ ਸੀ ਸਰਲ ਕਾਇਦਾ,
ਭੰਬਲਭੂਸੇ ਵਿੱਚ ਫਸਿਆ ਸੰਸਾਰ ਐਵੇਂ।
ਸੁਪਨ ਦੁਨੀਆ ਤੂੰ ਸਿਰਜਦਾ ਫਿਰੇਂ ਜਿਹੜੀ,
ਸੱਚ ਨਹੀਂ, ਇਹ ਬਿਲਕੁਲ ਬੇਕਾਰ ਐਵੇਂ।

ਹਾਹਾ ਹਰੀਹਰ, ਹਰੀਹਰ ਫਿਰੇਂ ਕਰਦਾ,
ਮੂੰਹੋਂ ਹੋਰ ਤੇ ਅੰਦਰ ਕੁੱਝ ਹੋਰ ਬੰਦਿਆ!
ਹਰ ਹਾਲ ਵਿੱਚ ਹਰੀ ਤਾਂ ਨਾਲ ਤੇਰੇ,
ਹਓਮੈਂ ਤਿਆਗ ਕੇ ਹਰੀ ਨਾ' ਜੋੜ ਬੰਦਿਆ!

ਕੱਕਾ ਕਰਮ ਨਾ ਕਿਸੇ ਦੇ ਕਦੇ ਬਦਲੇ,
ਕਰਨਹਾਰ ਹੈ ਕਿਰਤ, ਕਰਤੂਤ ਬੰਦਿਆ!
ਕਿਰਪਾ ਕਰੇ ਜੇ ਕੁਦਰਤ ਕ੍ਰਿਪਾਲ ਹੋ ਕੇ,
ਕੱਜ ਲਵੇ ਕਸੂਤੇ ਸਬੂਤ ਬੰਦਿਆ!

ਖੱਖਾ ਖ਼ਾਸਮ-ਖ਼ਾਸ ਹੀ ਖੜਨ ਲਾਗੇ,
ਖ਼ਾਸ ਨਹੀਂ ਜੇ ਕੋਈ ਤਾਂ ਖ਼ੈਰ-ਸੱਲਾ।
ਖੁਣਸੀ ਲੋਕਾਂ ਤੇ ਖੱਖਰ ਵਿਚ ਕੀ ਅੰਤਰ,
ਖ਼ਬਰੇ ਓਪਰੀ ਖੱਖਰ ਨਾ ਕਰੇ ਹੱਲਾ।

ਗੱਗਾ ਗੱਲ ਨੂੰ ਗੋਲ ਨਾ ਕਰ ਬੰਦਿਆ!
ਗੱਲਾਂ-ਗੱਲਾਂ ਵਿੱਚ ਗੱਲ ਨੇ ਨਸ਼ਰ ਹੋਣਾ।
ਗਲਤ ਸੋਚ ਨੇ ਗਲਤ ਹੀ ਰੁਖ ਕਰਨਾ,
ਗਲਤ ਸੋਚ ਦਾ ਗਲਤ ਹੀ ਹਸਰ ਹੋਣਾ।

ਘੱਗਾ ਘੜੀ ਨੇ ਘੜੀ ਨਾ ਕਦੇ ਰੁਕਣਾ,
ਘੁੰਮਣ ਘੇਰੀਆਂ, ਘੇਰਨਾ ਘੁੰਮ-ਘੁੰਮ ਕੇ।
ਘਪਲੇਬਾਜ਼ ਦੁਨੀਆਂ ਘਾਪੇ ਕਿਵੇਂ ਪੂਰੇ,
ਘੌਂਦੂ ਰਾਮ ਨੂੰ ਘੂਰ ਨਾ ਦਰਦ ਸੁਣ ਕੇ।

ਚੱਚਾ ਚਾਰ ਕੂੰਟਾਂ ਚਾਰੇ ਫਰੋਲ ਛੱਡੀਆਂ,
ਚੰਨ-ਤਾਰਿਆਂ ਤੱਕ ਵੀ ਫਿਰੇਂ ਲੱਭਦਾ।
ਚੱਤੋ ਪਹਿਰ ਜੋ ਤੂੰ ਚਲੋ-ਚੱਲ ਲਾਈ,
ਬਣਿਆ ਚੌਧਰੀ ਹਰ ਜਗ੍ਹਾ ਫਿਰੇਂ ਫੱਬਦਾ।

ਛੱਛਾ ਸ਼ਾਮ ਦੇ ਢਲਦਿਆਂ ਸ਼ਾਂਤ ਹੋਵੇ,
ਓਹੜ-ਪੋਹੜ ਸਾਰਾ ਛੁੱਟਦਾ ਦਿਸੇ ਸਭ ਨੂੰ।
ਸ਼ਾਹੀ ਠਾਠ ਤੇਰਾ ਛਤਰ ਸ਼ੋਹਰਤਾਂ ਦੇ,
ਛੁੱਟਦੇ ਦੇਖ ਕੇ ਸ਼ਾਇਦ ਧਿਆਏਂ ਰੱਬ ਨੂੰ।

ਜੱਜਾ ਜੋ-ਜੋ ਕਰੇਂ ਉਹ ਜੁਗਤ ਲੱਗਦਾ,
ਜੁਗਤੀ ਬਹੁਤ ਹੀ ਫਿਰਨ ਜਹਾਨ ਦੇ ਵਿੱਚ।
ਜੁਗਤਾਂ ਸਾਰੀਆਂ ਨੇ ਜਾਨੀ ਜ਼ਬਤ ਹੋਣਾ,
ਚੱਪੂ ਚੱਲ ਨਾ ਸਕਣ ਤੂਫ਼ਾਨ ਦੇ ਵਿੱਚ

ਝੱਜਾ ਝੂਠੀ-ਮੂਠੀ ਝਲਕ ਪਈ ਤੈਨੂੰ,
ਝਿਲਮਲ-ਤਿਲਮਲ ਜੋ ਕਰੇ ਸਭ ਝੂਠ ਹੀ ਹੈ।
ਝੱਲ ਤੇਰਾ ਜੋ ਝੰਡੇ ਝੁਲਾਉਣ ਵਾਲਾ,
ਝੂਠ ਪਿੱਛੇ ਭੱਜਦਿਆਂ ਲੱਗਦੀ ਛੂਟ ਹੀ ਹੈ।

ਟੈਂਕਾ ਟਣਕਦਾ ਫਿਰੇਂ ਤੂੰ ਖੋਟਿਆ ਵੇ!
ਟੈਂ-ਟੈਂ ਕਰਦਾ ਤੂੰ ਤੇ ਥੱਕਦਾ ਨਹੀਂ।
ਟਿੰਡ ਵਿੱਚ ਕਾਨਾ ਐਵੇਂ ਪਾਈ ਰੱਖਦੈਂ,
ਟੂਣੇਹਾਰਿਆ ਟਪਲੇ ਲਾ ਅੱਕਦਾ ਨਹੀਂ।

ਠੱਠਾ ਠੰਡ ਕਲੇਜੇ ਨੂੰ ਤਾਂ ਪੈਂਦੀ,
ਠਾਕੁਰਦੁਆਰਿਆਂ 'ਤੇ ਠੀਕਰ ਚਾੜ੍ਹ ਆਵੇਂ।
ਪਿੱਠ ਦੇ ਕੇ ਨੱਠ ਜਾਏਂ ਜਦੋਂ ਮਰਜ਼ੀ,
ਠੱਗੀ ਨਾਲ ਬੇਦਾਵੇ ਕਦੇ ਪਾੜ ਆਵੇਂ।

ਡੱਡਾ ਡਮਰੂ ਵਜਾਏਂ ਤੂੰ ਬਹੁਤ ਵਧੀਆ,
ਡੌਂਡੀ ਪਿੱਟਦਾ ਫਿਰੇਂ ਜਹਾਨ ਅੰਦਰ।
ਡਰੇ ਡਾਂਗ ਤੋਂ ਮਾੜੇ ਨਾ' ਲਵੇਂ ਪੰਗਾ,
ਡੰਗ ਸਾਰਦੈਂ ਤੂੰ ਰੱਖ ਕੇ ਧਿਆਨ ਅੰਦਰ।

ਢੱਢਾ ਢੋਲ ਢਮੱਕਾ ਤੂੰ ਕਰੇਂ ਕਾਫੀ,
ਗੱਲ ਜੋੜਦੈਂ ਢਾਡੀ ਜਿਉਂ ਵਾਰ ਗਾਵੇ।
ਢੱਕਣ ਦੇ ਕੇ ਰਿੰਨ੍ਹੀਏ ਜੇ ਕੁੱਝ ਵੀ,
ਕੀ ਰਿੱਝਦਾ ਕੋਈ ਨਾ ਸਮਝ ਪਾਵੇ।

ਤੱਤਾ ਤੇਰਿਆਂ ਨੇ ਤੈਨੂੰ ਤੰਗ ਕਰਨਾ,
ਐਸੀ ਤ੍ਰਿਪਤੀ ਤੋਂ ਚੰਗਾ ਅਤ੍ਰਿਪਤ ਰਹਿਣਾ।
ਤੈਨੂੰ ਤਲਖ਼ ਤਜ਼ਰਬੇ ਵੀ ਹੋਣਗੇ ਕਈ,
ਤੇਰੀ ਤਮ੍ਹਾ ਨੇ ਵੀ ਤੈਨੂੰ ਤੇਲ ਦੇਣਾ।

ਥੱਥਾ ਥੱਕ-ਹਾਰ ਕੇ ਸੁਰਤ ਆਵੇ,
ਥੁੜ੍ਹਿਆ ਕੀ ਸੀ ਏਹੋ ਜਿਹੇ ਟੌਹਰ ਬਾਝੋਂ।
ਥਾਂ-ਥਾਂ 'ਤੇ ਨੇ ਥਿੜਕਣ ਪੈਰ ਲੱਗੇ,
ਬੰਦਾ ਥਿੜਕਦਾ ਨਹੀਂ ਕਿਸੇ ਔਹਰ ਬਾਝੋਂ।

ਦੱਦਾ ਦਾਨਿਸ਼ਮੰਦਾਂ ਦੀ ਇਹ ਦੁਨੀਆਂ,
ਦਵਾ-ਦਾਰੂ ਵੀ ਦਰਦ ਦੇ ਮਿਲਣ ਏਥੇ।
ਕੰਡੇ ਦੁੱਖ ਦਿੰਦੇ, ਦਿਲ ਨੂੰ ਹੌਲ ਪੈਂਦੇ,
ਮਹਿਕ ਦੇਣ ਨੂੰ ਫੁੱਲ ਵੀ ਖਿਲਣ ਏਥੇ।

ਧੱਦਾ ਧੰਨ ਪਰਭਾਣੀਆਂ ਸਬਰ ਜਿਨ੍ਹਾਂ,
ਧਰਤੀ ਧਰਮ ਦੀ ਧੌਲ 'ਤੇ ਖੜੀ ਲੱਗਦੀ।
ਧੀਰਜ ਨਾਲ ਜੇ ਜਿਉਣ ਦਾ ਵੱਲ ਹੋਵੇ,
ਧੰਨ-ਧੰਨ ਹੋ ਜਾਏ ਸ਼ੋਭਾ ਮਿਲੇ ਜੱਗ ਦੀ।

ਨੰਨਾ ਨਾਮ ਦਾ ਆਸਰਾ ਲੈ ਬੰਦਿਆ!
ਨਮੋ ਸ਼ਿਵਾ ਨਾਲ ਨਾਮ ਖੁਮਾਰੀਆਂ ਨੇ।
ਨੇਹੁੰ ਮਿਲ ਗਿਆ ਜੇਕਰ ਕਿਸੇ 'ਕੇਰਾਂ,
ਨਾਮੇ ਨਦਰੀਂ, ਫਿਰ ਨਦਰ ਨਿਹਾਰੀਆਂ ਨੇ।

ਪੱਪਾ ਪਰਮ ਪਰਮੇਸ਼ਵਰ ਪਿਤਾ ਪਿਆਰਾ,

ਪਲ-ਪਲ ਮੈਂ ਜਾਵਾਂ ਬਲਿਹਾਰ ਉਸ ਤੋਂ।
ਪਰਵਰਦਗਾਰ ਅਪਾਰ ਦਾ ਪਿਆਰ ਪਾ ਕੇ,
ਵਾਰੇ-ਵਾਰੇ ਜਾਵਾਂ, ਵਾਰ-ਵਾਰ ਉਸ ਤੋਂ।

ਫੱਫਾ ਫਿਕਫਿਕਾ ਲੰਘੇ ਨਾ ਸੰਘ ਅੰਦਰ,
ਫਿੱਕੇ ਬੋਲ ਵੀ ਕੰਨਾਂ ਨੂੰ ਨਹੀਂ ਭਾਉਂਦੇ।
ਫੁੱਲ ਫੱਬੇ ਨਾ ਲਾਟ 'ਤੇ ਸੜੇ ਜਿਹੜਾ,
ਆਪੇ ਫਾਥੜੀ ਨੂੰ ਕੋਈ ਨਾ ਮੂੰਹ ਲਾਉਂਦੇ।

ਬੱਬਾ ਬਹੁਤ ਕੁੱਝ ਬੰਦੇ ਨੂੰ ਬਖ਼ਸ਼ਿਆ ਹੈ,
ਹੋਰ ਬਹੁਤੇ ਤੋਂ ਬਹੁਤਾ ਹੁਣ ਕੀ ਹੋਵੇ।
ਬਾਰ੍ਹਾਂਤਾਲਿਆਂ ਬੰਦਿਆ! ਬਣ ਬੰਦਾ,
ਨਾਮ ਸਿਮਰ ਬਸ! ਜਿੰਨਾ ਚਿਰ ਜੀਅ ਹੋਵੇ।

ਭੱਭਾ ਭਰਮ ਦੀ ਭਾਜੀ ਪਕਾਈ ਫਿਰਦੈਂ,
ਭਾਂਤ-ਭਾਂਤ ਦੇ ਚਸਕੇ ਤੂੰ ਲਾਏ ਭਾਉ!
ਭੁੱਲਿਆ ਕੁੱਝ ਨਹੀਂ ਜਾਣਦੈ ਭਲੀ-ਭਾਂਤੀ,
ਭਾਓ, ਭਾਓ ਹੀ ਹੈ ਜੋ ਪਾਰ ਲਾਉ।

ਮੰਮਾ ਮੇਰਿਆਂ-ਤੇਰਿਆਂ ਵਿੱਚ ਉਲਝੇ,
ਮੋਹ-ਮਾਇਆ ਨੇ ਜਾਲ ਵਿਛਾਇਓ ਨੇ।
ਕਦੇ ਮੌਤ ਨੂੰ ਮੇਰੀ ਨਾ ਕਹੇ ਕੋਈ,
ਮਲਕਲ ਮੌਤ ਵੀ ਆਇਆ ਕਿ ਆਇਓ ਨੇ।

ਯੱਯਾ ਯਾਦ ਰੱਖੀਂ! ਯਾਰੀ ਟੁੱਟ ਜਾਣੀ,
ਸਾਰੇ ਯੁਗ, ਯੁਗਾਂਤਰ ਵੀ ਪਲਟ ਜਾਂਦੇ।
ਜਮ ਪਕੜ ਕੇ ਤੁਰ ਗਿਆ ਜਦੋਂ ਤੈਨੂੰ,
ਚੰਗੇ-ਭਲੇ ਸਾਹ ਇਕ ਦਮ ਹਲਟ ਜਾਂਦੇ।

ਰਾਰਾ ਰੌਣਕਾਂ ਤੇਰੀਆਂ ਰਹਿਣੀਆਂ ਨਹੀਂ,
ਤੁਰ ਜਾਏਂਗਾ ਰੋਜ਼ ਦੋ ਰੋਜ਼ ਰਹਿ ਕੇ।
ਰਾਹੀ ਰੱਬ ਦੀਆਂ ਰਮਜ਼ਾਂ ਨੂੰ ਨਾ ਜਾਣੇ,
ਰਾਤੋ-ਰਾਤ ਜਾਣਾ ਕਿਹੜੀ ਰੇਲ ਬਹਿ ਕੇ।

ਲੱਲਾ ਲਾ ਕੇ ਬੈਠਾਂ ਤੂੰ ਦਿਲ ਦਿਲਬਰ,
ਲਾਲ੍ਹਾਂ ਸੁੱਟਦਾਂ ਤੂੰ ਲੱਡੂ ਖਾਣ ਦੇ ਲਈ।
ਲਿਖਿਆ ਲੇਖ ਤੇਰਾ ਜੋ ਲਾਲ ਅੱਖਰੀਂ,
ਲੱਭ ਲਈਂ ਕੁੱਝ ਨਾਲ ਲਿਜਾਣ ਦੇ ਲਈ।

ਵਾਵ੍ਵਾ ਵਾਹੇਗੁਰੂ-ਵਾਹੇਗੁਰੂ ਕਰ ਬੰਦਿਆ!
ਵਕਤ ਨਾਲ ਤੂੰ ਵਕਤ ਪਛਾਣ ਭਾਈ!
ਵਗੀ ਪੁਰੇ ਦੀ 'ਵਾ ਜਦ ਵੇਗ ਦੇ ਵਿੱਚ,
ਹਰੇ ਪੱਤੇ ਵੀ ਪਲ 'ਚ ਝੜ ਜਾਣ ਭਾਈ!

ੜਾੜਾ ਰਿੜਕਿਆ ਬੜਾ ਤੂੰ ਸਾਫ਼ ਪਾਣੀ,
ਪਾਣੀ ਵਿੱਚ ਮਧਾਣੀ ਪਾ ਲੱਭਿਆ ਕੀ।
ਰਿੜ੍ਹਨਾ, ਤੁਰਨਾ ਤੂੰ ਸਿੱਖ ਕੇ ਭੱਜ ਤੁਰਿਆ,
ਰੁੜ੍ਹ ਗਿਆ ਪੂਰਾ ਆਬੂ ਛੱਡਿਆ ਕੀ।

ਬੱਤੀ ਅੱਖਰਾਂ ਦਾ ਬਣਦਾ ਵਜ਼ਨ ਬਹੁਤਾ,
ਤਿੰਨ ਅੱਖਰ ਜੋ ਕਾਬੂ ਵਿੱਚ ਨਹੀਂ ਆਏ।
ਸਿੱਖਿਆ ਵੱਲ ਗ੍ਰੰਥਾਂ ਨੂੰ ਪੜ੍ਹ-ਸੁਣ ਕੇ,
ਸਾਡੇ ਪੁਰਖਿਆਂ ਪੂਰਨੇ ਬਹੁਤ ਪਾਏ।

ਕਰਿਓ! ਤੁੱਛ ਜਿਹੀ ਭੇਟਾ ਮਨਜ਼ੂਰ ਮੇਰੀ,
ਸੁੱਨੜ ਅਜੇ ਤੱਕ ਇੱਕ ਵਿਦਿਆਰਥੀ ਹੈ।
ਸ਼ਰਨ ਸਾਹਿਤਕਾਰਾਂ ਦੀ ਵਿੱਚ ਬੈਠਾ,
ਸੁੱਨੜ ਸਮਝਦਾ ਅਜੇ ਸਰਨਾਰਥੀ ਹੈ।
ਙੰਙਾਂ ਗਿਆਨ ਨਾ ਮੈਨੂੰ ਞੰਞਾਂ ਜੁਗਤ ਕੋਈ,
ਣਾਣਾ ਵੀ ਨਾ ਕਾਬੂ ਵਿੱਚ ਕਰਨ ਜੋਗਾ।
ਪੈਂਤੀ ਅੱਖਰੀ ਮਾਲਾ ਦੇ ਤਿੰਨ ਮਣਕੇ,
ਙੰਙਾਂ, ਞੰਞਾਂ ਤੇ ਣਾਣਾ ਨਹੀਂ ਘੜਨ ਜੋਗਾ।



ਕਵਿਤਾ

# ਅੱਜਨਾਮਾ

ਸੁਰਿੰਦਰ ਮਕਸੂਦਪੁਰੀ, ਮੋ. 99887-10234

ਕੁਝ ਪੱਤਝੜਾਂ, ਕੁਝ ਮਾਲੀਆਂ
ਖਾ ਲਏ ਦੇਸ਼ ਮੇਰੇ ਦੇ ਬਾਗ
ਕੁਝ ਪੂੰਜੀਵਾਦੀ/ਲੋਟੂਆਂ
ਕੁਝ ਰਾਜੇ ਹਾਕਮ/ਗਲਘੋਟੂਆਂ
ਲੁੱਟ ਲਏ ਦੇਸ਼ ਮੇਰੇ ਦੇ ਭਾਗ
ਅੱਜ ਖ਼ੂਨੀ ਨ੍ਹੇਰੀ ਝੁੱਲ ਰਹੀ
ਵਿਲਕੇ ਵਲੂੰਧਰੀ ਰੂਹ ਪੰਜਾਬ

ਅੱਜ ਨਸ਼ੇ ਜਵਾਨੀ ਖਾ ਰਹੇ
ਇਹ ਘਰ-ਘਰ ਲਾਂਬੂ ਲਾ ਰਹੇ
ਹੋਵੇ ਮਾਝਾ, ਮਾਲਵਾ ਜਾਂ ਦੁਆਬ
ਅੱਜ ਰੋਕ ਲਓ, ਜੇਕਰ ਰੁਕਦੇ
ਕਿਤੇ ਉਜੜ ਨਾ ਜਾਏ ਪੰਜਾਬ

ਇਹ ਮਹਿਕਾਂ ਵੰਡਦਾ ਜਗਤ ਨੂੰ
ਕਿਤੇ ਸੁੱਕ ਨਾ ਜਾਏ ਗੁਲਾਬ

ਭਗਤ ਸਿੰਘ, ਰਾਜਗੁਰੂ, ਸੁਖਦੇਵ, ਸਰਾਭੇ
ਊਧਮ ਸਿੰਘ ਜਿਹੇ ਸ਼ਹੀਦਾਂ ਮਰਜੀਵੜਿਆਂ
ਮਹਿੰਗੇ ਮੁੱਲ ਲਿਆ ਹੈ
ਆਜ਼ਾਦੀ ਦਾ ਇਹ ਵਾਸ
ਅੱਜ ਰੋਕ ਲਓ, ਜੇਕਰ ਰੁਕਦਾ
ਪੰਜਾਬ ਕਰ ਚੱਲਿਆ ਪਰਵਾਸ

ਦੇਸ਼ ਬਚਾ ਲਓ ਐ ਰਾਖਿਓ
ਅੱਜ ਸਮੇਂ ਦੀ ਇਹ ਲਲਕਾਰ
ਹਰ ਬਸ਼ਰ ਅੱਜ ਇਸ ਧਰਤ ਦਾ
ਕਹਿ ਰਿਹਾ ਕੂਕ ਪੁਕਾਰ
ਉੱਠੋ, ਕਮਰਕੱਸੇ ਕਰ ਲਓ
ਬਣ ਕੇ ਸ਼ਾਹ ਅਸਵਾਰ
ਮੁੜ ਨਹੀਂ ਆਉਣਾ ਜੱਗ 'ਤੇ
'ਮਕਸੂਦਪੁਰੀ' ਬਾਰੰਮਬਾਰ!

# ਸੂਰਜ ਨਾਲ ਖੇਡਦਿਆਂ

• ਗੁਰਭਜਨ ਗਿੱਲ •



ਸੂਰਜ ਨਾਲ ਖੇਡਦਿਆਂ
ਧਰਤੀ ਜਿੱਡਾ ਜੇਰਾ,
ਅੰਬਰ ਜਿਹੀ ਵਿਸ਼ਾਲ ਬੁੱਕਲ,
ਤੇ ਸਮੁੰਦਰ ਜਿੰਨਾ ਡੂੰਘਾ ਦਿਲ ਚਾਹੀਦੈ।

ਐਵੇਂ ਨਹੀਂ ਬਣਦਾ
ਇਹ ਗਗਨ ਥਾਲ ਜਿਹਾ।
ਨਹੀਂ ਬਣਦੇ ਸੂਰਜ ਤੇ ਚੰਦਰਮਾ,
ਨਿੱਕੜੇ ਨਿੱਕੜੇ ਦੀਵੜੇ।
ਤਾਰਾ ਮੰਡਲ ਨਿਹਾਰਨਾ ਇੱਕੋ ਨਜ਼ਰ,
ਤੇ ਆਖਣਾ ਮੋਤੀਆਂ ਦਾ ਥਾਲ।
ਸਾਰੀ ਕਾਇਨਾਤ ਦੇ ਫੁੱਲ ਪਤਰਾਲ।
ਜੜੀਆਂ ਬੂਟੀਆਂ,
ਮਹਿਕਦੀਆਂ ਪੌਣਾਂ ਨੂੰ
ਚੌਰ ਵਿੱਚ ਬਦਲਣਾ।
ਏਨਾ ਸਹਿਲ ਨਹੀਂ ਹੁੰਦਾ ਜਨਾਬ।

ਖ਼ੁਦ ਨੂੰ ਖ਼ੁਦੀ ਦੇ ਪੁੜਾਂ ਹੇਠੋਂ ਕੱਢਣਾ,
ਤੇ ਕੁਲਪਾਲ ਨਹੀਂ ਲੋਕਪਾਲ ਬਣਨਾ।
ਆਪਣਾ ਮਿੱਟੀ
ਆਪ ਪੁੱਟਣ, ਕੁੱਟਣ, ਗੁੰਨ੍ਹਣ ਤੇ
ਮੁੜ ਉੱਸਰਨ ਦੇ ਬਰਾਬਰ
ਹੁੰਦਾ ਹੈ ਨਿੱਤ ਨੇਮ।
ਸੂਰਜ ਨਾਲ ਖੇਡਣ ਲਈ,
ਉਸ ਦਾ ਹਾਣੀ ਬਣਨਾ ਪੈਂਦਾ ਹੈ।
ਜੋਟੀਦਾਰ, ਬਾਲ ਸਖਾ ਯਾਰ।
ਐਵੇਂ ਨਹੀਂ ਪੈਂਦੀ ਅੱਖ ਵਿੱਚ ਅੱਖ।
ਹੱਥਾਂ ਦੀ ਕਰਿੰਘੜੀ
ਤੇ ਪਕੜ ਪੀਡੀ ਕਰਨੀ ਪੈਂਦੀ ਹੈ।
ਨਿਰੰਤਰ ਨਿਭਣ ਲਈ।
ਸਵਾਹ ਹੋਣ ਲਈ ਹਰ ਪਲ,
ਤਿਆਰ ਬਰ ਤਿਆਰ ਰਹਿਣਾ ਪੈਂਦੈ।
ਸਿਰ ਧਰ ਤਲੀ
ਗਲੀ ਮੋਰੀ ਆਉ ਦਾ ਸਬਕ,
ਸਿਰਫ਼ ਕੀਰਤਨੀਆਂ ਲਈ ਹੀ ਨਹੀਂ,
ਖ਼ੁਦ ਆਂਦਰਾਂ ਨਾਲ,
ਨੱਥਣਾ ਪੈਂਦਾ ਹੈ ਇਹ ਸੰਦੇਸ਼।

ਸੂਰਜ ਦਾ ਗੋਲ਼ਾ
ਗੇਂਦ ਬਣਾ ਕੇ ਖੇਡਣ ਲਈ
ਖ਼ੁਦ ਨੂੰ ਗ਼ੈਰਹਾਜ਼ਰ ਕਰਨਾ ਪੈਂਦਾ ਹੈ।

ਨਿੱਕੀਆਂ ਨਿੱਕੀਆਂ ਖੇਡਾਂ ਖੇਡਦਿਆਂ,
ਭੁੱਲ ਹੀ ਗਏ ਹਾਂ ਵੱਡੀਆਂ ਖੇਡਾਂ।
ਸਭ ਧਰਤੀ ਕਾਗਦ ਬਣਾ ਕੇ,
ਪੂਰੇ ਸਮੁੰਦਰ ਦੀ ਸਿਆਹੀ ਘੋਲ,
ਸਗਲ ਬਨਸਪਤੀ ਦੀਆਂ
ਕਲਮਾਂ ਨਾਲ,
ਇਬਾਰਤ ਲਿਖਣ ਵਰਗਾ ਬਹੁਤ ਕੁਝ।
ਵਿੱਸਰ ਗਿਆ ਹੈ
ਸੁਖ ਰਹਿਣੇ ਚੰਮਾਂ ਨੂੰ ਅਸਲ ਕੰਮ।
ਗਊ ਗਰੀਬ ਦੀ ਰਾਖ਼ੀ ਕਰਦਿਆਂ
ਆਪ ਨਹੀਂ ਭੇੜੀਏ ਬਣਨਾ।
ਨਾ ਬਸਤਰ ਦੇ ਜੰਗਲਾਂ ਵਿੱਚ
ਸ਼ਿਕਾਰ ਖੇਡਣਾ ਹੈ।
ਬਿਰਖ਼ਾਂ ਦੀ ਵੇਦਨ ਸੁਣਨਾ ਹੈ।

ਤਨ ਤਪਦੀ ਲੋਹ ਤੇ ਧਰਦਿਆਂ
ਤੇਰਾ ਕੀਆ ਮੀਠਾ ਲਾਗੇ ਦੀ
ਸਿਖ਼ਰਲੀ ਟੀਸੀ ਤੇ ਚੜ੍ਹਨਾ ਪੈਂਦੈ।
ਐਵੇਂ ਨਹੀਂ ਤਪਦੀ ਰੇਤ
ਤਪੱਸਿਆ ਬਣਦੀ।
ਸੂਰਜ ਨਾਲ ਖੇਡਦਿਆਂ
ਤਨ ਤੰਦੂਰ ਤਪਾਉਣਾ ਪੈਂਦਾ ਹੈ
ਹੱਡਾਂ ਦੇ ਬਾਲਣ ਨਾਲ
ਐਵੇਂ ਨਹੀਂ ਨਸੀਬ ਹੁੰਦੀ
ਲਾਲਨ ਦੀ ਲਾਲੀ।
ਸ਼ਬਦ-ਸਾਧਨਾ ਮਗਰੋਂ ਹੀ
ਬਣਦੇ ਨੇ ਸੂਰਜਵੰਸ਼ੀ।
ਸਿਰਫ਼ ਜਨਮਜ਼ਾਤੀਏ
ਕੇਵਲ ਖਿੰਘਰ ਵੱਟੇ
ਨਿਰੀ ਰਹਿੰਦ ਖੂੰਹਦ ਕੂੜਾ ਕਰਕਟ,
ਭਰਮ ਭਾਂਡਾ ਸਾਂਭਦੇ
ਬਿਤਾ ਲੈਂਦੇ ਹਨ ਪੂਰੀ ਅਉਧ।

ਧਰਤੀ ਤੇ ਲਕੀਰਾਂ ਵਾਹੁੰਦੇ
ਵਤਨ ਵਤਨ ਖੇਡਦੇ
ਰਾਖੇ ਹੋਣ ਦੇ ਭਰਮ 'ਚ,
ਖ਼ੁਦ ਲੁਕਦੇ ਫਿਰਦੇ
ਸ਼ਾਹ ਦੌਲੇ ਦੇ ਚੂਹੇ।
ਸੱਤਾ ਵਾਨ ਬਣਦੇ
ਸਿੱਖਿਆ ਸ਼ਾਸਤਰੀ ਬੌਣੇ।
ਉਹ ਕੀ ਜਾਨਣ
ਉਡਣ ਪੰਖੇਰੂਆਂ ਦੀ ਉਡਾਣ
ਸਾਨੂੰ ਦਿਨ ਰਾਤ ਸਿਖਾਉਂਦੇ ਹਨ
ਰੀਂਘਣ ਦੀ ਤਕਨੀਕ।
ਅਠਾਰਵੀਂ ਸਦੀ ਵੱਲ
ਮੂੰਹ ਕਰਵਾਉਂਦੇ ਹਨ ਚਾਬਕ ਧਾਰੀਏ।

ਹੁਣ ਕੁੱਲ ਬ੍ਰਹਿਮੰਡ
ਆਪਣਾ ਆਪਣਾ ਲੱਗਦਾ ਹੈ।
ਸਰਬੱਤ ਦਾ ਭਲਾ
ਸਿਰਫ਼ ਅਰਦਾਸ ਵੇਲੇ ਹੀ ਨਹੀਂ
ਦਮ ਦਮ ਨਾਲ ਤੁਰਦਾ ਹੈ,
ਸੂਰਜ ਨਾਲ ਖੇਡਦਿਆਂ।
••

# ਨੁਸਰਤ ਫ਼ਤਹਿ ਅਲੀ ਖ਼ਾਨ ਬਾਰੇ

# ਯਾਦਾਂ ਵਿਛੜੇ ਸੱਜਣ ਦੀਆਂ ਆਈਆਂ ...



ਅੱਠਵੇਂ ਮਹੀਨੇ ਦੀ 16 ਤਾਰੀਖ਼ ਆਉਂਦਿਆਂ ਹੀ ਇੱਕ ਅਜੀਬ ਜਿਹੀ ਪੀੜ ਉੱਠਦੀ ਹੈ ਜੋ ਰੂਹ ਨੂੰ ਤਾਰ-ਤਾਰ ਕਰ ਜਾਂਦੀ ਹੈ। ਹੋਵੇ ਵੀ ਕਿਉਂ ਨਾ ਇਹ ਉਹ ਦਿਨ ਹੈ ਜਦੋਂ ਵਿਸ਼ਵ ਦੇ ਸੰਗੀਤ ਪ੍ਰੇਮੀਆਂ ਨੂੰ ਮਨਹੂਸ ਖ਼ਬਰ ਸੁਣਨ ਨੂੰ ਮਿਲੀ ਇਸ ਦਿਨ ਮੌਸਿਕੀ ਦੀ ਦੁਨੀਆਂ ਦਾ ਸ਼ਾਹਕਾਰ, ਹਰ ਦਿਲ ਅਜ਼ੀਜ, ਸੰਗੀਤ ਦੇ ਖੇਤਰ ਦੀ ਅਜ਼ੀਮ ਹਸਤੀ ਉਸਤਾਦ ਨੁਸਰਤ ਫ਼ਤਿਹ ਅਲੀ ਖ਼ਾਂ ਸਾਹਬ ਹੋਰਾਂ ਨੇ ਆਪਣਾ ਭੌਤਿਕ ਸਰੀਰ ਤਿਆਗ ਇਸ ਦੁਨੀਆਂ ਤੋਂ ਵਿਦਾਇਗੀ ਲਈ ਸੰਗੀਤਕ ਪ੍ਰੇਮੀਆਂ ਲਈ ਇਹ ਖਬਰ ਦਰਦਨਾਕ ਅਤੇ ਅਸਹਿ ਸੀ ਜਿਸ ਨੇ ਹਰ ਸ਼ਖ਼ਸ ਨੂੰ ਜੋ ਜਿਸ ਵੀ ਰੂਪ ਵਿੱਚ ਉਸ ਨਾਲ ਜੁੜਿਆ ਸੀ ਧੁਰ ਅੰਦਰ ਤੱਕ ਝਿੰਜੋੜ ਕੇ ਰੱਖ ਦਿੱਤਾ।

ਜੱਨਤ-ਨਸ਼ੀਂ ਉਸਤਾਦ ਨੁਸਰਤ ਫਤਿਹ ਅਲੀ ਖਾਂ ਨੂੰ ਯਾਦ ਕਰਦਿਆਂ ਉਹਨਾਂ ਦੁਆਰਾ ਗਾਏ ਗੀਤ ....

**ਯਾਦਾਂ ਵਿਛੜੇ ਸੱਜਣ ਦੀਆਂ ਆਈਆਂ,**

**ਅੱਖੀਆਂ 'ਚੋਂ ਨੀਰ ਵੱਗਦਾ**

**ਕਾਲਜੇ ਵਿਚ ਰੁੱਗ ਭਰ ਲੈਂਦੀਆਂ ਹਨ।**

ਅੱਖਾਂ ਵਿਚੋਂ ਪਾਣੀ ਆਪ ਮੁਹਾਰੇ ਵਹਿ ਤੁਰਦਾ ਹੈ। ਇੱਕ ਮਿੱਠੀ ਜਿਹੀ ਚੀਸ ਉਠਦੀ ਹੈ

ਉਸਤਾਦ ਫਤਿਹ ਅਲੀ ਖਾਂ ਸਾਹਬ ਦੇ ਘਰ 13 ਅਕਤੂਬਰ 1948 ਵਿਚ ਗੋਲ-ਮਟੋਲ ਗੋਰੇ-ਚਿੱਟੇ ਬੱਚੇ ਨੇ ਜਨਮ ਲਿਆ ਉਸ ਵਕਤ ਕਿਸੇ ਨੂੰ ਕੋਈ ਕਿਆਸ ਵੀ ਨਹੀਂ ਸੀ ਕਿ ਇਹ ਬਾਲ ਇੱਕ ਦਿਨ ਸੰਗੀਤ ਦੇ ਖੇਤਰ ਦਾ ਮੀਲ ਪੱਥਰ ਹੋਵੇਗਾ।

ਪਿਤਾ ਨੇ ਨੁਸਰਤ ਦਾ ਮੁਢਲਾ ਨਾਮ 'ਪਰਵੇਜ਼' ਰੱਖਿਆ ਚਾਰ ਭੈਣਾਂ ਦਾ ਛੋਟਾ ਭਰਾ ਹੋਣ ਕਰਕੇ ਸਭਦਾ ਲਾਡਲਾ ਸੀ ਨੁਸਰਤ। ਲਾਡ ਪਿਆਰ ਵਿਚ ਪਿਤਾ ਉਸਨੂੰ ਪੇਜੀ ਕਦੇ ਪੰਡਿਤ ਅਤੇ ਕਦੇ ਲਾਲ ਦੀਨ ਕਹਿ ਕੇ ਬੁਲਾਉਂਦੇ।

ਜਪਾਨੀਅਆਂ ਨੇ ਵੀ ਉਸਨੂੰ ਗਾਉਂਦਾ ਗੌਤਮ ਬੁੱਧ ਕਹਿ ਕੇ ਵਡਿਆਇਆ।

ਘਰ ਵਿਚ ਸੰਗੀਤਕ ਮਹਿਫ਼ਲਾਂ ਅਕਸਰ ਹੁੰਦੀਆਂ ਰਹਿੰਦੀਆਂ ਸਨ ।

ਜਿੰਨ੍ਹਾ ਵਿਚ ਸੂਫ਼ੀ ਤਬੀਅਤ ਅਤੇ ਤਰਬੀਅਤ ਵਾਲੇ ਲੋਕ ਸ਼ਿਕਰਤ ਕਰਦੇ ਸਨ। ਇਹਨਾਂ ਵਿਚ ਹੀ ਇੱਕ ਫਕੀਰ ਜਿਸਦਾ ਨਾਮ ਪੀਰ ਗ਼ੁਲਾਮ ਗੌਸ ਸਮਾਦਾਨੀ ਸੀ। ਜਿਸ ਦੀ ਫਤਿਹ ਅਲੀ ਖਾ ਨਾਲ ਬਹੁਤ ਗੂਹੜੀ ਦੋਸਤੀ ਸੀ। ਇਕ ਦਿਨ ਮਹਿਫ਼ਲ ਵਿਚ ਬੈਠਿਆਂ ਜਦੋਂ ਫਤਿਹ ਅਲੀ ਨੇ ਪਰਵੇਜ ਨੂੰ ਪੇਜੀ ਕਹਿ ਕੇ ਬੁਲਾਇਆ ਤਾਂ ਪੀਰ ਸਾਹਬ ਕਹਿਣ ਲੱਗੇ 'ਫ਼ਤਿਹ' ਇਹਦਾ ਨਾਂ ਬਦਲਦੇ ਪਤਾ ਈ ਪਰਵੇਜ਼ ਕੌਣ ਸੀ ...??.... ਪਰਵੇਜ਼ ਉਹ ਬਾਦਸ਼ਾਹ ਸੀ ਜਿਸਨੇ ਮੁਕੱਦਸ ਪੈਗੰਬਰ ਦਾ ਖ਼ਲੂਸਨਾਮਾ ਪਾੜਣ ਦਾ ਪਾਪ ਕੀਤਾ ਸੀ। ਇਸ ਤਰ੍ਹਾਂ ਫ਼ਤਹਿ ਅਲੀ ਨੇ ਪੀਰ ਸਾਹਬ ਦੇ ਕਹਿਣ ਤੇ 'ਪਰਵੇਜ਼' ਦਾ ਨਾਮ 'ਨੁਸਰਤ' ਰੱਖ ਦਿੱਤਾ।

ਜਿਸਦੇ ਅਰਥ ਹਨ - ਮਦਦ, ਫਤਿਹ, ਯਾਨਿ ਕਿ ਜਿੱਤ ਭਾਵ ਜਿਸਦੀ ਫਤਿਹ ਲਈ ਖ਼ੁਦਾ ਵੀ ਬਹੁੜ ਪਵੇ। ਘਰ ਦਾ ਵਾਤਾਵਰਨ ਮੌਸਿਕੀਅਤ ਤੇ ਰੂਹਾਨੀਅਤ ਨਾਲ ਭਰਿਆ ਹੋਣ ਕਰਕੇ ਨੁਸਰਤ ਦਾ ਇਸ ਤੋਂ ਅਭਿੱਜ ਰਹਿਣਾ ਮੁਸ਼ਕਿਲ ਸੀ।

ਨੁਸਰਤ ਨੂੰ ਬਚਪਨ ਤੋਂ ਹੀ ਗਾਇਕੀ ਨਾਲ ਅਥਾਹ ਮੁਹੱਬਤ ਸੀ ਕਲਾਸੀਕਲ ਮੌਸਿਕੀ ਦੀ ਮੁਢਲੀ ਤਾਲੀਮ ਉਹਨਾਂ ਆਪਣੇ ਪਿਤਾ ਉਸਤਾਦ ਫ਼ਤਹਿ ਅਲੀ ਖਾਂ ਤੋਂ ਹੀ ਹਾਸਲ ਕੀਤੀ।

ਇਸ ਤੋਂ ਇਲਾਵਾ ਉਸਨੇ ਮੈਟ੍ਰਿਕ ਪਾਸ ਕੀਤੀ। ਪਰ ਗਾਇਕੀ ਦੇ ਸ਼ੌਕ ਨੇ ਉਸਨੂੰ ਅੱਗੇ ਪੜ੍ਹਨ ਨਾ ਦਿੱਤਾ ਹਾਲਾਂਕਿ ਉਸਦੇ ਮਾਂ-ਬਾਪ ਨਹੀਂ ਚਾਹੁੰਦੇ ਸਨ ਕਿ ਉਹ ਗਾਇਕੀ ਦੇ ਖੇਤਰ ਵਿਚ ਆਵੇ। ਨੁਸਰਤ ਦੇ ਪਿਤਾ ਉਸਨੂੰ ਪੜ੍ਹਾ ਲਿਖਾ ਕੇ ਡਾਕਟਰ ਬਣਾਉਣਾ ਚਾਹੁੰਦੇ ਸਨ ਤਾਂ ਜੋ ਉਹ ਬੀਮਾਰਾਂ ਦਾ ਇਲਾਜ ਕਰ ਸਕੇ।

ਪਰ ਕੁਦਰਤ ਨੂੰ ਕੁਝ ਹੋਰ ਹੀ ਮੰਜੂਰ ਸੀ। ਉਹ ਡਾਕਟਰ ਤਾਂ ਬਣਿਆ ਪਰ ਦਵਾਈਆਂ ਦਾ ਨਹੀਂ ਸੁਰਾਂ ਦਾ ਡਾਕਟਰ। ਸੁਰਾਂ ਨਾਲ ਉਸਨੇ ਪਤਾ ਨਹੀਂ ਕਿੰਨ੍ਹੀਆਂ ਕਿ ਹੀ ਬੇਚੈਨ ਰੂਹਾਂ ਦਾ ਇਲਾਜ ਕੀਤਾ। ਘਰਦਿਆਂ ਦੇ ਰੋਕਣ ਦੇ ਬਾਵਜੂਦ ਵੀ ਉਹ ਲੁਕ ਛਿਪ ਕੇ ਗਾਉਂਦਾ ਰਹਿੰਦਾ। ਨੁਸਰਤ ਸਾਹਬ ਦੇ ਆਪਣੇ ਸ਼ਬਦਾਂ ਵਿਚ ਕਿ ਪਿਤਾ ਜੀ ਆਪਣੇ ਸ਼ਾਗਿਰਦਾਂ ਨੂੰ ਸਬਕ ਦਿੰਦੇ ਤਾਂ ਉਹ ਦਰਵਾਜ਼ੇ ਕੋਲ ਜਾ ਕੇ ਚੋਰੀਓਂ ਸੁਣ ਲੈਂਦਾ ਅਤੇ ਰਿਆਜ਼ ਕਰਦਾ। ਇਸ ਤਰ੍ਹਾਂ ਇਹ ਸਿਲਸਿਲਾ ਚੱਲਦਾ ਰਿਹਾ।

ਆਪਣੇ ਪਿਤਾ ਜੀ ਤੋਂ ਘਰਾਣੇ ਦੀ ਗਾਇਕੀ ਦੀਆਂ ਬਰੀਕੀਆਂ ਰਾਗ ਵਿੱਦਿਆ ਅਤੇ ਬੰਦਿਸ਼ਾਂ ਨੂੰ ਨਿਭਾਉਣਾ ਸਿੱਖਿਆ।

1964 ਵਿੱਚ ਪਿਤਾ ਦਾ ਦਿਹਾਂਤ ਹੋਣ ਤੋ ਬਾਅਦ ਬਕਾਇਦਾ ਮੌਸਿਕੀ ਦੀ ਤਾਲੀਮ ਆਪਣੇ ਤਾਇਆ ਜੀ ਉਸਤਾਦ ਮੁਬਾਰਕ ਅਲੀ ਖਾਂ ਤੋਂ ਹਾਸਲ ਕੀਤੀ ਅਤੇ ਲਗਭਗ ਛੇ ਸਾਲ ਉਹਨਾਂ ਨਾਲ ਸੰਗਤ ਕੀਤੀ। ਕੱਵਾਲੀ ਦੀ ਤਾਲੀਮ ਉਹਨਾਂ ਨੇ ਆਪਣੇ ਚਾਚਾ ਉਸਤਾਦ ਸਲਾਮਤ ਅਲੀ ਖਾਂ ਤੋਂ ਹਾਸਿਲ ਕੀਤੀ।



ਨੁਸਰਤ ਨੂੰ ਬਚਪਨ ਤੋਂ ਹੀ ਰਾਗ ਦੀ ਬੜੀ ਸਮਝ ਸੀ। ਉਸਨੇ ਕੱਵਾਲੀ ਦੇ ਖੇਤਰ ਵਿਚ ਨਵੇਂ ਰਾਹ ਲੱਭੇ।

ਪਹਿਲੀ ਵਾਰ ਨੁਸਰਤ ਨੇ ਆਪਣੇ ਵਾਲਿਦ ਉਸਤਾਦ ਫ਼ਤਿਹ ਅਲੀ ਖ਼ਾਂ ਦੀ ਬਰਸੀ ਤੇ ਗਾਇਆ ਬਾਕਾਇਦਾ ਗਾਇਕੀ ਦਾ ਆਗਾਜ਼ ਉਹਨਾਂ ਨੇ ਮਹਿਜ 15 ਸਾਲ ਦੀ ਉਮਰ ਵਿੱਚ 1964 ਵਿੱਚ ਰੇਡੀਉ ਪਾਕਿਸਤਾਨ ਲਾਹੌਰ ਤੋਂ ਪੇਸ਼ ਹੁੰਦੇ ਪਰੋਗਰਾਮ 'ਜਸ਼ਨ-ਏ-ਬਹਾਰਾਂ' ਵਿੱਚ ਅਮੀਰ ਖੁਸਰੋ ਦੇ ਫਾਰਸੀ ਕਲਾਮ 'ਮਨ ਬੰਧਾ ਯਹਾਂ' ਨਾਲ ਕੀਤਾ।

ਨੁਸਰਤ ਮਹਿਜ ਕੱਵਾਲ ਹੀ ਨਹੀ ਸੀ ਬਲਕਿ ਖ਼ਿਆਲ ਗਾਇਕੀ ਦਾ ਵੀ ਉਸਤਾਦ ਸੀ ਨੁਸਰਤ ਦੀ ਆਵਾਜ਼ ਵਿਚ ਅਲਹਿਦਾ ਜਾਦੂ ਸੀ। ਉਹ ਜਦੋਂ ਸਟੇਜ 'ਤੇ ਕਲਾਮ ਸ਼ੁਰੂ ਕਰਦਿਆਂ ਅਲਾਪ ਛੇੜਦਾ ਤਾਂ ਸਰੋਤੇ ਵਿਸਮਾਦੀ ਰੰਗਤ ਵਿਚ ਰੰਗੇ ਜਾਂਦੇ।

ਫਿਰ ਬੈਠਿਆਂ ਦਿਨ-ਰਾਤ ਦਾ ਪਤਾ ਹੀ ਨਹੀਂ ਸੀ ਲੱਗਦਾ। ਸੰਗੀਤ ਦੇ ਖੇਤਰ ਵਿਚ ਜੋ ਮਾਣ ਨੁਸਰਤ ਦੇ ਹਿੱਸੇ ਆਇਆ ਉਹ ਕਿਸੇ ਹੋਰ ਦੇ ਹਿੱਸੇ ਨਹੀਂ ਆਇਆਂ।

ਇਸ ਪਿੱਛੇ ਨੁਸਰਤ ਦੀ ਕਰੜੀ ਤਪੱਸਿਆ ਸੀ ਜੋ ਉਸਨੇ ਬੜੀ ਲਗਨ ਅਤੇ ਸ਼ਿੱਦਤ ਨਾਲ ਕੀਤੀ। ਖੁਦ ਉਹਨਾਂ ਦੇ ਦੱਸਣ ਮੁਤਾਬਿਕ ਉਹਨਾਂ ਦੇ ਘਰ ਇੱਕ ਅਜਿਹੀ ਬੈਠਕ ਸੀ ਜਿੱਥੇ ਰਿਆਜ਼ ਕਰਦਿਆਂ ਦਿਨ ਰਾਤ ਦਾ ਪਤਾ ਹੀ ਨਹੀਂ ਸੀ ਲੱਗਦਾ ਦਸ-ਦਸ ਘੰਟੇ ਰਿਆਜ਼ ਕਰਦਿਆਂ ਲੰਘ ਜਾਂਦੇ ਸਨ, ਜੋ ਉਹਨਾਂ ਲਈ ਇਬਾਦਤ ਸੀ।



ਦੁਨੀਆ ਦੀ ਉਹ ਕਿਹੜੀ ਥਾਂ ਹੈ ਜਿੱਥੇ ਨੁਸਰਤ ਨੇ ਆਪਣੀ ਵੱਖਰੀ ਗਾਇਣ ਸ਼ੈਲੀ ਨਾਲ ਆਪਣੀ ਛਾਪ ਨਹੀਂ ਛੱਡੀ। ਜੋ ਲੋਕ ਉਸਦੇ ਗੀਤਾਂ ਦੀ ਜ਼ੁਬਾਨ ਨਹੀਂ ਵੀ ਸਮਝਦੇ ਸਨ। ਉਹ ਵੀ ਉਸਦੇ ਕਲਾਮ 'ਤੇ ਝੂਮ ਉੱਠਦੇ।

ਉਸ ਦੁਆਰਾ ਗਾਏ ਕਲਾਮ 'ਹੱਕ ਅਲੀ ਮੌਲਾ' ਅਤੇ 'ਨੀ ਮੈਂ ਜਾਣਾ ਜੋਗੀ ਦੇ ਨਾਲ' ਨੇ ਉਸਦੀ ਵਿਸ਼ਵ ਪੱਧਰੀ ਪਹਿਚਾਨ ਬਣਾਈ। ਨੁਸਰਤ ਨੇ ਆਪਣੇ ਕਲਾ ਦੇ ਫਨ ਨਾਲ ਬੜੀਆਂ ਮਿਸਾਲਾਂ ਕਾਇਮ ਕੀਤੀਆਂ ਜੋ ਹਕੀਕਤਾਂ ਬਣ ਗਈਆਂ। ਨੁਸਰਤ ਨੇ ਪੰਜਾਬੀ, ਹਿੰਦੀ, ਉਰਦੂ, ਪਸ਼ਤੋ, ਅਰਬੀ ਮੁਲਤਾਨੀ, ਫਾਰਸੀ ਅਤੇ ਅੰਗਰੇਜ਼ੀ ਜ਼ੁਬਾਨਾਂ ਵਿਚ ਗਾਇਆ।

ਗੋਰਿਆਂ ਨੂੰ ਕਲਾਸੀਕਲ ਮੌਸਿਕੀ ਨਾਲ ਜੋੜਨ ਵਾਲਾ ਉਹ ਇੱਕੋ ਇਕ ਕਲਾਕਾਰ ਹੋਇਆ ਕਲਾਸੀਕੀ ਮੌਸਿਕੀ ਨੂੰ ਆਮ ਲੋਕਾਂ ਤੱਕ ਲੈ ਕੇ ਜਾਣ ਦਾ ਸਿਹਰਾ ਵੀ ਨੁਸਰਤ ਫ਼ਤਿਹ ਅਲੀ ਖ਼ਾਂ ਸਿਰ ਬੱਝਦਾ ਹੈ। ਅੱਜ ਪੂਰੀ ਦੁਨੀਆ ਵਿਚ ਨਿਗਾ ਮਾਰੀਏ ਤਾਂ ਉਸਦੇ ਦਿਵਾਨਿਆਂ ਦੀ ਗਿਣਤੀ ਦਾ ਕੋਈ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ।

ਖ਼ਾਂ ਸਾਹਬ ਬਾਰੇ ਜਿੰਨ੍ਹਾ ਕਿਹਾ ਜਾਵੇ ਉਹਨਾਂ ਹੀ ਥੋੜ੍ਹਾ ਹੈ।

ਲਗਪਗ 28 ਸਾਲ ਪਹਿਲਾਂ ਸਾਡੇ ਕੋਲੋਂ ਅਚਾਨਕ ਖ਼ਾਂ ਸਾਹਬ ਦਾ ਚਲੇ ਜਾਣਾ ਪੀੜਾਦਾਇਕ ਅਤੇ ਅਸਿਹ ਹੈ।

ਬੇਸ਼ਕ ਉਹ ਸਾਡੇ ਦਰਮਿਆਨ ਨਹੀਂ ਪਰ ਉਹ ਕਾਲਜੇ ਨੂੰ ਧੂਹ ਪਾਉਣ ਵਾਲੀ ਆਵਾਜ਼ ਸਦਕੇ ਸਾਡੇ ਵਿਚ ਜਿਉਂਦੇ ਨੇ। ਅੰਤ ਵਿਚ ਉਹਨਾਂ ਦੀ ਕੱਵਾਲੀ ਨਾਲ ਯਾਦ ਕਰਦਾ ਹੋਇਆ ਏਹੀ ਕਹਾਂਗਾ ਕਿ ...

**ਯਾਦਾਂ ਵਿਛੜੇ ਸੱਜਣ ਦੀਆਂ ਆਈਆਂ**

**ਅੱਖੀਆਂ 'ਚੋ ਨੀਰ ਵੱਗਦਾ....**

**- ਮਲਕੀਤ ਸਿੰਘ ਕੋਟਲੀ**

**ਪਿੰਡ ਕੋਟਲੀ ਅਬਲੂ (ਸ੍ਰੀ ਮੁਕਤਸਰ ਸਾਹਿਬ)**

**94177 30049**




# ਅਮਰਜੀਤ ਕੌਂਕੇ ਦਾ 'ਇਸ ਧਰਤੀ 'ਤੇ ਰਹਿੰਦਿਆਂ' ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ "ਕਾਵਿ ਸੰਗ੍ਰਹਿ"

**ਉਜਾਗਰ ਸਿੰਘ**

ਅਮਰਜੀਤ ਕੌਂਕੇ ਬਹੁ-ਵਿਧਾਵੀ, ਬਹੁ-ਭਾਸ਼ਾਈ, ਸੰਜੀਦਾ, ਸੁਜੱਗ ਤੇ ਸਮਾਜਿਕ ਸਰੋਕਾਰਾਂ ਦਾ ਪ੍ਰਤੀਨਿਧ ਸਾਹਿਤਕਾਰ ਹੈ। ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਉਸ ਦੀਆਂ 67 ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 7 ਪੰਜਾਬੀ, 6 ਹਿੰਦੀ, ਅਨੁਵਾਦ : ਹਿੰਦੀ ਤੋਂ ਪੰਜਾਬੀ 27, ਪੰਜਾਬੀ ਤੋਂ ਹਿੰਦੀ 13, ਅੰਗਰੇਜ਼ੀ ਤੋਂ ਪੰਜਾਬੀ 2, ਸੰਪਾਦਨ 6, ਬਾਲ ਸਾਹਿਤ 5 ਅਤੇ ਦੋ ਰਸਾਲਿਆਂ ਦੇ ਸੰਪਾਦਕ ਹਨ। 'ਇਸ ਧਰਤੀ 'ਤੇ ਰਹਿੰਦਿਆਂ' ਉਸਦਾ ਕਾਵਿ ਸੰਗ੍ਰਹਿ 68ਵੀਂ ਪੁਸਤਕ ਹੈ। ਉਸਨੇ ਆਪਣੀ ਉਮਰ ਤੋਂ ਵੱਧ ਪੁਸਤਕਾਂ ਪ੍ਰਕਾਸ਼ਤ ਕਰਵਾ ਕੇ ਇੱਕ ਸੰਸਥਾ ਤੋਂ ਵੱਧ ਕੰਮ ਕੀਤਾ ਹੈ। ਉਹ ਕਰਮਯੋਗੀ ਸਾਹਿਤਕਾਰ ਹੈ, ਜੋ ਸਾਹਿਤ ਨੂੰ ਹੀ ਸਮਰਪਤ ਹੈ। ਅਮਰਜੀਤ ਕੌਂਕੇ ਸੰਵੇਦਨਸ਼ੀਲ ਸੰਜਮ ਨਾਲ ਲਿਖਣ ਵਾਲਾ ਸ਼ਾਇਰ ਹੈ। ਇਹ ਉਸਦਾ ਪੰਜਾਬੀ ਦਾ ਸੱਤਵਾਂ ਕਾਵਿ ਸੰਗ੍ਰਹਿ ਹੈ। 2013 ਤੋਂ ਬਾਰਾਂ ਸਾਲ ਬਾਅਦ ਉਸਦਾ 'ਇਸ ਧਰਤੀ 'ਤੇ ਰਹਿੰਦਿਆਂ' ਕਾਵਿ ਸੰਗ੍ਰਹਿ ਆਇਆ ਹੈ। ਇਸ ਤੋਂ ਸਾਫ਼ ਜ਼ਾਹਰ ਹੁੰਦਾ ਹੈ ਕਿ ਉਹ ਗਿਣਤੀ ਨਾਲੋਂ ਮਿਆਰੀ ਕਵਿਤਾ ਵਿੱਚ ਵਿਸ਼ਵਾਸ ਰੱਖਦਾ ਹੈ। ਇਸ ਕਾਵਿ ਸੰਗ੍ਰਹਿ ਵਿੱਚ ਉਸ ਦੀਆਂ 71 ਸਮਾਜਿਕ ਸਰੋਕਾਰਾਂ ਨਾਲ ਸੰਬੰਧਤ ਕਵਿਤਾਵਾਂ ਹਨ। ਕੁੱਝ ਕੁ ਕਵਿਤਾਵਾਂ ਰੁਮਾਂਸਵਾਦ ਨਾਲ ਸੰਬੰਧਤ ਵੀ ਹਨ ਪ੍ਰੰਤੂ ਉਨ੍ਹਾਂ ਵਿੱਚੋਂ ਵੀ ਸਮਾਜਿਕ ਸਰੋਕਾਰਾਂ ਦੀ ਖ਼ੁਸ਼ਬੋ ਆਉਂਦੀ ਹੈ। ਅਮਰਜੀਤ ਕੌਂਕੇ ਦੀਆਂ ਖੁਲ੍ਹੀਆਂ ਵਿਚਾਰ ਪ੍ਰਧਾਨ ਕਵਿਤਾਵਾਂ ਹਨ। ਇਸ ਵਿਚਲੀਆਂ ਬਹੁਤੀਆਂ ਕਵਿਤਾਵਾਂ ਸਿੰਬਾਲਿਕ ਹਨ, ਭਾਵ ਆਮ ਪਾਠਕ ਨੂੰ ਇਉਂ ਲੱਗਦਾ ਹੈ ਕਿ ਉਹ ਕਿਸੇ ਵਿਅਕਤੀ, ਪਸ਼ੂ, ਪੰਛੀ ਜਾਂ ਵਸਤੂ ਬਾਰੇ ਗੱਲ ਕਰ ਰਿਹਾ ਹੈ, ਪ੍ਰੰਤੂ ਉਸਦੀ ਕਵਿਤਾ ਉਨ੍ਹਾਂ ਵਸਤਾਂ ਰਾਹੀਂ ਸਮਾਜ ਵਿੱਚ ਵਾਪਰ ਰਹੀਆਂ ਕੁਰੀਤੀਆਂ ਦੇ ਗ਼ਲਤ ਪ੍ਰਭਾਵਾਂ ਬਾਰੇ ਆਪਣੇ ਵਿਚਾਰ ਪ੍ਰਗਟ ਕਰ ਰਿਹਾ ਹੁੰਦਾ ਹੈ। ਉਦਾਹਰਣ ਲਈ 'ਇੱਕ ਬਲ਼ਦੀ ਦੁਪਹਿਰ', 'ਬੋਲਣ ਦਿਉ ਉਸਨੂੰ', 'ਅਜਗਰ', 'ਬਿਸਾਤ' ਅਤੇ 'ਵਿਰਲਾਪ', 'ਮਾਂ ਦਾ ਚਿਹਰਾ' 'ਵੈਂਟੀਲੇਟਰ 'ਤੇ ਲੱਗੇ ਰਿਸ਼ਤੇ', 'ਅੰਦਰ ਮਰਿਆ ਬਸੰਤ', 'ਇੱਕ ਲਾਵਾਰਿਸ ਸਾਈਕਲ' ਆਦਿ ਕਵਿਤਾਵਾਂ। ਅਮਰਜੀਤ ਕੌਂਕੇ ਨੇ ਹਰ ਇੱਕ ਗੰਭੀਰ ਵਿਸ਼ੇ/ਮੁੱਦੇ 'ਤੇ ਕਵਿਤਾਵਾਂ ਲਿਖਕੇ ਲੋਕਾਈ ਨੂੰ ਜਾਗ੍ਰਤ ਕਰਨ ਦੀ ਕੋਸ਼ਿਸ਼ ਕੀਤੀ ਹੈ, ਅਜੇ ਵੀ ਸੰਭਲ ਜਾਓ ਸਮਾਂ ਤੁਹਾਡੇ ਕੋਲ ਹੈ, ਤੁਸੀਂ ਆਪਣੇ ਸਭਿਆਚਾਰ ਤੇ ਸੰਸਕ੍ਰਿਤੀ ਨੂੰ ਬਚਾ ਲਓ, ਇਕ ਵਾਰ ਸਮਾਂ ਹੱਥੋਂ ਨਿਕਲਿਆ ਮੁੜ ਕੇ ਹੱਥ ਨਹੀਂ ਆਉਣਾ। ਸਮਾਜਿਕ ਤਾਣੇ-ਬਾਣੇ ਦਾ ਕੋਈ ਅਜਿਹਾ ਵਿਸ਼ਾ/ਮੁੱਦਾ/ਘਟਨਾ ਨਹੀਂ ਜਿਸ ਬਾਰੇ ਉਸਨੇ ਕਵਿਤਾ ਨਾ ਲਿਖੀ ਹੋਵੇ। ਚਲੰਤ ਮਾਮਲਿਆਂ ਜਿਨ੍ਹਾਂ ਵਿੱਚ ਸਮਾਜਿਕ, ਆਰਥਿਕ ਤੇ ਸਭਿਆਚਾਰਕ ਮਸਲੇ ਸ਼ਾਮਲ ਹੁੰਦੇ ਹਨ, ਉਨ੍ਹਾਂ ਬਾਰੇ ਉਸਦੀ ਕਲਮ ਆਪ ਮੁਹਾਰੇ ਲਿਖਣ ਲਈ ਉਤਸਕ ਹੋ ਜਾਂਦੀ ਹੈ। ਉਨ੍ਹਾਂ ਦੇ ਪ੍ਰਤੀਕਰਮ ਉਸਦੀਆਂ ਕਵਿਤਾਵਾਂ ਵਿੱਚ ਵੇਖੇ ਜਾ ਸਕਦੇ ਹਨ।




ਆਧੁਨਿਕਤਾ ਦੇ ਯੁਗ ਵਿੱਚ ਮਨੁੱਖ ਅਸੰਵੇਦਨਸ਼ੀਲ ਹੋ ਗਿਆ ਹੈ। ਆਪਸੀ ਸਹਿਯੋਗ, ਸ਼ਹਿਨਸ਼ੀਲਤਾ, ਇਨਸਾਨੀਅਤ, ਕਦਰਾਂ ਕੀਮਤਾਂ ਖ਼ਤਮ ਹੋਣ ਦੇ ਕਿਨਾਰੇ ਪਹੁੰਚ ਗਈਆਂ ਹਨ। ਇਸਤਰੀਆਂ ਸਦੀਆਂ ਤੋਂ ਮਨੁੱਖੀ ਹੱਕਾਂ ਤੋਂ ਵਾਂਝੀਆਂ ਕੀਤੀਆਂ ਹੋਈਆਂ, ਉਨ੍ਹਾਂ ਦੀਆਂ ਭਾਵਨਾਵਾਂ ਦੀ ਕਦਰ ਨਹੀਂ, ਘਰਾਂ ਵਿੱਚ ਕੈਦ ਸਨ ਪ੍ਰੰਤੂ ਸਮੇਂ ਦੀ ਕਰਵਟ ਨਾਲ ਹੁਣ ਉਹ ਆਜ਼ਾਦੀ ਨਾਲ ਉਡਾਰੀਆਂ ਮਾਰਨ ਯੋਗ ਹੋ ਗਈਆਂ ਹਨ। ਉਹ ਸਾਰੀ ਉਮਰ ਸਹੁਰੇ ਪਰਿਵਾਰ ਵਿੱਚ ਗੁਜ਼ਾਰਦੀ, ਬੱਚੇ ਪੈਦਾ ਕਰਦੀ ਤੇ ਫਿਰ ਪਾਲਦੀ, ਕਮਾਉਂਦੀ ਹੈ, ਪ੍ਰੰਤੂ ਉਸਨੂੰ ਕੱਫਣ ਵੀ ਮਾਪਿਆਂ ਤੋਂ ਲੈਣਾ ਪੈਂਦਾ ਹੈ। ਇਹ ਔਰਤ ਦੀ ਤ੍ਰਾਸ਼ਦੀ ਹੈ। ਬਚਪਨ ਵਿੱਚ ਕੁੜੀਆਂ ਖਿੜੀਆਂ ਰਹਿੰਦੀਆਂ ਹਨ ਪ੍ਰੰਤੂ ਵਿਆਹ ਤੋਂ ਬਾਅਦ ਬਹੁਤ ਸਾਰੀਆਂ ਅਨੇਕਾਂ ਮੁਸ਼ਕਲਾਂ ਨਾਲ ਜੂਝਦੀਆਂ ਮੁਰਝਾ ਜਾਂਦੀਆਂ ਹਨ। ਇਹ ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਤਿੱਖੇ ਵਿਅੰਗ ਮਾਰਦੀਆਂ ਹਨ। ਅਮਰਜੀਤ ਕੌਂਕੇ ਦੀਆਂ ਕਵਿਤਾਵਾਂ ਕਰੋਨਾ ਦੇ ਸਮੇਂ ਦੀ ਤ੍ਰਾਸ਼ਦੀ, ਗ਼ਰੀਬੀ ਦੀ ਸਮੱਸਿਆ, ਮਾਨਵੀ ਕਦਰਾਂ ਕੀਮਤਾਂ ਦੀ ਗਿਰਾਵਟ, ਅਖੌਤੀ ਪ੍ਰਗਤੀ ਆਦਿ ਦਾ ਨਮੂਨਾ ਪੇਸ਼ ਕਰਦੀਆਂ ਹਨ। ਸਿਆਸੀ ਢਾਂਚੇ ਵਿੱਚ ਭ੍ਰਿਸ਼ਟਾਚਾਰ ਦੀ ਚਰਮ ਸੀਮਾ, ਮਾਨਵਤਾ ਲਈ ਖ਼ਤਰੇ ਦੀ ਘੰਟੀ ਬਣੀ ਹੋਈ ਹੈ। ਮੀਡੀਆ ਦੀ ਲਾਪ੍ਰਵਾਹੀ ਅਤੇ ਮਰੀਆਂ ਹੋਈਆਂ ਜ਼ਮੀਰਾਂ ਸਮਾਜਿਕ ਤਾਣੇ-ਬਾਣੇ 'ਤੇ ਲਾਹਣਤ ਹਨ। ਵਾਤਵਰਨ ਵਿੱਚ ਆਇਆ ਨਿਘਾਰ, ਜੰਗਲਾਂ ਦੀ ਕਟਾਈ, ਪਾਣੀ ਦੀ ਦੁਰਵਰਤੋਂ, ਹਵਾ, ਪਾਣੀ ਤੇ ਮਿੱਟੀ ਦਾ ਦੂਸ਼ਤ ਹੋਣਾ, ਲੁੱਟਾਂ ਖੋਹਾਂ, ਪਰਵਾਸ, ਧੋਖੇ, ਫ਼ਰੇਬ ਪੂੰਜੀਪਤੀ, ਜੰਗਾਂ ਅਤੇ ਲਾਲਚ ਮਨੁੱਖੀ ਮਾਨਸਿਕਤਾ ਦੀ ਕਮਜ਼ੋਰੀ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਦੇ ਵਿਰੋਧ ਵਜੋਂ ਇਕ-ਨਾ-ਇਕ ਦਿਨ ਲੋਕ ਉਠਣਗੇ। ਵਿਕਾਸ ਦੇ ਨਾਮ 'ਤੇ ਸਤਿਆਨਾਸ਼ ਕੀਤਾ ਜਾ ਰਿਹਾ ਹੈ। ਇਸ ਕਾਵਿ ਸੰਗ੍ਰਹਿ ਦੇ ਸਿਰਲੇਖ ਵਾਲੀ




ਕਵਿਤਾ 'ਇਸ ਧਰਤੀ 'ਤੇ ਰਹਿੰਦਿਆਂ' ਬਹੁਤ ਹੀ ਸੰਵੇਦਨਸ਼ੀਲ ਤੇ ਭਾਵਨਾਤਮਿਕ ਕਵਿਤਾ ਹੈ, ਜਿਸ ਵਿੱਚ ਸ਼ਾਇਰ ਨੇ ਸਾਹਿਤਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਸੁਜੱਗਤਾ ਨਾਲ ਨਿਭਾਉਣ ਦੀ ਤਾਕੀਦ ਕੀਤੀ ਹੈ। ਜੇਕਰ ਉਨ੍ਹਾਂ ਆਪਣੀ ਜ਼ਿੰਮੇਵਾਰੀ ਸੰਜੀਦਗੀ ਨਾਲ ਨਾ ਨਿਭਾਈ ਤਾਂ ਉਹ ਅਕਿਰਤਘਣ ਸਾਬਤ ਹੋਣਗੇ ਤੇ ਸਮਾਜ ਉਨ੍ਹਾਂ ਨੂੰ ਮੁਆਫ਼ ਨਹੀਂ ਕਰੇਗਾ। ਸਾਹਿਤਕਾਰਾਂ ਦੀ ਕਲਮ ਇਨਕਲਾਬ ਲਿਆ ਸਕਦੀ ਹੈ। ਇਤਿਹਾਸ ਗਵਾਹ ਹੈ ਕਿ ਕਲਮ ਵਿੱਚ ਤਲਵਾਰ ਨਾਲੋਂ ਵੀ ਜ਼ਿਆਦਾ ਅਥਾਹ ਸ਼ਕਤੀ ਹੁੰਦੀ ਹੈ, ਜਿਹੜੀ ਰਾਜ ਭਾਗ ਬਦਲਣ ਦੀ ਸਮਰੱਥਾ ਰੱਖਦੀ ਹੈ। ਪੁਰਾਣੀਆਂ ਵਿਰਾਸਤੀ ਪਰੰਪਰਾਵਾਂ, ਖੇਡਾਂ, ਚਿੱਠੀਆਂ, ਰਿਸ਼ਤਿਆਂ ਦਾ ਨਿੱਘ, ਸਾਰਾ ਕੁਝ ਨੈਟ ਅਤੇ ਸ਼ੋਸ਼ਲ ਮੀਡੀਆ ਨੇ ਵਟਸ ਅਪ ਤੇ ਫੇਸ ਬੁੱਕ ਰਾਹੀਂ ਆਪਣੀ ਲਪੇਟ ਵਿੱਚ ਲੈ ਲਿਆ ਹੈ। ਇਹ ਸਾਡੇ ਸਭਿਆਚਾਰ ਨੂੰ ਖ਼ੋਰਾ ਲੱਗਣ ਦੀ ਨਿਸ਼ਾਨੀ ਹੈ। ਇਨਸਾਨ ਦਾ ਦਿਮਾਗ ਲੰਬੀ ਦੌੜ ਲਗਾ ਰਿਹਾ ਹੈ, ਇਨਸਾਨ ਨੂੰ ਆਪਣੇ ਦਿਮਾਗ ਦੀ ਯੋਗ ਵਰਤੋਂ ਕਰਨੀ ਚਾਹੀਦੀ ਹੈ। ਮਨੁੱਖ ਦੇ ਕਈ ਰੂਪ ਹਨ, ਪ੍ਰੰਤੂ ਹਓਮੈ ਨੂੰ ਤਿਲਾਂਜ਼ਲੀ ਦੇ ਕੇ ਮਾਨਵਤਾ ਦੀ ਭਲਾਈ ਵੱਲ ਰੁੱਖ ਕਰਨਾ ਚਾਹੀਦਾ ਹੈ। ਆਪਣੀ ਲਿਆਕਤ ਤੋਂ ਕੰਮ ਲੈ ਕੇ ਫ਼ੈਸਲੇ ਆਪ ਲੈਣੇ ਚਾਹੀਦੇ ਹਨ, ਦੁਨੀਆਂ ਦੋਮੂੰਹੀ ਹੈ। ਜਿਹੜਾ ਮਨੁੱਖ ਸਮੇਂ ਦੀ ਕਦਰ ਨਹੀਂ ਕਰਦਾ ਉਹ ਭਟਕਦਾ ਹੀ ਰਹਿੰਦਾ ਹੈ, ਸਮੇਂ ਦੀ ਅਹਿਮੀਅਤ ਨੂੰ ਸਮਝਣਾ ਸਫ਼ਲਤਾ ਦੀ ਕੁੰਜੀ ਹੈ। ਮਨੁੱਖ ਵੱਲੋਂ ਨਫ਼ਰਤਾਂ ਦੇ ਬੀਜ ਬੀਜ ਕੇ ਸਮਾਜ ਦੀ ਬਿਹਤਰੀ ਨਹੀਂ ਹੋ ਸਕਦੀ, ਲੋਕਾਂ ਨੂੰ ਇਨਸਾਨੀਅਤ ਦੀ ਪਛਾਣ ਨਹੀਂ। ਉਹ ਆਪਣੀ ਪਛਾਣ ਵੀ ਨਹੀਂ ਕਰਦੇ ਸਾਰੀ ਉਮਰ ਕਲਪੀ ਜਾਂਦੇ ਹਨ। ਉਨ੍ਹਾਂ ਦੀ ਕਹਿਣੀ ਤੇ ਕਰਨੀ ਦਾ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਵਿਖਾਵਾ ਕੁਝ ਹੋਰ ਕਰਦੇ ਹਨ, ਇਸ ਤਰ੍ਹਾਂ ਕਰਕੇ ਆਪਣੇ ਪੈਰੀਂ ਆਪ ਹੀ ਕੁਹਾੜਾ ਮਾਰ ਰਹੇ ਹੁੰਦੇ ਹਨ। ਪਰਵਾਸ ਦਾ ਸੰਤਾਪ ਹਮੇਸ਼ਾ ਹਿਰਦੇ ਵਿੱਚ ਤਕਲੀਫ ਦਿੰਦਾ ਰਹਿੰਦਾ ਹੈ। ਯਾਦਾਂ ਸਾਡਾ ਸਰਮਾਇਆ ਹਨ। ਸਾਵਣ ਤੇ ਬਰਸਾਤ ਦਾ ਆਨੰਦ ਅਮੀਰ ਲੋਕਾਂ ਲਈ ਹੈ, ਪ੍ਰੰਤੂ ਗ਼ਰੀਬਾਂ ਨੂੰ ਰੋਜ਼ ਰੋਟੀ ਦੇ ਲਾਲੇ ਪੈ ਜਾਂਦੇ ਹਨ, ਕਿਉਂਕਿ ਦਿਹਾੜੀ ਮਰ ਜਾਂਦੀ ਹੈ ਤੇ ਉਨ੍ਹਾਂ ਦੇ ਘਰ ਚੋਣ ਲੱਗ ਜਾਂਦੇ ਹਨ। ਮੌਸਮ ਦੇ ਬਦਲਣ ਨਾਲ ਉਨ੍ਹਾਂ ਨੂੰ ਰੋਜ਼ੀ ਰੋਟੀ ਦਾ ਕਿੱਤਾ ਬਦਲ ਕੇ ਹੋਰ ਕੋਈ ਜੁਗਾੜ ਕਰਨਾ ਪੈਂਦਾ ਹੈ। ਨੌਕਰੀ ਮਨੁੱਖ ਨੂੰ ਝਮੇਲਿਆਂ, ਚਿੰਤਾਵਾਂ ਤੇ ਕੰਮ ਦੇ ਭਾਰ ਥੱਲੇ ਦੱਬ ਲੈਂਦੀ ਹੈ। ਸੇਵਾ ਮੁਕਤੀ ਦੀ ਜ਼ਿੰਦਗੀ ਦਾ ਲੁਤਫ਼ ਲੈਣ ਦਾ ਮੌਕਾ ਦਿੰਦੀ ਹੈ। ਮਨੁੱਖ ਨੂੰ ਐਵੇਂ ਡਰ ਬਣਿਆਂ ਰਹਿੰਦਾ ਹੈ ਕਿ ਕੁਝ ਚੰਗਾ ਮਾੜਾ ਨਾ ਹੋ ਜਾਵੇ, ਪ੍ਰੰਤੂ ਇਹ ਇੱਕ ਵਹਿਮ ਹੁੰਦਾ ਹੈ। ਕੁਝ ਲੋਕ ਸਮਝਦੇ ਹਨ ਕਿ ਉਨ੍ਹਾਂ ਤੋਂ ਬਿਨਾਂ ਦੁਨੀਆਂ ਦਾ ਕੀ ਬਣੇਗਾ, ਸੰਸਾਰ ਨੇ ਏਸੇ ਤਰ੍ਹਾਂ ਚਲਦੇ ਰਹਿਣਾ ਹੈ, ਕਿਸੇ ਦੇ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ ਪ੍ਰੰਤੂ ਜਿਸਦੇ ਇੱਕ ਵਾਰ ਬਣ ਜਾਓ ਸਦਾ ਸੰਬੰਧ ਬਰਕਰਾਰ ਰੱਖੋ। ਹਾਲਾਤ ਜ਼ਰੂਰ ਬਦਲਦੇ ਰਹਿੰਦੇ ਹਨ। ਇਨਸਾਨ ਆਪਣੇ ਗੁਨਾਹਾਂ ਕਰਕੇ ਝੂਰਦਾ ਹੋਇਆ ਉਦਾਸੀ ਦੇ ਆਲਮ ਵਿੱਚ ਪਹੁੰਚ ਜਾਂਦਾ ਹੈ। ਗੁਨਾਹਾਂ ਦਾ ਕਰਜ਼ ਲਾਹੁਣ ਲਈ ਪਛਤਾਵਾ ਕਰਦਾ ਰਹਿੰਦਾ ਹੈ। ਮਨੁੱਖ ਨਾਲੋਂ ਕੁੱਤਿਆਂ ਦੀ ਅਹਿਮੀਅਤ ਵੱਧ ਗਈ ਹੈ। ਰਿਸ਼ਤੇ ਸਿਰਫ਼ ਕਾਗਜ਼ੀ ਰਹਿ ਗਏ ਹਨ। ਇਸ ਤੋਂ ਇਲਾਵਾ ਕਵੀ ਨੇ ਮਨੁੱਖ ਦੇ ਬਚਪਨ ਤੋਂ ਲੈ ਕੇ ਜ਼ਿੰਦਗੀ ਦੇ ਬਦਲਦੇ ਰੰਗਾਂ ਬਾਰੇ ਲਿਖਦਿਆਂ ਦੱਸਿਆ ਹੈ ਕਿ ਬਚਪਨ ਵਿੱਚ ਅਧਿਆਪਕਾਂ ਦੇ ਡਰ, ਫਿਰ ਪਿਆਰ ਦੀਆਂ ਪੀਂਘਾਂ ਦਾ ਤੌਖਲਾ, ਰੋਜ਼ਗਾਰ ਦੇ ਚਕਰ, ਵਿਆਹ ਤੋਂ ਬਾਅਦ ਬੱਚਿਆਂ ਦੀ ਪੜ੍ਹਾਈ, ਉਨ੍ਹਾਂ ਦਾ ਰੋਜ਼ਗਾਰ, ਵਿਆਹ ਤੇ ਬੁਢਾਪੇ ਵਿੱਚ ਔਲਾਦ ਦੇ ਪਰਿਵਾਰਾਂ ਦੀਆਂ ਜ਼ਿੰਮੇਵਾਰੀਆਂ ਨੂੰਹਾਂ ਦੇ ਨਖ਼ਰਿਆਂ ਆਦਿ ਦਾ ਦਰਦ ਬਣਿਆਂ ਰਹਿੰਦਾ ਹੈ। ਭਾਵ ਸਾਰੀ ਉਮਰ ਬੇਚੈਨੀ ਵਿੱਚ ਗੁਜ਼ਰਦੀ ਹੈ। ਸੇਵਾ ਮੁਕਤੀ ਤੇ ਦਿਨ ਵਿੱਚ ਫਿਰ ਪਰਿਵਾਰ ਦੇ ਝਮੇਲੇ ਤੇ ਸਵੇਰੇ ਸ਼ਾਮ ਬਣ ਠਣ ਕੇ ਸੈਰ ਦੇ ਸਮੇਂ ਦੁੱਖ ਸੁੱਖ ਦੋਸਤਾਂ ਨਾਲ ਸਾਂਝ ਕਰਕੇ ਦਿਲ ਹੌਲੇ ਕੀਤੇ ਜਾਂਦੇ ਹਨ। ਪਿਆਰ ਦੇ ਢਕੌਂਸਲੇ ਲੋਕ ਬਹੁਤ ਕਰਦੇ ਹਨ ਪ੍ਰੰਤੂ ਰੂਹ ਦਾ ਪਿਆਰ ਟਾਵਾਂ ਟੱਲਾ ਹੈ ਕਰਦਾ ਹੈ। ਪਿਆਰ ਦੇ ਨਾਮ 'ਤੇ ਜਿਸਮਾਂ ਦਾ ਵਿਓਪਾਰ ਹੋ ਰਿਹਾ ਹੈ। ਪਿਆਰ ਦਾ ਪੈਂਡਾ ਬੜਾ ਕਠਨ ਹੁੰਦਾ ਹੈ, ਅਨੇਕਾਂ ਦੁਸ਼ਾਵਰੀਆਂ ਰਸਤਾ ਰੋਕੀ ਖੜ੍ਹੀਆਂ ਹੁੰਦੀਆਂ ਹਨ। ਮਨੁੱਖ ਦੇ ਦਿਮਾਗ ਵਿੱਚ ਅਵਚੇਤਨ ਤੌਰ 'ਤੇ ਬਹੁਤ ਕੁਝ ਸਮੋਇਆ ਹੁੰਦਾ ਹੈ। ਉਹ ਯਾਦਾਂ ਵੀ ਮਨੁੱਖ ਦਾ ਸਰਮਾਇਆ ਹੁੰਦੀਆਂ ਹਨ ਉਨ੍ਹਾਂ ਦੇ ਸਹਾਰੇ ਹੀ ਆਨੰਦਮਈ ਜੀਵਨ ਗੁਜ਼ਰਦਾ ਰਹਿੰਦਾ ਹੈ। ਝੂਠ, ਬੇਈਮਾਨੀ, ਲਾਲਚ ਅਤੇ ਠੱਗੀ ਠੋਰੀ ਦੀ ਸਿੱਖਿਆ ਦੇਣ ਨਾਲ ਸਮਾਜਿਕ ਤਾਣਾ ਬਾਣਾ ਗੰਧਲਾ ਹੋ ਜਾਵੇਗਾ, ਅਜਿਹੀਆਂ ਹਰਕਤਾਂ ਕਰਨ ਵਾਲਿਆਂ ਨੂੰ ਕਵੀ ਸੁਚੇਤ ਕਰਦਾ ਹੈ। ਅਖ਼ੀਰ ਵਿੱਚ ਕਿਹਾ ਜਾ ਸਕਦਾ ਹੈ ਕਿ ਅਮਰਜੀਤ ਕੌਂਕੇ ਤੋਂ ਹੋਰ ਸਾਰਥਿਕ ਸਾਹਿਤ ਦੀ ਸਿਰਜਨਾ ਦੀ ਆਸ ਕੀਤੀ ਜਾ ਸਕਦੀ ਹੈ।

# ਨਸ਼ੇ, ਨਸ਼ੇ, ਨਸ਼ੇ, ਮਾਰ ਲਿਆ ਨਸ਼ਿਆਂ ਨੇ ਪੰਜਾਬ ਨੂੰ

**ਕਦੇ ਸਮਾਂ ਸੀ ਪੰਜਾਬੀ ਨਸ਼ਿਆਂ ਤੋਂ ਦੂਰ ਇੱਕ ਸੁਖਾਵੇਂ ਮਾਹੌਲ 'ਚ ਵਿਚਰਦੇ ਆਪਣੇ ਬੱਚਿਆਂ ਦੇ ਭਵਿੱਖ ਲਈ ਤਤਪਰ ਇੱਕ ਹਸਦੀ ਰਸਦੀ ਸੂਝਵਾਨ ਕੌਮ ਵਜੋਂ ਜਾਣੇ ਜਾਂਦੇ ਸਨ। ਅੱਜ ਪੰਜਾਬ ਨਸ਼ਿਆਂ ਦਾ ਪੰਜਾਬ ਬਣਦਾ ਜਾ ਰਿਹਾ ਹੈ। ਵਿਆਹ, ਸ਼ਾਦੀਆਂ, ਅਖੰਡ-ਪਾਠਾਂ ਦੇ ਭੋਗ ਸਮੇਂ ਜਿਸ ਬੇਹਿਆਈ ਨਾਲ ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਮੈਰਿਜ ਪੈਲਿਸ, ਜਨਤਕ ਥਾਵਾਂ ਉਤੇ ਹੋਣ ਲੱਗ ਪਿਆ ਹੈ, ਉਹ ਪੰਜਾਬੀ ਕੌਮ ਲਈ ਘਾਤਕ ਹੋਣ ਲੱਗਿਆ ਹੈ।**



ਕਿਸਨੂੰ ਨਹੀ ਪਤਾ ਨਸ਼ਾ ਮਾੜੀ ਚੀਜ਼ ਹੈ? ਭਾਵੇਂ ਇਹ ਨਸ਼ਾ ਅਫਰੇਂਵੀਂ ਤਾਕਤ ਦਾ ਹੈ, ਜਾਂ ਅਫੀਮ ਦਾ। ਇਹ ਨਸ਼ਾ ਰਾਜਸੀ ਗਰੂਰ ਦਾ ਹੈ ਜਾਂ ਸ਼ਰਾਬ ਦਾ। ਇਹ ਨਸ਼ਾ ਰੂਪ ਜਵਾਨੀ ਦਾ ਹੈ ਜਾਂ ਸਮੈਕ ਦਾ। ਇਹ ਨਸ਼ਾ ਦੌਲਤ, ਧਨ ਦਾ ਹੈ ਜਾਂ ਡੋਡਿਆਂ ਦਾ। ਨਸ਼ਾ ਤਾਂ ਆਖਰ ਨਸ਼ਾ ਹੈ, ਜਿਹੜਾ ਚੰਗਿਆਂ ਭਲਿਆਂ ਦੀ ਅਕਲ ਦਾ ਨਾਸ ਮਾਰ ਦੇਂਦਾ ਹੈ।

ਮੁੱਢ ਕਦੀਮ ਤੋਂ ਹੀ ਮਨੁੱਖ ਸਰੂਰ 'ਚ ਰਹਿਣ, ਗਮ ਚਿੰਤਾ ਗਲਤ ਕਰਨ, ਆਪਣੇ ਆਪ 'ਚ ਖੋਏ ਰਹਿਣ ਲਈ ਆਪਣੀ ਅਕਲ ਦਾ ਜਨਾਜਾ ਕੱਢਣ ਲਈ ਨਸ਼ਿਆਂ ਦੀ ਵਰਤੋਂ ਕਰਦਾ ਆਇਆ ਹੈ। ਨਸ਼ੇ 'ਚ ਮਦਹੋਸ਼ ਮਨੁੱਖ, ਮਨੁੱਖੀ ਕਦਰਾਂ ਕੀਮਤਾਂ ਨੂੰ ਭੁੱਲ ਇਹੋ ਜਿਹੇ ਕੰਮ ਕਰ ਬੈਠਦਾ ਹੈ, ਜਿਸ ਨਾਲ ਮਨੁੱਖਤਾ ਸ਼ਰਮਸਾਰ ਹੋ ਉਠੱਦੀ ਹੈ। ਸਧਾਰਨ ਲੜਾਈਆਂ ਤੋਂ ਲੈ ਕੇ ਕਤਲਾਂ ਤੱਕ, ਹੰਕਾਰੀ ਵਿਭਚਾਰੀ ਹੋਣ ਤੋਂ ਲੈ ਕੇ ਦੁਰਾਚਾਰੀ ਤੇ ਹੈਂਕੜਬਾਜ ਹੋਣ ਤੱਕ ਦਾ ਸਫਰ ਤਾਕਤ ਦੇ ਨਸ਼ੇ ਤੇ ਨਸ਼ੀਲੇ ਪਦਾਰਥਾਂ ਦੇ ਸੇਵਨ ਦਾ ਸਿੱਟਾ ਹੀ ਤਾਂ ਹੈ। ਨਸ਼ਿਆਂ ਦੀ ਵਰਤੋਂ ਜਿਥੇ ਉਸ 'ਚ ਹਰ ਕਿਸਮ ਦੀਆਂ ਬੁਰਾਈਆਂ ਪੈਦਾ ਕਰਨ 'ਚ ਕਾਮਯਾਬ ਹੋ ਜਾਂਦੀ ਹੈ, ਉਥੇ ਉਸਨੂੰ ਹੀਣਾ, ਝੂਠਾ, ਮਕਾਰ, ਕਰੋਧੀ, ਅੱਖੜ ਅਤੇ ਸਵਾਰਥੀ ਬਣਾ ਦਿੰਦੀ ਹੈ ਅਤੇ ਇਸ ਨਸ਼ਿਆਂ ਦੀ ਦੁਨੀਆਂ 'ਚ ਘੁੰਮਦਾ ਉਹ ਸਭ ਪਾਕ ਰਿਸ਼ਤੇ ਭੁੱਲ ਸਿਰਫ ਆਪਣਾ ਵੱਖਰਾ ਸੰਸਾਰ ਸਿਰਜ ਕਰ ਲੈਂਦਾ ਹੈ, ਜਿਥੋਂ ਕਈ ਵਾਰ ਚਾਹੁੰਦਾ ਹੋਇਆ ਵੀ ਵਾਪਸ ਨਹੀ ਪਰਤ ਪਾਉਂਦਾ। ਆਖਰ ਕਿਉਂ ਮਨੁੱਖ ਨੂੰ ਲੋੜ ਪੈਂਦੀ ਹੈ ਨਸ਼ਿਆਂ ਦੀ? ਆਖਰ ਕਿਉਂ ਉਹ ਨਸ਼ਿਆਂ 'ਚ ਖੁਭਕੇ ਮਨੁੱਖ ਤੋਂ ਜਾਨਵਰ ਬਨਣ ਨੂੰ ਤਰਜ਼ੀਹ ਦੇਣ ਲਗਦਾ ਹੈ?



ਕੋਈ ਕਹਿੰਦਾ ਹੈ ਉਹ ਗਮ ਗਲਤ ਕਰਨ ਲਈ ਪੀਂਦਾ ਹੈ। ਕੋਈ ਕਹਿੰਦਾ ਹੈ ਨਸ਼ੇ ਦਾ ਸਰੂਰ ਹੀ ਐਸਾ ਹੈ ਕਿ ਇੱਕ ਵਾਰ ਪੀਤਿਆਂ ਵਾਰ-ਵਾਰ ਪੀਣ ਨੂੰ ਜੀਅ ਕਰਦਾ ਹੈ। ਕੋਈ ਕਹਿੰਦਾ ਹੈ ਨਸ਼ੇ ਤਾਂ ਖੁਸ਼ੀ ਦੇ ਮੌਕੇ 'ਤੇ ਸਵਰਗੀ ਸੁਗਾਤ ਹਨ ਤੇ ਮਦਰਾ ਦਾ ਸੇਵਨ ਤਾਂ ਦੇਵਤੇ ਵੀ ਕਰਦੇ ਰਹੇ ਹਨ। ਕੋਈ ਕਹਿੰਦਾ ਹੈ ਨਸ਼ੇ ਮਨੁੱਖੀ ਸਰੀਰ 'ਚ ਇਹੋ ਜਿਹੀ ਤਾਕਤ ਭਰ ਦੇਂਦੇ ਹਨ ਕਿ ਜਿਹੜਾ ਕੰਮ ਮਨੁੱਖ ਬਿਨਾਂ ਨਸ਼ਾ ਪੀਤਿਆਂ ਨਹੀਂ ਕਰ ਸਕਦਾ, ਉਹ ਨਸ਼ੇ ਪੀਕੇ ਕਰਨ ਦੀ ਹਿੰਮਤ ਜੁਟਾ ਲੈਂਦਾ ਹੈ। ਅਸਲ 'ਚ ਇਹ "ਬਚਨ", ਇਹ 'ਕਥਨ' ਮਨੁੱਖ ਦੀ ਬਾਮਾਰ ਮਾਨਸਿਕਤਾ ਦਾ ਨਤੀਜਾ ਹਨ।

ਪੰਜਾਬ 'ਚ ਹਰੀ ਕ੍ਰਾਤੀ ਦੀ ਖੁਸ਼ਹਾਲੀ ਨਾਲ ਛੇਵਾਂ ਦਰਿਆ ਦੁੱਧ ਦਾ ਵਗਣਾ ਚਾਹੀਦਾ ਸੀ, ਪਰ ਵਗ ਤੁਰਿਆ ਸ਼ਰਾਬ ਤੇ ਨਸ਼ਿਆਂ ਦਾ। ਇਸ ਨਸ਼ਿਆਂ ਦੇ ਦਰਿਆ 'ਚ ਪਹਿਲਾਂ ਸਰਾਬ, ਡੋਡੇ, ਅਫੀਮ ਦੀ ਬਰਸਾਤ ਹੋਈ ਤੇ ਹੁਣ ਸਮੈਕ, ਗਾਂਜਾ, ਭੁੱਕੀ ਅਤੇ ਪਤਾ ਨਹੀਂ ਹੋਰ ਕਿਹੜੇ ਕਿਹੜੇ ਨਸ਼ੇ ਹਨ, ਜਿਹੜੇ ਇਸ ਦਰਿਆ ਦਾ ਹਿੱਸਾ ਬਣ ਗਏ ਹਨ। ਸੁਣਿਆ ਨਸ਼ੇ ਦੇ ਟੀਕਿਆਂ, ਕੈਪਸੂਲਾਂ ਤੋਂ ਬਿਨ੍ਹਾਂ ਹੁਣ ਤਾਂ ਕਿਰਲੀਆਂ ਸਾੜਕੇ ਪੀਣਾ, ਕੋਰੈਕਿਸ ਵਰਗੀਆਂ ਖੰਘ ਦੀਆਂ ਦਵਾਈਆਂ ਦੀ ਵਰਤੋਂ ਨੌਜਵਾਨ ਮੁੰਡੇ ਕੁੜੀਆਂ 'ਚ ਆਮ ਹੋ ਗਈ ਹੈ। ਕਾਲਜ, ਸਕੂਲ ਦੀ ਕੈਨਟੀਨ ਹੋਵੇ ਜਾਂ ਕੁੜੀਆਂ ਦਾ ਹੋਸਟਲ, ਪਿੰਡ ਦਾ ਕਿਸੇ ਸਾਧ ਦਾ ਡੇਰਾ ਹੋਵੇ ਜਾਂ ਪਿੰਡ ਸ਼ਹਿਰ 'ਚ ਕੋਈ ਉਜੜੀ ਥਾਂ, ਦੁਕਾਨ ਨਾਈ ਦੀ ਹੋਵੇ ਜਾਂ ਚਾਹ ਦੀ, ਸ਼ਹਿਰ,


ਗੁਰਮੀਤ ਸਿੰਘ
ਪਲਾਹੀ
98158-02070




ਪਿੰਡ ਦਾ ਕੋਈ ਮੈਡੀਕਲ ਸਟੋਰ ਹੋਵੇ ਜਾਂ ਕਿਸੇ ਅਨ-ਰਜਿਸਟਰਡ ਮੈਡੀਕਲ ਡਾਕਟਰ ਦੀ ਦੁਕਾਨ ਨਸ਼ੇ ਜਾਂ ਨਸ਼ੇ ਦੇ ਕੈਪਸੂਲ, ਪੁੜੀ ਮਿਲਣਾ ਇਤਨਾ ਆਸਾਨ ਹੋ ਗਿਆ ਹੈ ਕਿ ਸਿਆਣੇ ਮਾਪੇ ਹੁਣ ਆਪਣੇ ਬੱਚਿਆਂ ਨੂੰ ਸੰਭਾਲਣ ਲਈ ਚਿੰਤਾਵਾਨ ਹੋਏ ਦਿਸਦੇ ਹਨ। ਉਨ੍ਹਾਂ ਦੇ ਮਨ ਦਾ ਫਿਕਰ ਹੈ ਕਿ ਪਤਾ ਨਹੀ ਕਦੋਂ ਬੱਚੇ ਨਸ਼ਿਆਂ ਦੇ ਇਸ ਵਗਦੇ ਦਰਿਆ 'ਚ ਵਹਿ ਤੁਰਨ। ਕਿਉਂਕਿ ਨਸ਼ਿਆਂ ਦੇ ਸੋਦਾਗਰ ਹਰ ਗਲੀ, ਹਰ ਮੁਹੱਲੇ, ਹਰ ਰਾਹ, ਉਨ੍ਹਾਂ ਮਾਸੂਮ ਜੁਆਨੀਆਂ 'ਤੇ ਨਜ਼ਰ ਟਿਕਾਈ ਬੈਠੇ ਹਨ ਜਿਨ੍ਹਾਂ ਨੂੰ ਇਹ ਫੁਸਲਾਕੇ, ਵਰਗਲਾਕੇ ਇਹ ਮੱਕੜ ਜਾਲ 'ਚ ਫਸਾਕੇ ਆਪਣਾ ਸ਼ਿਕਾਰ ਬਣਾ ਲੈਂਦੇ ਹਨ। ਇੱਕ ਵਾਰ ਇਸ ਮੱਕੜ ਜਾਲ 'ਚ ਫਸਿਆ ਬੱਚਾ ਪੂਰੇ ਘਰ ਦੀ ਬਰਬਾਦੀ ਦਾ ਕਾਰਨ ਤਾਂ ਬਣਦਾ ਹੀ ਹੈ, ਸਗੋਂ ਆਪਣੀ ਜ਼ਿੰਦਗੀ ਤੋਂ ਵੀ ਹੱਥ ਧੋ ਬੈਠਦਾ ਹੈ।

ਜਿਵੇਂ ਵਿਦੇਸ਼ੀਆਂ ਵਲੋਂ ਚੀਨ ਦੇ ਲੋਕਾਂ ਨੂੰ ਇੱਕ ਸਾਜਿਸ਼ ਅਧੀਨ ਅਫ਼ੀਮਚੀ ਬਣਾ ਦਿੱਤਾ ਗਿਆ ਸੀ ਤੇ ਚੀਨ ਅਫੀਮਚੀਆਂ ਦਾ ਦੇਸ਼ ਕਹਾਉਣ ਲੱਗ ਪਿਆ ਸੀ ਪਰ ਬਹੁਤ ਕੋਸ਼ਿਸ਼ਾਂ ਤੇ ਸਰਕਾਰੀ, ਸਮਾਜਿਕ ਸਖਤ ਯਤਨਾਂ, ਕਦਮਾਂ ਨਾਲ ਚੀਨ ਮਸਾਂ ਮੁੜ ਲੀਹੇ ਚੜ ਸਕਿਆ ਹੈ। ਇਵੇਂ ਹੀ ਪੰਜਾਬੀਆਂ ਦੀ ਤਾਕਤਵਰ ਕੌਮ, ਜਿਹੜੀ ਕਿ ਯੋਧੇ ਜੋਸ਼ੀਲੇ, ਅਣਖ ਵਾਲੇ ਲੋਕਾਂ ਦੀ ਕੌਮ ਹੈ, ਨੂੰ ਇੱਕ ਡੂੰਘੀ ਸਾਜਿਸ਼ ਅਧੀਨ ਨਸ਼ਿਆਂ ਦੇ ਇਸ ਵਹਿਣ 'ਚ ਫਸਾਉਣ ਦਾ ਕੋਝਾ ਯਤਨ ਹੋਇਆ ਹੈ। ਇਸ ਸਾਜਿਸ਼ ਦਾ ਸ਼ਿਕਾਰ ਅਸੀਂ ਸਾਰੇ ਪੰਜਾਬੀ ਹੋਏ ਨਜ਼ਰ ਆ ਰਹੇ ਹਾਂ। ਇਕ ਚੱਕਰ ਚਾਹੇ ਸ਼ਹਿਰੀ ਸਲੱਮ ਏਰੀਏ ਦਾ ਲਾ ਲਈਏ, ਜਾਂ ਕਿਸੇ ਸ਼ਹਿਰੋਂ ਦੂਰ ਦੀ ਕਮਜ਼ੋਰ ਗਰੀਬ ਆਬਾਦੀ ਦਾ, ਹੱਥਾਂ 'ਚ ਸਿਗਰਟਾਂ ਦੇ ਟੋਟੇ, ਖੈਣੀ, ਜ਼ਰਦਾ, ਗੁਟਕਾ, ਪੱਤਾ ਲਈ ਤੁਰੇ ਫਿਰਦੇ ਛੋਟੇ-ਛਟੇ ਬੱਚਿਆਂ ਤੋਂ ਬਿਨਾ ਨੌਜਵਾਨ ਆਮ ਨਜ਼ਰ ਆਉਣਗੇ, ਜਿਹੜੇ ਆਪਣੇ ਮਾਪਿਆਂ ਦੀ ਰੀਸੋ ਰੀਸ ਇਨ੍ਹਾਂ ਨਸ਼ਿਆਂ 'ਚ ਗਲਤਾਨ ਹੋ, ਨਾਸਮਝੀ 'ਚ ਇਸੇ ਨੂੰ ਜ਼ਿੰਦਗੀ ਦਾ ਆਨੰਦ ਸਮਝ ਬੈਠੇ ਹਨ। ਕਾਰਨ ਕੋਈ ਵੀ ਹੋਵੇ, ਨਸ਼ੇ ਬਨਾਉਣ, ਵੇਚਣ ਜਾਂ ਸਪਲਾਈ ਕਰਨ ਵਾਲੇ, ਜਾਂ ਆਪਣੇ ਬੱਚਿਆਂ, ਨੌਜਵਾਨਾਂ ਪ੍ਰਤੀ ਅਣਗਹਿਲੀ ਕਰਨ ਵਾਲੇ ਮਾਪੇ, ਪਰ ਇਸਦਾ ਜ਼ੁੰਮੇਵਾਰ ਤਾਂ ਸਾਡਾ ਸਮਾਜਿਕ ਢਾਂਚਾ ਤੇ ਸਵਾਰਥੀ ਲੋਕ ਹਨ, ਜਿਹੜੇ ਆਪਣੇ ਹਿੱਤਾਂ ਦੀ ਪੂਰਤੀ ਲਈ ਉਹ ਸਾਰਾ ਚਲਨ ਹੋਣ ਦੇ ਰਹੇ ਹਨ ਜਿਸਨੂੰ ਰੋਕਣ ਦੀ ਇਸ ਅਵਸਥਾ ਵਿੱਚ ਅਤਿਅੰਤ ਲੋੜ ਹੁੰਦੀ ਹੈ। ਕਿੰਨੀ ਸ਼ਰਮ ਦੀ ਗੱਲ ਹੈ ਕਿ ਨਸ਼ਿਆਂ ਦਾ ਕਾਰੋਬਾਰ ਆਰੰਭ ਹੋਇਆ, ਵਧਿਆ ਫੁਲਿਆ ਅਤੇ ਮੁੜ ਹਰ ਕਿਸਮ ਦੀਆਂ ਜਨਤਕ ਚੋਣਾਂ 'ਚ ਇਸ ਕਾਰੋਬਾਰ ਦਾ ਪੂਰਾ ਫਾਇਦਾ ਸਵਾਰਥੀ ਲੋਕਾਂ ਨੇ ਲਿਆ, ਜਿਹੜੇ ਆਪ ਧਨਵਾਨ ਵੀ ਬਣੇ, ਨਸ਼ੇ ਦੇ ਵਪਾਰੀ ਵੀ ਬਣੇ, ਉਚੇ ਆਹੁਦੇਦਾਰ ਵੀ ਬਣੇ ਤੇ ਮਖੌਟਾ ਪਾਕੇ ਦੇਸ਼ ਅਤੇ ਸਮਾਜ ਸੇਵਕ ਵੀ।

ਕਦੇ ਸਮਾਂ ਸੀ ਪੰਜਾਬੀ ਨਸ਼ਿਆਂ ਤੋਂ ਦੂਰ ਇੱਕ ਸੁਖਾਵੇਂ ਮਾਹੌਲ 'ਚ ਵਿਚਰਦੇ ਆਪਣੇ ਬੱਚਿਆਂ ਦੇ ਭਵਿੱਖ ਲਈ ਤਤਪਰ ਇੱਕ ਹਸਦੀ ਰਸਦੀ ਸੂਝਵਾਨ ਕੌਮ ਵਜੋਂ ਜਾਣੇ ਜਾਂਦੇ ਸਨ। ਅੱਜ ਪੰਜਾਬ ਨਸ਼ਿਆਂ ਦਾ ਪੰਜਾਬ ਬਣਦਾ ਜਾ ਰਿਹਾ ਹੈ। ਵਿਆਹ, ਸ਼ਾਦੀਆਂ, ਆਖੰਡਪਾਠਾਂ ਦੇ ਭੋਗ ਸਮੇਂ ਜਿਸ ਬੇਹਿਆਈ ਨਾਲ ਸ਼ਰਾਬ ਤੇ ਹੋਰ ਨਸ਼ਿਆਂ ਦਾ ਸੇਵਨ ਮੈਰਿਜ ਪੈਲਿਸ, ਜਨਤਕ ਥਾਵਾਂ ਉਤੇ ਹੋਣ ਲੱਗ ਪਿਆ ਹੈ, ਉਹ ਪੰਜਾਬੀ ਕੌਮ ਲਈ ਘਾਤਕ ਹੋਣ ਲੱਗਿਆ ਹੈ। ਸ਼ਰਾਬੀਆਂ ਦੀ ਗਿਣਤੀ ਵਧੀ ਹੈ, ਨਸ਼ਈਆਂ ਦੀ ਗਿਣਤੀ ਵਧੀ ਹੈ। ਨਜ਼ਾਇਜ਼ ਸ਼ਰਾਬ ਕੱਢੇ ਜਾਣ, ਵੇਚਣ ਤੇ ਗਲਤ ਡਿਗਰੀ ਸਪਿਰਟ ਦੀ ਬਣੀ ਸ਼ਰਾਬ ਨੇ ਸੈਂਕੜੇ ਨਹੀਂ ਹਜ਼ਾਰਾਂ ਜਾਨਾਂ ਪਿਛਲੇ ਦਹਾਕੇ 'ਚ ਲੈ ਲਈਆ ਹਨ। ਘਰਾਂ ਦੇ ਘਰ ਨਸ਼ਿਆਂ ਨੇ ਤਬਾਹ ਕਰ ਦਿੱਤੇ ਹਨ। ਹਰ ਸ਼ਾਮ ਬਹੁਤੇ ਘਰੀਂ ਮਰਿਆਂ ਦੇ ਘਰਾਂ 'ਚ ਛਾਈ ਚੁੱਪ ਵਰਗਾ ਸਨਾਟਾ, ਘਰ ਦੀਆਂ ਚੀਕਦੀਆਂ ਬਰੂਹਾਂ 'ਚੋਂ ਉਠਦੀਆਂ ਸਿਸਕੀਆਂ, ਜਦੋਂ ਸੁਨਣ ਨੂੰ ਮਿਲਦੀਆਂ ਹਨ ਤਾਂ ਇਵੇਂ ਲਗਦਾ ਹੈ ਕਿ ਪੰਜਾਬ ਵੈਣ ਪਾ ਰਿਹਾ ਹੈ। ਇਹ ਵੈਣ ਮਰਿਆਂ ਮੁਕਿਆਂ ਦੇ ਵੈਣਾਂ ਨਾਲੋਂ ਵੀ ਦੁੱਖ ਦਰਦ ਭਰੇ ਅਤੇ ਰੂਹ ਕੰਬਾਉਣ ਵਾਲੇ ਹੁੰਦੇ ਹਨ। ਇਨ੍ਹਾਂ ਵੈਣਾਂ ਦੇ ਸੋਦਾਗਰ ਮੋਟਰ ਸਾਈਕਲਾਂ ਨਾਲ ਲੈਸ ਫੁਰਨ ਫੁਰਨ ਘੁੰਮਦੇ ਜਿਧਰ ਵੀ ਜਾਂਦੇ ਹਨ ਇਵੇਂ ਜਾਪਦਾ ਹੈ ਜਿਵੇਂ ਮੌਤ ਦਾ ਛੱਟਾ ਦੇ ਰਹੇ ਹੋਣ। ਮੌਤ ਦੇ ਇਸ ਛੱਟੇ ਦਾ ਸ਼ਿਕਾਰ ਜਿਥੇ ਘਰ ਦੇ ਨਿੱਕੇ ਬਾਲ ਹੁੰਦੇ ਹਨ, ਉਥੇ ਨਸ਼ੱਈਆਂ ਦੀਆਂ ਤ੍ਰੀਮਤਾਂ ਅਣਕਿਹਾ ਦੁੱਖ ਭੋਗਦੀਆਂ ਹਨ ਅਤੇ ਕਈ ਵਾਰ ਤਲਾਕ ਲੈਣ 'ਤੇ ਮਜ਼ਬੂਰ ਹੁੰਦੀਆਂ ਹਨ। ਇੰਝ ਹਸਦਾ ਵਸਦਾ ਘਰ ਨਸ਼ਿਆਂ ਦੀ ਭੇਂਟ ਚੜ ਜਾਂਦਾ ਹੈ। ਜ਼ਮੀਨ, ਜਾਇਦਾਦ, ਘਰ, ਟੱਬਰ ਟੀਹਰ, ਮਾਪੇ ਜਾਣੀ ਸਭ ਕੁਛ ਜਿਵੇਂ ਹੱਥੋਂ ਨਿਕਲਦਾ ਜਾਪਦਾ ਹੈ। ਇੰਜ ਨਸ਼ਿਆਂ 'ਚ ਫਸਿਆ ਮਨੁੱਖ ਖੂਨ ਦੇ ਹੰਝੂ ਵਹਾਉਣ ਤੋਂ ਬਿਨਾਂ ਕੁਝ ਵੀ ਕਰ ਨਹੀ ਸਕਦਾ। ਅਤੇ ਸੁਖ ਵਸਦੀ ਜ਼ਿੰਦਗੀ ਦੇ ਆਖਰੀ ਦਿਨ ਉਹ ਨਰਕ ਵਾਂਗਰ ਭੋਗਦਾ ਹੈ। ਜਿਵੇਂ ਹੋਰ ਬੀਮਾਰੀਆਂ ਤੋਂ ਬਿਨਾਂ ਪੰਜਾਬ ਖਾਸ ਤੋਰ ਤੇ ਕੈਂਸਰ ਦੀ ਜਾਨਲੇਵਾ ਬੀਮਾਰੀ ਦਾ ਸ਼ਿਕਾਰ ਹੋ ਗਿਆ ਹੈ, ਤੇ ਨਿੱਤ ਲੋਕ ਇਸ ਬੀਮਾਰੀ ਨਾਲ ਮਰ ਰਹੇ ਹਨ, ਉਵੇਂ ਹੀ ਨਸ਼ਿਆਂ ਦੀ ਲਪੇਟ 'ਚ ਆਕੇ ਪੰਜਾਬੀ ਵਿਹਲੜ, ਲੁਟੇਰੇ ਕਮਜ਼ੋਰ, ਬੇਬਸ, ਅਵਾਰਾ ਬਣੇ ਦਿਸਣ ਲੱਗ ਪਏ ਹਨ। ਕੀ ਅਸੀਂ ਬਹਾਦਰ ਅਣਖੀ ਪੰਜਾਬੀ ਤੜਕ ਮੜਕ ਵਾਲੀ ਕੌਮ ਨੂੰ ਦਫਨਾਉਣ ਤਾਂ ਨਹੀ ਜਾ ਰਹੇ?

ਪੰਜਾਬ ਸਰਕਾਰ ਵਲੋਂ ਨਸ਼ਈਆਂ ਦੇ ਇਲਾਜ ਲਈ ਨਸ਼ਾ ਛੁਡਾਊ ਕੇਂਦਰ ਖੋਲ੍ਹੇ ਗਏ ਹਨ ਜਾਂ ਹੋਰ ਖੋਲ੍ਹੇ ਜਾ ਰਹੇ ਹਨ, ਉਥੇ ਮੁਫਤ ਇਲਾਜ ਸੁਵਿਧਾਵਾਂ ਦੇਣ ਦੀ ਗੱਲ ਕੀਤੀ ਜਾ ਰਹੀ ਹੈ। ਬਿਨਾਂ ਸ਼ੱਕ ਨਸ਼ੇ ਇੱਕ ਬੀਮਾਰੀ ਹੈ, ਇਸਦਾ ਇਲਾਜ ਵੀ ਜਰੂਰੀ ਹੈ, ਪਰ ਕੀ ਬੁਰਾਈ ਨੂੰ ਸ਼ੁਰੂ ਹੋਣ ਤੋਂ ਹੀ ਰੋਕਣ ਦੀ ਜ਼ਰੂਰਤ ਨਹੀਂ ਹੁੰਦੀ?

ਸਰਕਾਰ ਨਸ਼ਿਆਂ ਦੀ ਸਪਲਾਈ ਰੋਕਣ, ਨਸ਼ਿਆਂ ਦੇ ਸਮਗਲਰਾਂ ਨੂੰ ਨੱਥ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ? ਸਰਕਾਰ ਦਾ ਤੰਤਰ ਇਨ੍ਹਾਂ ਕਾਲੀਆਂ ਭੇਡਾਂ ਨੂੰ ਲੋਕਾਂ ਸਾਹਮਣੇ ਲਿਆ ਰਿਹਾ ਹੈ ਜਿਹੜਾ ਕਿ ਭੋਲੇ ਭਾਲੇ ਲੋਕਾਂ ਦੇ ਨੌਜਵਾਨ ਪੁਤਰ ਪੁਤਰੀਆਂ ਦੀ ਤਬਾਹੀ ਦਾ ਕਾਰਨ ਬਣਿਆ ਹੋਇਆ ਹੈ।

ਸਰਕਾਰ ਵੱਲੋਂ ਇਸ ਅਹਿਮ ਮਸਲੇ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ ਅਤੇ ਚੋਰ ਨੂੰ ਨਹੀਂ ਸਗੋਂ ਚੋਰ ਦੀ ਮਾਂ ਨੂੰ ਫੜਨ ਦਾ ਯਤਨ ਹੋ ਰਿਹਾ ਹੈ। ਭਾਵੇਂ ਨਸ਼ੇੜੀਆਂ ਨੂੰ ਨਕੇਲ ਪਾਉਣ ਨਾਲ ਕੁਝ ਕਾਮਯਾਬੀ ਤਾਂ ਮਿਲ ਸਕਦੀ ਹੈ, ਪਰ ਅਸਲ 'ਚ ਨਸ਼ੇੜੀ ਬਨਾਉਣ ਵਾਲੇ ਅਨਸਰ ਨਸ਼ੇ ਦੇ ਵਿਉਪਾਰੀਆਂ ਨੂੰ ਕਾਬੂ ਪਾਕੇ ਹੀ ਸਾਰਥਕ ਸਿੱਟੇ ਕੱਢੇ ਜਾ ਸਕਦੇ ਹਨ।



ਕਹਾਣੀ

# ਚਾਰ ਚਿਠੀਆਂ

- ਸੁਰਿੰਦਰ ਸਿੰਘ ਸੁੰਨੜ -

ਲਾਇਲਪੁਰ ਖ਼ਾਲਸਾ ਕਾਲਜ ਜਲੰਧਰ ਬਿੱਲਾ ਐਮ ਏ ਫਾਈਨਲ ਵਿੱਚ ਸੀ ਤੇ ਕਾਲਜ ਹੋਸਟਲ ਵਿਚ ਰਹਿੰਦਾ ਸੀ। ਸੀਨੀਅਰ ਹੋਣ ਕਰਕੇ ਉਸਨੂੰ ਹੋਸਟਲ ਪਰੀਫੈਕਟ ਬਣਾ ਦਿੱਤਾ ਤੇ ਉਹ ਕਾਲਜ ਸਟੂਡੈਂਟਸ ਐਸੋਸੀਏਸ਼ਨ ਦਾ ਪ੍ਰਧਾਨ ਵੀ ਸੀ। ਬਹੁਤ ਗੰਭੀਰ ਵਿਆਕਤੀ ਸੀ। ਘੈਂਟੀ ਵੱਜਣ ਤੇ ਕਲਾਸ ਵਿੱਚ ਜਾਂਦਾ ਤੇ ਪੀਰੀਅਡ ਖਤਮ ਹੋਣ ਤੇ ਵਾਪਿਸ ਕਮਰੇ ਵਿਚ ਚਲੇ ਜਾਂਦਾ। ਉਸਦੇ ਕਲਾਸਫੈਲੋ ਮੁੰਡੇ ਕੁੜੀਆਂ ਕੈਨਟੀਨ ਵਿਚ ਕੱਠੇ ਬੈਠਦੇ ਗੱਪਾਂ ਛੱਪਾਂ ਮਾਰਦੇ। ਚਾਹ ਪਾਣੀ ਪੀਂਦੇ ਅਤੇ ਖੱਪ ਖਾਨਾ ਕਰਦੇ। ਹੌਲੀ ਹੌਲੀ ਸਾਰੇ ਮੁੰਡੇ ਕੁੜੀਆਂ ਗੱਲ ਕਰਨ ਲੱਗ ਪਏ ਕਿ ਬਿੱਲਾ ਤਾਂ ਕਿਸੇ ਨੂੰ ਬਲਾਉਂਦਾ ਹੀ ਨਹੀਂ। ਕੁੜੀਆਂ ਗੱਲਾਂ ਕਰਨ ਲੱਗ ਪਈਆਂ ਕਿ ਇਸ ਨੂੰ ਪੁੱਟਣਾ ਬਹੁਤ ਮੁਸ਼ਕਲ ਹੈ। ਬੱਲੀ ਇੱਕ ਕਿਸੇ ਖਾਂਦੇ ਪੀਂਦੇ ਪਰਿਵਾਰ ਦੀ ਕੁੜੀ ਸੀ ਕੱਪੜੇ ਵੀ ਬਹੁਤ ਵਧੀਆ ਪਾਉਂਦੀ ਪੂਰੀ ਦਲੇਰ ਤੇ ਸੁਨੱਖੀ ਮੁਟਿਆਰ ਸੀ ਉਸ ਨੇ ਸ਼ਰਤ ਲਾਈ ਕਿ ਉਹ ਬਿੱਲੇ ਨੂੰ ਪੱਟ ਕੇ ਵਿਖਾਵੇਗੀ।

ਇਕ ਦਿਨ ਬਿੱਲਾ ਲੋਕਲ ਬੱਸ ਫੜਕੇ ਬਜ਼ਾਰ ਗਿਆ ਤੇ ਬੱਸ ਤੋਂ ਉੱਤਰਕੇ ਉਹ ਤੁਰਿਆ ਜਾਂਦਾ ਸੀ ਇਕ ਥ੍ਰੀ ਵੀਲਰ ਉਸ ਦੇ ਕੋਲ ਆ ਕੇ ਰੁਕਿਆ ਵਿੱਚੋਂ ਬੱਲੀ ਨਿਕਲੀ ਉਸ ਨੂੰ ਦੇਖ ਕੇ ਬਿੱਲਾ ਵੀ ਰੁਕ ਗਿਆ। ਹੱਸਦੇ ਹੱਸਦੇ ਬੱਲੀ ਕਹਿਣ ਲੱਗੀ ਤੂੰ ਥੱਕ ਗਿਆ ਹੋਣਾ ਤੁਰ ਤੁਰ ਕੇ ਚੱਲ ਤੈਨੂੰ ਚਾਹ ਪਿਆਵਾਂ। ਲਾਗੇ ਕੇਸਰੀ ਰੈਸਟੋਰੈਂਟ ਵਿਚ ਬੈਠ ਕੇ ਦੋਹਾਂ ਨੇ ਚਾਹ ਪੀਤੀ ਬੱਲੀ ਨੇ ਦਲੇਰੀ ਨਾਲ ਪੁੱਛਿਆ ਕਿ ਤੈਨੂੰ ਵਿਆਹ ਕਰਵਾਉਣ ਲਈ ਕਿਸ ਤਰ੍ਹਾਂ ਦੀ ਕੁੜੀ ਚਾਹੀਦੀ ਹੈ। ਬਿੱਲਾ ਝੱਟ ਹੀ ਬੋਲਿਆ ਤੇਰੇ ਵਰਗੀ ਤੇ ਬੱਲੀ ਕਹਿੰਦੀ ਫਿਰ ਮਿਲਾ ਹੱਥ ਦੋਵੇਂ ਹੱਸਦੇ ਹੋਏ ਚਾਹ ਪੀ ਕੇ ਨਿਕਲੇ।

ਸ਼ਾਮ ਸਿੰਘ ਐਮ ਏ ਬਿੱਲੇ ਦਾ ਇੱਕ ਮਿੱਤਰ ਸੀ ਜੋ ਖਾਲਸਾ ਸਕੂਲ ਵਿੱਚ ਧਰਮ ਦਾ ਅਧਿਆਪਕ ਸੀ। ਡਬਲ ਐਮ ਏ ਸੀ ਧਰਮ ਦੇ ਅਧਿਆਪਕ ਦੀ ਨੌਕਰੀ ਵਾਸਤੇ ਸਕੂਲ ਦੀ ਕੈਂਟੀਨ ਦੇ ਲਾਗਲੇ ਕਮਰੇ ਵਿਚ ਹੀ ਰਹਿੰਦਾ ਸੀ। ਬਿੱਲੇ ਨੇ ਤਕਰੀਬਨ ਹਰ ਰੋਜ਼ ਉਸ ਨੂੰ ਮਿਲਣ ਆਉਣਾ ਤੇ ਨਾਲੇ ਆਪਣੇ ਮਿੱਤਰ ਵਾਸਤੇ ਕੁਝ ਖਾਂਣ ਪੀਣ ਨੂੰ ਵੀ ਲੈਂਦੇ ਆਉਣਾ ਪ੍ਰੇਮ ਗੋਰਖੀ ਵੀ ਅਕਸਰ ਆ ਜਾਂਦਾ। ਉਸ ਕਮਰੇ ਦੇ ਸਾਹਮਣੇ ਕੈਂਟੀਨ ਦੇ ਸਾਹਮਣੇ ਇੱਕ ਨਿੱਕਾ ਜਿਹਾ ਪਰ ਬਹੁਤ ਵਧੀਆ ਲਾਅਨ ਸੀ। ਬਿੱਲੇ ਨੇ ਉਸ ਲਾਅਨ ਵਿਚ ਕੁਝ ਚਿਰ ਜ਼ਰੂਰੀ ਬੈਠਣਾ। ਜਿਸ ਦਿਨ ਦੀ ਕੇਸਰੀ ਰੈਸਟੋਰੈਂਟ ਵਿਚ ਬੈਠ ਕੇ ਦੋਹਾਂ ਨੇ ਚਾਹ ਪੀਤੀ ਸੀ ਉਸ ਦਿਨ ਤੋਂ ਬਾਅਦ ਬੱਲੀ ਨੇ ਵੀ ਉਸ ਲਾਅਨ ਵਿਚ ਆ ਜਾਣਾ ਤੇ ਦੋਵਾਂ ਨੇ ਪਿਆਰ ਦੀਆਂ ਗੱਲਾਂ ਬਾਤਾਂ ਕਰਨੀਆਂ। ਜੀਵਨ ਦੀ ਮੁਹਾਰ ਹੀ ਬਦਲ ਗਈ ਜੀਣ ਦਾ ਆਨੰਦ ਆਉਣ ਲੱਗ ਪਿਆ। ਪਰ ਕਿਸਮਤ ਨੂੰ ਜਿਵੇਂ ਮੰਜ਼ੂਰ ਸੀ ਬਿੱਲੇ ਨੂੰ ਕੁਝ ਦਿਨਾਂ ਵਾਸਤੇ ਪਟਿਆਲੇ ਯੂਨੀਵਰਸਿਟੀ ਜਾਣਾ ਪਿਆ। ਅਗਲੇ ਦਿਨ ਤੋਂ ਹੀ ਬੱਲੀ ਰੋਜ਼ ਇੱਕ ਪ੍ਰੇਮ ਪੱਤਰ ਲਿਖਦੀ ਤੇ ਪਟਿਆਲੇ ਮੇਲ ਕਰ ਦੇਂਦੀ ਚਾਰ ਦਿਨਾਂ ਵਿਚ ਚਾਰ ਚਿੱਠੀਆਂ ਬੱਲੀ ਨੇ ਲਿਖ਼ੀਆਂ ਤੇ ਬਿੱਲੇ ਨੇ ਉਨ੍ਹਾਂ ਚਿਠੀਆਂ ਨੂੰ ਵਾਰ ਵਾਰ ਪੜ੍ਹਿਆ ਉਸਦਾ ਦਿਲ ਕਰੇ ਜਲਦੀ ਜਲਦੀ ਕੰਮ ਖਤਮ ਕਰਕੇ ਵਾਪਸ ਜਲੰਧਰ ਜਾਂਵਾਂ ਤੇ ਉਸ ਲਾਅਨ ਵਿਚ ਬੈਠ ਕੇ ਰੱਜ ਰੱਜ ਕੇ ਪਿਆਰੀਆਂ ਪਿਆਰੀਆਂ ਗੱਲਾਂ ਕਰਾਂ। ਪੰਜਵੇਂ ਦਿਨ ਬੱਲੀ ਤੇ ਉਸਦੀ ਇੱਕ ਸਹੇਲੀ ਬਲੈਕ ਮੇਲ ਫਿਲਮ ਦੇਖਣ ਗਈਆਂ ਛੇ ਤੋਂ ਨੌਂ ਵਾਲਾ ਛੋਅ ਜਦ ਦੇਖ ਕੇ ਬਾਹਰ ਨਿਕਲੀਆਂ ਤਾਂ ਉਹ ਛੋਅ ਦੇਖ ਕੇ ਉਨ੍ਹਾਂ ਦੇ ਦੋ ਕਲਾਸਫੈਲੋ ਮੁੰਡੇ ਵੀ ਨਿਕਲੇ ਤੇ ਚਾਰੇ ਇਕ ਹੀ ਟੈਂਪੂ ਕਰਕੇ ਕਾਲਜ ਵੱਲ ਜਾ ਰਹੇ ਸੀ। ਕਾਲਜ ਦੇ ਨਜ਼ਦੀਕ ਆ ਕੇ ਜਿੱਥੇ ਉਹ ਮੁੰਡੇ ਕਰਾਏ ਤੇ ਰਹਿੰਦੇ ਸੀ ਸਾਰਿਆਂ ਨੇ ਸਲਾਹ ਕੀਤੀ ਕਿ ਕਾਲਜ ਕੈਂਟੀਨ ਤੇ ਬੰਦ ਹੋ ਗਈ ਹੋਣੀ ਆ ਚਲੋ ਬਾਹਰੋਂ ਹੀ ਕੁਝ ਖਾਅ ਲੈਂਦੇ ਹਾਂ। ਖਾਣਾ ਪੈਕ ਕਰਵਾ ਕੇ ਉਹ ਮੁੰਡਿਆਂ ਦੇ ਕਮਰੇ ਵਿਚ ਲੈਅ ਗਏ ਖਾਣਾ ਖਾਂਦਿਆਂ ਮੁੰਡਿਆਂ ਨੇ ਬੀਅਰ ਬੱਤਾ ਲਾਉਣ ਦੀ ਸੁਲਾਹ ਮਾਰੀ ਤੇ ਚਾਰੇ ਜਣਿਆਂ ਖਾਅਦਾ ਪੀਤਾ। ਹੱਸਦੇ ਖੇਡਦਿਆਂ ਥੋੜ੍ਹੀ ਵੱਧ ਘੱਟ ਪੀਤੀ ਗਈ ਤੇ ਨਸ਼ੇ ਦੀ ਹਾਲਤ ਵਿੱਚ ਉਹ ਚਾਰੇ ਉਸ ਕਮਰੇ ਵਿਚ ਹੀ ਸੌਂ ਗਏ। ਜਦੋਂ ਸਵੇਰੇ ਉੱਠੇ ਤਾਂ ਬੱਲੀ ਨੂੰ ਰਾਤੀਂ ਹੋਈ ਗਲਤੀ ਦਾ ਅਹਿਸਾਸ ਹੈ। ਹੋਸਟਲ ਵਿਚ ਜਾ ਕੇ ਉਹ ਬਹੁਤ ਰੋਈ ਤੇ ਬਾਅਦ ਵਿਚ ਕਦੇਂ ਕਲਾਸ ਵਿੱਚ ਨਾ ਗਈ। ਬਿੱਲਾ ਜਿਸ ਦਿਨ ਵਾਪਸ ਆਇਆ ਤਾਂ ਉਹ ਆਪਣੀ ਮਾਸ਼ੂਕਾ ਲੱਭੇ ਤੇ ਲੱਭਦਾ ਲੱਭਦਾ ਉਸ ਦੇ ਹੋਸਟਲ ਚਲਾ ਗਿਆ। ਹੋਸਟਲ ਵਾਰਡਨ ਨੂੰ ਬੇਨਤੀ ਕਰਕੇ ਬੱਲੀ ਨੂੰ ਬੁਲਾ ਲਿਆ ਜੋ ਅਜੇ ਵੀ ਰੋਅ ਰਹੀ ਸੀ। ਬੱਲੀ ਨੇ ਸਾਰੀ ਗੱਲ ਸੱਚ ਸੱਚ ਦੱਸ ਦਿੱਤੀ। ਬਿੱਲੇ ਨੇ ਬਹੁਤ ਧਰਵਾਸ ਦੇਣ ਦਾ ਯਤਨ ਕੀਤਾ ਕਿ ਚਲੋ ਜੋ ਗਲਤੀ ਹੋ ਗਈ ਹੋ ਗਈ ਪਰ ਬੱਲੀ ਨੇ ਜ਼ਿਦ ਕੀਤੀ ਕਿ ਮੈਂ ਹੁਣ ਤੇਰੇ ਕਾਬਲ ਨਹੀਂ ਰਹੀ ਬੱਸ ਮੇਰੀਆਂ ਚਾਰੇ ਚਿਠੀਆਂ ਮੈਨੂੰ ਵਾਪਿਸ ਦੇ ਦੇ। ਲੱਖ ਮਨਾਉਣ ਦੇ ਬਾਅਦ ਵੀ ਜਦ ਉਹ ਨਾ ਮੰਨੀ ਤਾਂ ਬਿੱਲੇ ਨੇ ਕਿਹਾ ਕਿ ਉਹ ਚਿਠੀਆਂ ਮੇਰੀ ਜ਼ਿੰਦਗੀ ਦਾ ਬਹੁਤ ਵੱਡਾ ਸਰਮਾਇਆ ਹੈ ਉਹ ਤਾਂ ਮੇਰਾ ਮੋੜਨ ਨੂੰ ਦਿਲ ਨਹੀਂ ਕਰਦਾ ਪਰ ਉਹ ਤੇਰੀ ਜ਼ਿੰਦਗੀ ਵਿਚ ਕਦੇ ਰੁਕਾਵਟ ਨਹੀਂ ਬਣਨਗੀਆਂ। ਬੱਲੀ ਨੂੰ ਬਿੱਲੇ ਤੇ ਯਕੀਨ ਸੀ ਉਹ ਅਗਲੇ ਦਿਨ ਆਪਣੇ ਪਿੰਡ ਪਰਤ ਗਈ ਤੇ ਬਾਅਦ ਵਿਚ ਕਦੇਂ ਕਲਾਸ ਵਿੱਚ ਨਾ ਆਈ।

ਸਮਾਂ ਆਪਣੀ ਚਾਲੇ ਚੱਲਦਾ ਰਿਹਾ ਦੋਹਾਂ ਨੇ ਵਿਆਹ ਕਰਵਾ ਕੇ ਆਪੋ ਆਪਣੀ ਜੀਵਨ ਯਾਤਰਾ ਸ਼ੁਰੂ ਕਰ ਦਿੱਤੀ। ਬਿੱਲਾ ਕੈਲੇਫੋਰਨੀਆ ਚਲੇ ਗਿਆ ਤੇ ਬੱਲੀ ਵੀ ਆਪਣੀ ਵੱਖਰੀ ਵਧੀਆ ਜ਼ਿੰਦਗੀ ਜਿਊਣ ਲੱਗੀ। ਬਿੱਲੇ ਦੇ ਬੱਚੇ ਤੇ ਪਤਨੀ ਵੀ ਕੈਲੇਫੋਰਨੀਆ ਪਹੁੰਚ ਗਏ। ਵਧੀਆ ਕਾਰੋਬਾਰ ਸੀ ਪਰ ਬਿੱਲੇ ਤੇ ਉਸ ਦੀ ਪਤਨੀ ਵਿੱਚ ਅਕਸਰ ਬਹਿਸ ਵਿਵਾਦ ਚੱਲਦਾ ਰਹਿੰਦਾ। ਆਮ ਤੌਰ ਤੇ ਬਿੱਲੇ ਨੂੰ ਹੀ ਹਾਰ ਮੰਨਣੀ ਪੈਂਦੀ।

ਇੱਕ ਸਾਲ ਬਿੱਲਾ ਵੀ ਪੰਜਾਬ ਆਇਆ ਹੋਇਆ ਸੀ ਕਿ ਉਹਨਾਂ ਦੇ ਇੱਕ ਕਲਾਸਫੈਲੋ ਦੇ ਮੁੰਡੇ ਦੀ ਸ਼ਾਦੀ ਤੇ ਬਹੁਤ ਸਾਰੇ ਜਮਾਤੀ ਬੜੇ ਦੇਰ ਬਾਅਦ ਮਿਲੇ।

ਬੱਲੀ ਆਪਣੇ ਪਤੀ ਨਾਲ ਤੇ ਬਿੱਲਾ ਆਪਣੀ ਪਤਨੀ ਨਾਲ

ਵਿਆਹ ਦੇਖਣ ਗਏ। ਪੈਂਤੀ ਚਾਲੀ ਸਾਲ ਬਾਅਦ ਇਕ ਵਾਰ ਫਿਰ ਮੇਲੇ ਹੋਏ। ਬਿੱਲੇ ਨੇ ਆਪਣੀ ਪਤਨੀ ਨੂੰ ਦੱਸ ਦਿੱਤਾ ਕਿ ਇਹ ਕੁੜੀ ਵੀ ਕੁਝ ਦਿਨ ਮੇਰੇ ਨਾਲ ਵਿਆਹ ਕਰਵਾਉਣ ਲਈ ਸੋਚਦੀ ਸੀ ਪਰ ਸੰਯੋਗ ਤਾਂ ਧੁਰੋਂ ਲਿਖੇ ਹੁੰਦੇ ਹਨ। ਬੱਲੀ ਨੇ ਪਰਦੇ ਜਿਹੇ ਨਾਲ ਆਪਣੀਆਂ ਚਿੱਠੀਆਂ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਉਹ ਚਿਠੀਆਂ ਰੋਜ਼ ਦੋ ਵਾਰ ਪੜ੍ਹਦਾ ਰਿਹਾ ਪਰ ਜਿਸ ਦਿਨ ਉਸਦਾ ਵਿਆਹ ਹੋਣਾ ਸੀ ਉਸ ਤੋਂ ਇੱਕ ਦਿਨ ਪਹਿਲਾਂ ਉਸ ਨੇ ਚਿਠੀਆਂ ਨੂੰ ਵਾਰ ਵਾਰ ਪੜ੍ਹਿਆ ਚੁੰਮਿਆਂ ਤੇ ਵਿਆਹ ਤੋਂ ਪਹਿਲਾਂ ਜਲਾ ਦਿੱਤੀਆਂ ਉਹ ਚਿਠੀਆਂ ਮੁਸੀਬਤ ਬਣ ਸਕਦੀਆਂ ਸੀ। ਬੱਲੀ ਬਹੁਤ ਚਿਰ ਬਿੱਲੇ ਦੀ ਘਰਵਾਲੀ ਨਾਲ ਗੱਲਬਾਤ ਕਰਦੀ ਰਹੀ ਤੇ ਜਾਣ ਲੱਗੀ ਕਹਿ ਕੇ ਤੁਰੀ ਕਿ ਉਹ ਬਿੱਲੇ ਦੇ ਘਰ ਮਿਲਣ ਆਵੇਗੀ। ਕੁੱਝ ਦਿਨ ਬਾਅਦ ਹੀ ਉਹ ਕਾਰ ਵਿਚ ਆਈ ਤੇ ਬਿੱਲੇ ਦੀ ਪਤਨੀ ਨੂੰ ਚੁੰਨੀ ਫੁਲਕਾਰੀ ਚੜ੍ਹਾ ਕੇ ਗਲ਼ ਲੱਗ ਕੇ ਸਵੀਕਾਰ ਕਰ ਲਿਆ।

ਬਿੱਲੇ ਦੇ ਘਰ ਲੜਾਈ ਤੇ ਅਕਸਰ ਹੁੰਦੀ ਸੀ ਪਰ ਹੁਣ ਇੱਕ ਹੋਰ ਕਾਰਨ ਬਣ ਗਿਆ। ਬੱਲੀ ਦੀ ਕੁੜੀ ਵਕੀਲ ਸੀ ਉਸ ਨੂੰ ਸਾਰੀ ਕਹਾਣੀ ਦਾ ਪਤਾ ਸੀ। ਫੇਸਬੁੱਕ ਤੇ ਬਹੁਤ ਵਧੀਆ ਪੋਸਟਾਂ ਪਾਉਂਦੀ ਬਿੱਲਾ ਵੀ ਕਦੇ ਕਦੇ ਜਵਾਬ ਦੇ ਦੇਂਦਾ ਤੇ ਲਿਖ ਦੇਂਦਾ ਤੇਰਾ ਫਰੈਂਡ ਅੰਕਲ। ਬਿੱਲੇ ਦੀ ਘਰਵਾਲੀ ਨੂੰ ਸ਼ੱਕ ਪੈ ਗਈ ਤੇ ਇੱਕ ਦਿਨ ਬੱਲੀ ਨੂੰ ਕਾਲ ਕਰਕੇ ਕਹਿੰਦੀ ਕਿਤੇ ਤੇਰੀ ਕੁੜੀ ਤੇ ਤਾਂ ਨਹੀਂ ਅੱਖ ਰੱਖੀ ਬੈਠਾ। ਬੱਲੀ ਨੂੰ ਤਾਂ ਰੱਬ ਵਰਗਾ ਵਿਸ਼ਵਾਸ ਸੀ ਪਰ ਐਨੀ ਜ਼ਲੀਲ ਗੱਲ ਸੁਣ ਕੇ ਉਸ ਨੇ ਫੋਨ ਕੱਟ ਦਿੱਤਾ। ਬਾਅਦ ਵਿਚ ਉਨ੍ਹਾਂ ਨੇ ਕਦੀ ਵੀ ਗੱਲ ਕਰਨ ਦਾ ਹੌਂਸਲਾ ਨਾ ਕੀਤਾ। ਬਿੱਲੇ ਦਾ ਘਰ ਵਾਲੀ ਨਾਲ ਭਾਵੇਂ ਹਮੇਸ਼ਾ ਪੰਗਾ ਰਹਿੰਦਾ ਬੱਲੀ ਦੇ ਘਰ ਵਾਲੇ ਦਾ ਉਮਰ ਨਾਲ ਦਿਹਾਂਤ ਹੋ ਗਿਆ ਪਰ ਫਿਰ ਦੋਹਾਂ ਦਾ ਇੱਕ ਦੂਜੇ ਨੂੰ ਫੋਨ ਕਰਨ ਦਾ ਹੌਂਸਲਾ ਹੀ ਨਾ ਪਿਆ।

–o–

## ਸੰਕਲਪ-ਵਿਕਲਪ



ਐ ਮੇਰੇ ਈਸ਼ਵਰ ਜਗਦੀਸ਼ਵਰ, ਅਲਾਹ–ਹੂ ਤੇ ਵਾਹਿਗੁਰੂ।
ਇਸ ਪਵਿਤ੍ਰ ਤੇ ਵਚਿਤ੍ਰ, ਸ਼ਬਦਾਵਲੀ ਅਰਥਾਵਲੀ ਨੂੰ,
ਵਜਦ ਵਿਚ ਆ ਕੇ ਗਾਏ ਬਿਨਾਂ, ਹਿਰਦੇ 'ਚ ਵਸਾਏ ਬਿਨਾਂ,
ਹਵਾਈ ਮੰਥਨ ਕਰਕੇ ਕੋਈ ਕੀ ਕਰੂ, ਹੇ ਵਾਹਿਗੁਰੂ।

ਇਹ ਤਾਂ ਹਲਤ ਪਲਤ ਦੇ, ਸੂਖਮ ਸੰਕਲਪ ਹਨ,
ਇਨ੍ਹਾਂ ਵਿਚ ਤੁਰਦੇ–ਫਿਰਦੇ, ਕਈ ਮਨਫ਼ੀ ਵਿਕਲਪ ਹਨ।
ਕੋਈ ਵੀ ਧਰਮਾਵਲੰਬੀ, ਢੌਂਗੀ ਜਾਂ ਕੋਈ ਵੀ ਦੰਭੀ,
ਪਿਆਜ ਵਰਗੀ ਸਖਣੀ, ਪਰਤ ਦਰ ਪਰਤ ਲਈ,
ਤਰਕ ਵਿਹੂਣਾ ਝਗੜਾ ਝੇੜਾ ਜਾਂ ਬਖੇੜਾ ਕਿਉਂ ਕਰੇ, ਐ ਵਾਹਿਗੁਰੂ।
ਜੇ ਮਨਫੀ ਵਿਕਲਪ ਦਾ ਭੇਦ ਖੁਲ੍ਹ ਜਾਏਗਾ,
ਸਮਕਾਲ ਦਾ ਇਕ ਬਹੁਤ ਵੱਡਾ, ਵਰਗ ਰੁਲ ਜਾਏਗਾ।

ਉਸ ਅਰਸ਼ੀ ਦੂਰਦਰਸ਼ੀ ਕੋਲ, ਪਰੰਪਰਾਈ ਅੱਖਾਂ ਤੋਂ ਵੱਖ,
ਇਕ ਪਾਰਦਰਸ਼ੀ ਤੀਸਰੀ ਮੱਥੇ ਦੀ ਵੀ, ਲੱਖਾਂ ਵਰਗੀ ਅੱਖ ਹੈ।
ਇਨ੍ਹਾਂ ਇਸ਼ਟੀ–ਗਵੇਸ਼ਣਾਂ ਵਿਚ, ਪ੍ਰਸਤਾਵਿਤ ਵਿਸ਼ੇਸ਼ਣਾਂ ਵਿਚ,
ਇੱਕੋ ਇਲਾਹੀ ਨੂਰ ਹੈ, ਜਿਸ ਦਾ ਇਹ ਸੱਭ ਜ਼ਹੂਰ ਹੈ, ਮੇਰੇ ਵਾਹਿਗੁਰੂ।
ਉਹ ਭਲੀਭਾਂਤ ਜਾਣਦਾ ਹੈ, ਬੁੱਧੀਮੱਤਾ ਸੱਤਾ ਵਿਚ,
ਕੌਣ ਕਿਸ ਦੇ ਹਾਣ ਦਾ ਹੈ।
ਕੌਣ ਕਿੰਨਾ ਹੱਕ ਦੇ ਨੇੜੇ ਹੈ, ਕੌਣ ਕਿੰਨੀ ਦੂਰ ਹੈ।

ਪੌਣ ਪਾਣੀ ਧਰਤ ਦੀ ਮਹੱਤ ਨਾਲ, ਕੀਤੀ ਗਈ ਦੁਰਗੱਤ ਨਾਲ,
ਮਾਨਸ–ਜਨ ਨੂੰ ਆਗਾਹ ਕਰਨ ਲਈ, ਹਰਜ਼ਾਨਾ ਜ਼ੁਰਮਾਨਾ ਭਰਨ ਲਈ,
ਮੂਕਭਾਸ਼ਾ ਵੇਦਨਾ ਸੰਵੇਦਨਾ ਦੁਆਰਾ,
ਮੀਂਹ ਝੱਖੜ ਕਾਲ ਭੁਚਾਲ ਹੜ੍ਹਾਂ ਦੀ ਤਬਾਹੀ ਵਰਗਾ,
ਕੁਦਰਤੀ ਕਰੋਪੀਆਂ ਦਾ ਕਰ ਕੇ, ਤ੍ਰਾਸਦਿਕ ਇਸ਼ਾਰਾ,
ਥੋੜ੍ਹੇ ਵਿਚ ਹੀ ਬਹੁਤ ਕੁਝ, ਉਹ ਕਹਿ ਦਿੰਦਾ ਹੈ,
ਮਾਂ ਦੀ ਮਾਂ ਰਹੀ ਇਕ ਪਾਸੇ, ਪੜਨਾਨੀ ਵੀ ਚੇਤੇ ਕਰਾ ਦਿੰਦਾ ਹੈ।

'ਹੁੰਦ ਨੇੜੇ ਕਿ ਖੁਦਾ' ਵਰਗੀ ਮਕਬੂਲ ਕਹਾਵਤ ਦਾ।
ਇਹ ਕੰਮਬਖ਼ਤ ਬਦਬਖ਼ਤ ਖੋਜੀ ਤੇ ਚੋਜੀ ਬੰਦਾ।
ਉਸ ਗੁੰਝਲਦਾਰ ਬੁਝਾਰਤ ਸਣੇ, ਸੱਭ ਜਾਣਦੈ, ਉਸ ਦਾ ਗੋਰਖ ਧੰਦਾ।
ਅਰਚਾ ਪੂਜਾ ਅਰਾਧਨਾ ਸਾਧਨਾ, ਵਰਗੀਆਂ ਖੁਸ਼ਨੂਦੀਆ ਅਸਲੂਬੀਆਂ ਦਾ,
ਮਨਫ਼ੀ ਸੰਕਲਪ ਦੀ ਸ਼ਤਰੰਜ ਵਿਛਾ ਕੇ ਉਸ ਨੂੰ ਆਹਰੇ ਲਾ ਲੈਂਦਾ ਹੈ।
'ਕਰਾਂ ਨਾ ਕਰਾਂ, ਕੀ ਕਰਾਂ' ਵਿਸੰਗਤੀਆਂ ਦਾ ਮੋਹਰਾ ਬਣਾ ਲੈਂਦਾ ਹੈ।

ਫਿਰੇ ਵੇਲੇ ਕੁਵੇਲੇ, ਇਹ ਜੱਗ ਜੰਕਸ਼ਨ ਛੱਡਣ ਵੇਲੇ,
ਹਯਾਤੀ ਭਰ ਦੀਆਂ ਕਰਤੂਤਾਂ, ਹੱਥੀਂ ਲਿਖੇ ਕਾਲੇ ਲੇਖਾਂ ਲਈ,
ਕੇਵਲ ਤਲਾਫ਼ੀ ਜਾਂ ਮੁਆਫ਼ੀਨਾਮਾ ਹੀ ਨਹੀਂ,
ਸਗੋਂ ਭੀੜੀਆਂ ਸੁਣੀਦੀਆਂ ਗਲੀਆਂ ਵਿਚੋਂ ਸੰਗਨ ਦੀ ਥਾਂ,
ਮਾਰ ਖੰਗੂਰਾ ਲੰਘਣ ਲਈ,
ਸੁਖਨ ਸੁਨਹਿਰੀ ਜੜਿਆ ਮੜਿਆ, ਅਜ ਤਕ ਜੋ ਕਿਸੇ ਨਾ ਖੜਿਆ,
ਖ਼ੂਬਸੂਰਤ ਸੀਰਤ ਦਰਸਾਉਂਦਾ, ਇਕ ਸਨਮਾਨ ਪਛਾਣ ਪੱਤਰ।
ਭਾਈਆਂ ਪੰਡਤਾਂ ਮੁੱਲਾਂ ਤੇ ਪਾਦਰੀਆਂ ਤੋਂ,
ਸੂਖਮ ਸੰਕਲਪ ਦੀਆਂ ਪ੍ਰਤੀਨਿਧ ਬਰਾਦਰੀਆਂ ਤੋਂ,
ਗਵਾਹੀਆਂ ਪੁਆ ਤਸਦੀਕ ਕਰਵਾ ਕੇ,
ਹਜ਼ਾਰਾਂ ਹੀ ਪ੍ਰਸੰਸ਼ਕਾਂ ਕੋਲੋਂ ਨਿੱਘੀ ਅਲਵਿਦਾ ਲੈਂਦਾ ਹੈ।
'ਇਹ ਜੱਗ ਮਿੱਠਾ, ਅਗਲਾ ਕਿੰਨ ਡਿੱਠਾ' ਦੀ ਹਕੀਕਤ ਤਰੀਕਤ ਵੀ
ਆਪਣੇ ਨਾਂ ਦਰਜ ਕਰਾ ਲੈਂਦਾ ਹੈ।
ਇਸ ਸਮਕਾਲ 'ਚ ਮਨਫ਼ੀ ਵਿਕਲਪ, ਸੂਖਮ ਸੰਕਲਪ ਨੂੰ
ਨੀਰੇ–ਕਾਰਵਾਂ ਬਣ ਕੇ, ਆਪਣੇ ਪਿੱਛੇ ਲਾ ਲੈਂਦਾ ਹੈ।

**ਪ੍ਰੋ. ਪ੍ਰੀਤਮ ਸਿੰਘ ਸਰਗੋਧੀਆ**
**ਪੀ.ਈ.ਐਸ-1**
**ਸੇਵਾ ਮੁਕਤ ਕਾਲਜ ਪ੍ਰਿੰਸੀਪਲ**
**98153-03206**

# ਡਾ. ਬੀ.ਆਰ. ਅੰਬੇਡਕਰ ਦਾ ਸੰਘਰਸ਼ਮਈ ਜੀਵਨ

**ਚੇਤਨ ਸਿੰਘ**



"ਕਿਸਮਤ ਵਿਚ ਵਿਸ਼ਵਾਸ ਨਹੀਂ ਰੱਖਣਾ ਚਾਹੀਦਾ। ਆਪਣੀ ਹਿੰਮਤ ਤੇ ਸ਼ਕਤੀ ਵਿਚ ਵਿਸ਼ਵਾਸ ਹੋਣਾ ਚਾਹੀਦਾ ਹੈ ਕਿ ਤੁਸੀਂ ਕੁਝ ਕਰ ਸਕਦੇ ਹੋ। ਤੁਹਾਨੂੰ ਗ਼ੁਲਾਮੀ ਤੋਂ ਆਪ ਛੁਟਕਾਰਾ ਪਾਉਣਾ ਚਾਹੀਦਾ ਹੈ। ਇਹ ਨਾ ਸੋਚੋ ਕਿ ਕੋਈ ਦੈਵੀ ਸ਼ਕਤੀ ਹੀ ਤੁਹਾਨੂੰ ਆਜ਼ਾਦ ਕਰ ਦੇਵੇਗੀ। ਧਾਰਮਿਕ ਸਥਾਨਾਂ ਦੀ ਜ਼ਿਆਰਤ ਜਾਂ ਵਰਤ ਰੱਖਣ ਨਾਲ ਤੁਸੀਂ ਗ਼ੁਲਾਮੀ ਤੋਂ ਮੁਕਤ ਨਹੀਂ ਹੋ ਸਕਦੇ। ਗ਼ੁਲਾਮੀ ਤੋਂ ਛੁਟਕਾਰਾ ਹਾਸਲ ਕਰਨਾ ਤੁਹਾਡੀ ਰਾਜਨੀਤਕ ਸ਼ਕਤੀ ਤੇ ਨਿਰਭਰ ਕਰਦਾ ਹੈ......।"

ਇਹ ਵਿਚਾਰ ਡਾ. ਅੰਬੇਡਕਰ ਦੇ ਹਨ। ਅਜਿਹੀ ਵਿਚਾਰਧਾਰਾ ਨਾਲ ਉਨ੍ਹਾਂ ਨੇ ਭਾਰਤ ਵਾਸੀਆਂ ਨੂੰ ਆਜ਼ਾਦੀ ਪ੍ਰਾਪਤ ਕਰਨ ਲਈ ਪ੍ਰੇਰਨਾ ਦਿੱਤੀ। ਇਸ ਠੋਸ ਵਿਚਾਰਧਾਰਾ ਸਦਕਾ ਉਨ੍ਹਾਂ ਨੇ ਭਾਰਤ ਦੀਆਂ ਦੱਬੀਆਂ-ਕੁਚਲੀਆਂ ਜਾਤੀਆਂ ਨੂੰ ਆਪਣੇ ਹੱਕ ਪ੍ਰਾਪਤ ਕਰਨ ਲਈ ਲਾਮ-ਬੰਦ ਕੀਤਾ। ਭਾਰਤ ਦੇ ਰਾਜਨੀਤਕ ਇਤਿਹਾਸ ਅਤੇ ਧਰਮ ਦੇ ਡੂੰਘੇ ਅਧਿਐਨ ਬਾਅਦ ਉਨ੍ਹਾਂ ਨੇ ਆਪਣੀ ਨਿਵੇਕਲੀ ਵਿਚਾਰਧਾਰਾ ਦਾ ਪ੍ਰਚਾਰ ਕੀਤਾ। ਉਨ੍ਹਾਂ ਨੇ ਆਪਣੀ ਸਾਰੀ ਜ਼ਿੰਦਗੀ ਆਪਣੇ ਮਿਸ਼ਨ ਦੀ ਪੂਰਤੀ ਵਿਚ ਲਗਾ ਦਿੱਤੀ।

ਉਨ੍ਹਾਂ ਦਾ ਕਥਨ ਹੈ ਕਿ "ਇਹ ਖ਼ਿਆਲ ਗ਼ਲਤ ਹੈ ਕਿ ਤੁਹਾਡੀ ਵਿਚਾਰਧਾਰਾ ਆਪੇ ਹੀ ਜ਼ੋਰ ਫੜ ਜਾਏਗੀ। ਵਿਚਾਰਾਂ ਦਾ ਪ੍ਰਚਾਰ ਕਰਨਾ ਵੀ ਓਨਾ ਹੀ ਜ਼ਰੂਰੀ ਹੈ ਜਿੰਨਾਂ ਕਿ ਪੌਦਿਆਂ ਨੂੰ ਪਾਣੀ ਦੇਣਾ। ਅਜਿਹਾ ਨਾ ਕਰਨ ਦੀ ਸੂਰਤ ਵਿਚ ਇਹ ਵੱਧ-ਫੁੱਲ ਨਹੀਂ ਸਕਣਗੇ ਤੇ ਮੁਰਝਾ ਜਾਣਗੇ।"

ਡਾ. ਬਾਬਾ ਸਾਹਿਬ ਭੀਮਰਾਓ ਅੰਬੇਡਕਰ ਦਾ ਜਨਮ ਸੂਬੇਦਾਰ ਰਾਮ ਜੀ ਦੇ ਘਰ ਮਾਤਾ ਭੀਮਾ ਬਾਈ ਦੀ ਕੁੱਖੋਂ 14 ਅਪ੍ਰੈਲ, 1891 ਨੂੰ ਮਹੂ ਵਿਖੇ ਹੋਇਆ। ਬਾਲਕ ਅੰਬੇਡਕਰ ਅਜੇ ਪੰਜ ਕੁ ਸਾਲ ਦੇ ਹੀ ਸਨ ਜਦੋਂ ਕਿ ਇਨ੍ਹਾਂ ਦੀ ਮਾਤਾ ਸਵਰਗਵਾਸ ਹੋ ਗਈ। ਬਚਪਨ ਦੇ ਕੁਝ ਵਾਕਿਅਤ ਉਨ੍ਹਾਂ ਦੇ ਮਨ ਤੇ ਅਮਿਟ ਪ੍ਰਭਾਵ ਪਾਉਂਦੇ ਗਏ ਤੇ ਉਨ੍ਹਾਂ ਦੇ ਮਨ ਵਿਚ ਕਿਸੇ ਵੱਡੇ ਨਿਸ਼ਾਨੇ ਨੂੰ ਪ੍ਰਾਪਤ ਕਰਨ ਦੇ ਖ਼ਿਆਲ ਪੱਕੇ ਹੁੰਦੇ ਗਏ। ਮੁੱਢਲੀ ਸਿੱਖਿਆ ਕੈਂਪ ਸਕੂਲ ਸਤਾਰਾ ਤੇ ਅਲਫਿਨਸਟਨ ਹਾਈ ਸਕੂਲ ਤੋਂ ਪ੍ਰਾਪਤ ਕਰਕੇ ਉਹਨਾਂ ਅਲਫਿਨਸਟਨ ਕਾਲਜ ਬੰਬਈ ਤੋਂ 1912 ਵਿਚ ਬੀ.ਏ. ਪਾਸ ਕੀਤੀ।



**• ਚੇਤਨ ਸਿੰਘ •**

ਮੋਬਾਈਲ : 9872981237

ਵਿਦਿਆਰਥੀ ਜੀਵਨ ਦੌਰਾਨ ਅੰਬੇਡਕਰ ਨੂੰ ਜ਼ਿੰਦਗੀ ਦੀਆਂ ਕਠੋਰ ਸੱਚਾਈਆਂ ਦਾ ਅਨੁਭਵ ਹੋਇਆ। ਭਾਰਤੀ ਸਮਾਜ ਵਿਚ ਜਾਤ-ਪਾਤ ਦੀ ਭੈੜੀ ਵੰਡ ਕਾਰਨ ਵਿਦਿਆ-ਆਸ਼ਰਮਾਂ ਵਿਚ ਉਨ੍ਹਾਂ ਨਾਲ, ਅਛੂਤ ਜਾਤੀ 'ਚੋਂ ਹੋਣ ਕਾਰਨ, ਭੈੜਾ ਸਲੂਕ ਕੀਤਾ ਜਾਂਦਾ ਸੀ, ਪਰ ਉਹ ਡੋਲੇ ਨਹੀਂ। ਅਜਿਹੀਆਂ ਹਿਰਦੇ-ਵੇਧਕ ਘਟਨਾਵਾਂ ਨੇ ਉਨ੍ਹਾਂ ਨੂੰ ਆਪਣੀ ਜ਼ਿੰਦਗੀ ਵਿਚ ਕੁਝ ਕਰ ਗੁਜ਼ਰਨ ਦੇ ਸੰਕਲਪ ਨੂੰ ਹੋਰ ਵੀ ਪਕੇਰਾ ਕਰ ਦਿੱਤਾ। ਸਕੂਲ ਤੇ ਕਾਲਜ ਦੀ ਪੜ੍ਹਾਈ ਦੇ ਨਾਲ ਨਾਲ ਉਨ੍ਹਾਂ ਨੇ ਹੋਰ ਬਹੁਤ ਸਾਰੀਆਂ ਪੁਸਤਕਾਂ ਦਾ ਵੀ ਅਧਿਐਨ ਕਰ ਲਿਆ ਸੀ। ਉਨ੍ਹਾਂ ਦੇ ਜੀਵਨੀਕਾਰ ਦੱਸਦੇ ਹਨ ਕਿ ਉਹ ਵਿਦਿਆਰਥੀ ਜੀਵਨ ਵਿਚ ਚੰਗੇ ਖਿਡਾਰੀ ਵੀ ਸਨ ਅਤੇ ਫੁਟਬਾਲ ਤੇ ਕ੍ਰਿਕਟ ਦੀਆਂ ਟੀਮਾਂ ਦੀ ਕਪਤਾਨੀ ਵੀ ਕਰਿਆ ਕਰਦੇ ਸਨ। ਇਸੇ ਸਮੇਂ 1907 ਵਿਚ ਉਨ੍ਹਾਂ ਦੀ ਸ਼ਾਦੀ ਰਾਮਾ ਬਾਈ ਨਾਲ ਕਰ ਦਿੱਤੀ ਗਈ ਸੀ। ਉਨ੍ਹਾਂ ਦੇ ਪਿਤਾ ਨੂੰ ਅੰਬੇਡਕਰ ਦੀ ਪੜ੍ਹਾਈ ਦਾ ਬਹੁਤ ਸ਼ੌਕ ਸੀ। ਪਰ ਉਹ ਅੰਬੇਡਕਰ ਨੂੰ ਜੀਵਨ ਦੀਆਂ ਅਗਲੀਆਂ ਮੰਜ਼ਲਾਂ ਪਾਰ ਕਰਦੇ ਨਾ ਵੇਖ ਸਕੇ ਤੇ ਛੇਤੀ ਹੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ।

ਗਾਇਕਵਾੜ ਦੇ ਮਹਾਰਾਜਾ ਸਿਆਜੀ ਰਾਓ ਦੀ ਸਹਾਇਤਾ ਨਾਲ ਉਹ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਵਿਚ ਪੜ੍ਹਨ ਗਏ। ਇਸ ਯੂਨੀਵਰਸਿਟੀ ਤੋਂ ਉਨ੍ਹਾਂ ਨੇ ਐਮ.ਏ. ਤੇ ਪੀਐੱਚ.ਡੀ. ਦੀ ਡਿਗਰੀ ਪ੍ਰਾਪਤ ਕੀਤੀ। ਵਾਪਸ ਆ ਕੇ ਕੁਝ ਸਮਾਂ ਬੜੌਦਾ ਰਿਆਸਤ ਵਿਚ ਸੈਨਿਕ ਸਕੱਤਰ ਦੇ ਅਹੁਦੇ ਤੇ ਰਹੇ ਤੇ ਫਿਰ ਸਿਡਨਹਮ ਕਾਲਜ ਬੰਬਈ ਵਿਚ ਪ੍ਰੋਫੈਸਰ ਲੱਗ ਗਏ। ਡਾ. ਅੰਬੇਡਕਰ ਨੇ 'ਬਰਤਾਨਵੀ ਭਾਰਤ ਵਿਚ ਸਾਮਰਾਜੀ ਵਿੱਤ ਦਾ ਪ੍ਰਦੇਸ਼ਕ ਵਿਕੇਂਦਰੀਕਰਣ' ਦੇ ਵਿਸ਼ੇ ਤੇ ਥੀਸਿਸ ਲਿਖ ਕੇ ਲੰਡਨ ਯੂਨੀਵਰਸਿਟੀ ਤੋਂ ਡੀ.ਐਸਸੀ. ਦੀ ਡਿਗਰੀ ਪ੍ਰਾਪਤ ਕੀਤੀ। ਕੁਝ ਸਮੇਂ ਬਾਅਦ ਉਨ੍ਹਾਂ ਨੇ ਬੈਰਿਸਟਰੀ ਪਾਸ ਕਰ ਲਈ ਅਤੇ ਬੰਬਈ ਆ ਕੇ ਵਕਾਲਤ ਸ਼ੁਰੂ ਕਰ ਦਿੱਤੀ। ਇਸ ਸਮੇਂ ਉਨ੍ਹਾਂ ਨਾਲ ਜਾਤ ਵਰਗ ਦੇ ਅਧਾਰ 'ਤੇ ਵਿਤਕਰਾ ਹੁੰਦਾ ਰਹਿੰਦਾ ਸੀ।

ਹੁਣ ਉਨ੍ਹਾਂ ਦੇ ਸੰਘਰਸ਼ਮਈ ਜੀਵਨ ਦਾ ਦੂਜਾ ਪੜਾਅ ਸ਼ੁਰੂ ਹੋ ਚੁੱਕਾ ਸੀ। 9 ਮਾਰਚ, 1924 ਨੂੰ ਬੰਬਈ ਵਿਚ ਇਕ ਵਿਸ਼ਾਲ ਸਭਾ ਕਰਕੇ ਅਛੂਤ

ਜਾਤੀ ਦੇ ਲੋਕਾਂ ਦੀ ਉੱਨਤੀ ਲਈ ਪ੍ਰੋਗਰਾਮ ਉਲੀਕਿਆ ਗਿਆ। ਇਕ ਬਹਿਸ਼ਕ੍ਰਿਤ ਹਿਤਕਾਰਨੀ ਸਭਾ ਕਾਇਮ ਕੀਤੀ ਗਈ ਜਿਸ ਦਾ ਉਦੇਸ਼ ਸਮਾਜ ਦੇ ਕਮਜ਼ੋਰ ਵਰਗਾਂ ਲਈ ਵਿਦਿਆ ਦਾ ਪ੍ਰਬੰਧ ਕਰਨਾ ਅਤੇ ਉਨ੍ਹਾਂ ਦੀਆਂ ਆਰਥਕ ਹਾਲਤਾਂ ਵਿਚ ਸੁਧਾਰ ਲਿਆਉਣਾ ਸੀ। ਉਨ੍ਹਾਂ ਨੇ 1925 ਵਿਚ ਰਾਇਲ ਕਮਿਸ਼ਨ ਸਾਹਮਣੇ ਗਵਾਹੀ ਦਿੱਤੀ। ਅੰਬੇਡਕਰ ਸਮੇਂ ਦੀ ਸਰਕਾਰ ਅਤੇ ਭਾਰਤੀ ਸਮਾਜ ਦੀਆਂ ਕੁਰੀਤੀਆਂ ਵਿਰੁੱਧ ਸੰਘਰਸ਼ ਕਰ ਰਹੇ ਸਨ। ਚੌਦਾਰ ਤਾਲ ਦੇ ਅੰਦੋਲਨ ਵਿਚ ਉਨ੍ਹਾਂ ਨੂੰ ਅਨੇਕਾਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਅੰਬੇਡਕਰ 'ਛੂਆ-ਛਾਤ' ਨੂੰ ਇਕ ਮਾਨਸਿਕ ਰੋਗ ਕਰਾਰ ਦਿੰਦੇ ਸਨ। ਬੰਬਈ ਵਿਧਾਨ ਪ੍ਰੀਸ਼ਦ ਦੇ ਮੈਂਬਰ ਹੋਣ ਸਮੇਂ ਉਨ੍ਹਾਂ ਨੇ ਵਗਾਰ ਵਿਰੁਧ ਘੋਲ ਕੀਤਾ। ਸੰਨ 1928 ਵਿਚ ਅੰਬੇਡਕਰ ਨੇ ਸਾਇਮਨ ਕਮਿਸ਼ਨ ਸਾਹਮਣੇ ਆਪਣਾ ਪੱਖ ਪੇਸ਼ ਕੀਤਾ। ਜਦੋਂ 'ਕਾਲਾ ਰਾਮ ਮੰਦਿਰ ਨਾਸਿਕ' ਦੇ ਸੰਘਰਸ਼ (1930) ਦੌਰਾਨ ਉਨ੍ਹਾਂ ਦੇ ਜਲੂਸ ਉੱਪਰ ਹਿੰਸਕ ਵਾਰ ਕੀਤਾ ਗਿਆ ਤਾਂ ਉਨ੍ਹਾਂ ਦੇ ਕਿਸੇ ਸ਼ੁਭ ਚਿੰਤਕ ਨੇ ਅੰਬੇਡਕਰ ਨੂੰ ਸੁਰੱਖਿਅਤ ਥਾਂ ਵੱਲ ਭੱਜ ਜਾਣ ਲਈ ਕਿਹਾ, ਪਰ ਉਨ੍ਹਾਂ ਦਾ ਜੁਆਬ ਸੀ, "ਮੈਂ ਇਕ ਸੈਨਿਕ ਦਾ ਬੇਟਾ ਹਾਂ, ਮੈਦਾਨ ਵਿਚੋਂ ਭੱਜ ਕੇ ਨਹੀਂ ਜਾ ਸਕਦਾ।" ਅੰਬੇਡਕਰ ਅਛੂਤਾਂ ਦੇ ਹੱਕ ਵਿਚ ਥਾਂ-ਥਾਂ ਪ੍ਰਭਾਵਸ਼ਾਲੀ ਤਕਰੀਰਾਂ ਕਰਦੇ ਰਹਿੰਦੇ ਸਨ। ਉਨ੍ਹਾਂ ਦੀ ਪਤਨੀ ਰਾਮਾਬਾਈ ਵੀ ਇਸ ਸੰਸਾਰ ਤੋਂ ਚਲ ਵਸੀ ਸੀ। ਗੋਲ ਮੇਜ਼ ਕਾਨਫਰੰਸਾਂ ਵਿਚ ਵੀ ਉਹ ਭਾਰਤ ਦਾ ਪੱਖ ਪੂਰਦੇ ਸਮੇਂ ਆਪਣੀ ਵੱਖਰੀ ਵਿਚਾਰਧਾਰਾ ਦਾ ਪ੍ਰਭਾਵ ਦਿਆ ਕਰਦੇ ਸਨ। ਡਾ. ਅੰਬੇਡਕਰ ਗਾਂਧੀ ਜੀ ਦੀ ਹਿੰਦੂ ਵਿਚਾਰਧਾਰਾ ਤੋਂ ਸੰਤੁਸ਼ਟ ਨਹੀਂ ਸਨ। ਸਮੇਂ ਸਮੇਂ ਉਨ੍ਹਾਂ ਦੇ ਗਾਂਧੀ ਜੀ ਨਾਲ ਮੱਤ-ਭੇਦ ਹੁੰਦੇ ਰਹੇ। ਡਾ. ਅੰਬੇਡਕਰ ਨੇ ਘੱਟ ਗਿਣਤੀਆਂ ਸਬੰਧੀ ਕਮੇਟੀ ਨੂੰ ਦਲਿਤ ਵਰਗਾਂ ਦੇ ਮੈਂਬਰਾਂ ਨੂੰ ਸਰਕਾਰੀ ਸੇਵਾਵਾਂ, ਫ਼ੌਜ ਤੇ ਪੁਲਿਸ ਵਿਚ ਭਰਤੀ ਕੀਤੇ ਜਾਣ ਬਾਰੇ ਵਿਚਾਰ ਪੇਸ਼ ਕੀਤੇ।

ਇਕ ਵਾਰ ਡਾ. ਅੰਬੇਡਕਰ ਨੇ ਇਕ ਕਾਨਫਰੰਸ ਵਿਚ ਐਲਾਨ ਕੀਤਾ ਸੀ ਕਿ "ਮੈਂ ਹਿੰਦੂ ਪੈਦਾ ਜ਼ਰੂਰ ਹੋਇਆ ਹਾਂ ਪਰ ਮਰਾਂਗਾ ਬਤੌਰ ਹਿੰਦੂ ਨਹੀਂ।" ਜਾਤ-ਪਾਤ ਦਾ ਨਾਸ ਕਰਨ ਲਈ ਉਹ ਕਿਹਾ ਕਰਦੇ ਸਨ, "ਤੁਹਾਨੂੰ ਉਸ ਅਸੂਲ ਉਤੇ ਡੱਟ ਕੇ ਖੜ੍ਹਾ ਹੋਣਾ ਪਵੇਗਾ ਜਿਸ ਉੱਤੇ (ਗੌਤਮ) ਬੁੱਧ ਡੱਟ ਕੇ ਖਲੋਤੇ ਸਨ। ਤੁਹਾਨੂੰ ਉਸ ਅਸੂਲ ਤੇ ਡੱਟ ਕੇ ਖੜ੍ਹਾ ਹੋਣਾ ਪਵੇਗਾ ਜਿਸ ਤੇ ਗੁਰੂ ਨਾਨਕ ਡੱਟ ਕੇ ਖਲੋਤੇ ਸਨ।" ਡਾ. ਅੰਬੇਡਕਰ ਆਪਣੇ ਸ਼ਰਧਾਲੂਆਂ ਸਮੇਤ ਧਰਮ ਬਦਲਣ ਦੇ ਰੌਂਅ ਵਿਚ ਸਨ। ਉਕਤ ਕਥਨ ਤੋਂ ਉਨ੍ਹਾਂ ਦਾ ਝੁਕਾਅ ਬੁੱਧ-ਮੱਤ ਅਤੇ ਸਿੱਖ-ਮੱਤ ਵੱਲ ਜਾਪਦਾ ਸੀ। 1936 ਦੀ ਪੰਜਾਬ ਯਾਤਰਾ ਸਿੱਖ ਮਿਸ਼ਨਰੀ ਕਾਲਜ ਅੰਮ੍ਰਿਤਸਰ ਵਿਖੇ ਕਾਨਫਰੰਸ 'ਚ ਸ਼ਾਮਲ ਹੋਣ ਸਮੇਂ ਸਿੱਖ ਆਗੂਆਂ ਨੇ ਜਲੂਸ ਦੀ ਸ਼ਕਲ ਵਿਚ ਉਨ੍ਹਾਂ ਦਾ ਸੁਆਗਤ ਕੀਤਾ। ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੇ ਪ੍ਰਧਾਨ ਵਲੋਂ ਉਨ੍ਹਾਂ ਦੇ ਮਾਣ ਵਿਚ ਇਕ ਸ਼ਾਨਦਾਰ ਭੋਜਨ ਕੀਤਾ ਗਿਆ। ਡਾ. ਅੰਬੇਡਕਰ ਸਿੱਖ ਧਰਮ ਦੇ ਪ੍ਰਸ਼ੰਸਕ ਸਨ। ਉਹ ਭਾਰਤ ਦੇ ਛੇ ਕਰੋੜ ਅਛੂਤਾਂ ਸਮੇਤ ਸਿੱਖ ਬਣ ਕੇ ਜਾਤ-ਪਾਤ ਦਾ ਨਾਸ ਕਰਨਾ ਚਾਹੁੰਦੇ ਸਨ। ਪਰ ਅਜਿਹਾ ਨਹੀਂ ਹੋ ਸਕਿਆ।

ਆਜ਼ਾਦ ਮਜ਼ਦੂਰ ਪਾਰਟੀ ਦੀ ਸਥਾਪਨਾ ਕਰਕੇ ਉਨ੍ਹਾਂ ਨੇ ਮਜ਼ਦੂਰਾਂ ਦੇ ਹੱਕ ਵਿਚ ਯਾਦਗਾਰੀ ਯੋਗਦਾਨ ਪਾਇਆ। ਹੜਤਾਲ ਨੂੰ ਉਨ੍ਹਾਂ ਨੇ ਇਕ ਪਵਿੱਤਰ ਅਧਿਕਾਰ ਮੰਨਿਆ ਹੈ। ਉਨ੍ਹਾਂ ਦਾ ਕਥਨ ਹੈ "ਜਦੋਂ ਤੁਸੀਂ ਇਕ ਵਾਰ ਆਜ਼ਾਦੀ ਦੇ ਅਧਿਕਾਰ ਨੂੰ ਮਾਨਤਾ ਦਿੰਦੇ ਹੋ ਤਾਂ ਤੁਸੀਂ ਹੜਤਾਲ ਦਾ ਅਧਿਕਾਰ ਦੇਣਾ ਵੀ ਮੰਨ ਜਾਂਦੇ ਹੋ ਕਿਉਂਕਿ ਹੜਤਾਲ ਦਾ ਅਧਿਕਾਰ, ਆਜ਼ਾਦੀ ਦੇ ਅਧਿਕਾਰ ਦਾ ਹੀ ਦੂਜਾ ਨਾਂ ਹੈ। ਜੇਕਰ ਤੁਸੀਂ ਆਜ਼ਾਦੀ ਦੇ ਅਧਿਕਾਰ ਨੂੰ ਰੱਬੀ ਅਧਿਕਾਰ ਮੰਨਦੇ ਹੋ ਤਾਂ ਮੇਰਾ ਨਿਸ਼ਚਾ ਹੈ ਕਿ ਹੜਤਾਲ ਦਾ ਅਧਿਕਾਰ ਵੀ ਰੱਬੀ ਅਧਿਕਾਰ ਹੈ। ਡਾ. ਅੰਬੇਡਕਰ ਨੇ ਸ਼ਡੂਲਡ ਕਾਸਟ ਫੈਡਰੇਸ਼ਨ ਅਤੇ ਪੀਪਲਜ਼ ਐਜੂਕੇਸ਼ਨ ਸੋਸਾਇਟੀ ਦੀ ਸਥਾਪਨਾ ਕੀਤੀ। ਬੰਗਾਲ ਵਿਧਾਨ ਪ੍ਰੀਸ਼ਦ ਤੋਂ ਸੰਵਿਧਾਨ ਸਭਾ ਦੇ ਮੈਂਬਰ ਚੁਣੇ ਜਾਣ 'ਤੇ ਉਨ੍ਹਾਂ ਨੇ ਜ਼ਮੀਨ ਅਤੇ ਉਦਯੋਗ ਦੇ ਕੌਮੀਕਰਨ ਦਾ ਸੁਝਾਅ ਦਿੱਤਾ।

ਉਨ੍ਹਾਂ ਦੇ ਸੰਘਰਸ਼ਮਈ ਜੀਵਨ ਦਾ ਤੀਜਾ ਪੜਾਅ ਭਾਰਤ ਦੀ ਆਜ਼ਾਦੀ ਨਾਲ ਸ਼ੁਰੂ ਹੁੰਦਾ ਹੈ। ਰਾਜਨੀਤੀ ਤੇ ਕਾਨੂੰਨ ਦੇ ਖੇਤਰ ਵਿਚ ਜਗਤ ਪ੍ਰਸਿੱਧੀ ਹਾਸਲ ਕਰਨ ਵਾਲੇ ਡਾ. ਅੰਬੇਡਕਰ ਨੂੰ ਭਾਰਤੀ ਸੰਵਿਧਾਨ ਤਿਆਰ ਕਰਨ ਵਾਲੀ ਕਮੇਟੀ ਦਾ ਚੇਅਰਮੈਨ ਬਣਾਇਆ ਗਿਆ। ਭਾਰਤੀ ਸੰਵਿਧਾਨ ਤਿਆਰ ਕਰਨ ਵਿਚ ਉਨ੍ਹਾਂ ਦਾ ਵਿਸ਼ੇਸ਼ ਯੋਗਦਾਨ ਹੈ। 1947 ਵਿਚ ਹੀ ਡਾ. ਅੰਬੇਡਕਰ ਨੇ ਛੂਤ-ਛਾਤ ਨੂੰ ਅਪਰਾਧ ਕਰਾਰ ਦੁਆਇਆ ਸੀ। ਡਾ. ਅੰਬੇਡਕਰ ਭਾਰਤ ਦੇ ਪਹਿਲੇ ਕਾਨੂੰਨ ਮੰਤਰੀ ਬਣੇ। ਸਿਹਤ ਦੀ ਕਮਜ਼ੋਰੀ ਤੇ ਸੇਵਾ ਦੀ ਜ਼ਰੂਰਤ ਆਦਿ ਨੂੰ ਮੁੱਖ ਰੱਖ ਕੇ ਉਨ੍ਹਾਂ ਨੇ ਦੂਜੀ ਸ਼ਾਦੀ ਸ੍ਰੀਮਤੀ ਸਵੀਤਾ ਨਾਲ ਕਰ ਲਈ ਸੀ। 26 ਨਵੰਬਰ, 1949 ਨੂੰ ਭਾਰਤੀ ਸੰਵਿਧਾਨ ਪਰਵਾਨ ਕੀਤਾ ਗਿਆ। ਸੰਵਿਧਾਨ ਵਿਚ ਅਧਿਕਾਰਾਂ ਦੀ ਸਮਾਨਤਾ ਅਤੇ ਦਲਿਤ ਵਰਗਾਂ ਲਈ ਸੰਵਿਧਾਨ ਦੀ ਧਾਰਾ 335 ਵਿਚ ਵਿਸ਼ੇਸ਼ ਉਪਬੰਧ ਕੀਤਾ ਗਿਆ। ਇਕ ਆਮ ਪਰਿਵਾਰ ਤੇ ਸਮਾਜ ਦੇ ਦਲਿਤ ਵਰਗ 'ਚ ਜਨਮ ਲੈ ਕੇ ਦੁਨੀਆਂ ਦੀਆਂ ਸਭ ਤੋਂ ਵੱਡੀਆਂ ਵਿਦਿਅਕ-ਡਿਗਰੀਆਂ ਲੈਣ ਵਾਲੇ, ਮਜ਼ਦੂਰਾਂ ਦੇ ਰੱਖਿਅਕ ਤੇ ਆਧੁਨਿਕ ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾ. ਬਾਬਾ ਸਾਹਿਬ ਭੀਮ ਰਾਓ ਅੰਬੇਡਕਰ ਆਪਣੀ ਨਿੱਗਰ ਵਿਚਾਰਧਾਰਾ ਪਿਛੇ ਛੱਡ ਕੇ 6 ਦਸੰਬਰ, 1956 ਨੂੰ ਸਵਰਗ ਸਿਧਾਰ ਗਏ। ਆਪਣੇ ਅੰਤ ਤੋਂ ਪਹਿਲਾਂ ਉਨ੍ਹਾਂ ਨੇ 'ਬੁੱਧ ਅਤੇ ਉਨ੍ਹਾਂ ਦਾ ਧਰਮ' ਨਾਂ ਦੀ ਰਚਨਾ ਸੰਪੂਰਨ ਕੀਤੀ। ਉਨ੍ਹਾਂ ਨੇ ਆਪਣੇ ਜੀਵਨ ਕਾਲ ਦੌਰਾਨ ਅਣਗਿਣਤ ਤਕਰੀਰਾਂ, ਲੇਖਾਂ ਤੇ ਮੈਗਜ਼ੀਨਾਂ ਦੇ ਅੰਕਾਂ ਤੋਂ ਇਲਾਵਾ ਕਈ ਮਹੱਤਵਪੂਰਨ ਰਚਨਾਵਾਂ ਕੀਤੀਆਂ ਜਿਨ੍ਹਾਂ ਵਿਚ 'ਐਨੀਹੀਲੇਸ਼ਨ ਆਫ਼ ਕਾਸਟ, ਥਾਟਸ ਆਨ ਲਿੰਗੂਇਸਟਿਕ ਸਟੇਟਸ', 'ਥਾਟਸ ਆਨ ਪਾਕਿਸਤਾਨ', 'ਦੀ ਅਨਟੱਚਏਬਲਜ਼', 'ਰੈਨਾਡੇ, ਗਾਂਧੀ ਐਂਡ ਜਿਨਾਹ', 'ਗਾਂਧੀ ਐਂਡ ਗਾਂਧੀਇਜ਼ਮ', 'ਕਮਿਊਨਲ ਡੈੱਡਲਾਕ ਐਂਡ ਏ ਵੇ ਟੂ ਸੌਲਵ ਇਟ', 'ਮਿਸਟਰ ਗਾਂਧੀ ਐਂਡ ਇਮੈਨਸੀਪੇਸ਼ਨ ਆਫ਼ ਦੀ ਕਾਸਟਸ ਇਨ ਇੰਡੀਆ' ਆਦਿ ਸੁਪ੍ਰਸਿੱਧ ਹਨ। ਕੋਲੰਬੀਆ ਯੂਨੀਵਰਸਿਟੀ (ਅਮਰੀਕਾ) ਨੇ ਉਨ੍ਹਾਂ ਦਾ ਐਲ.ਐਲ.ਡੀ. ਦੀ ਆਨਰੇਰੀ ਡਿਗਰੀ ਨਾਲ ਸਨਮਾਨ ਕੀਤਾ। ਭਾਰਤ ਸਰਕਾਰ ਵਲੋਂ ਮਰਨ ਉਪਰੰਤ ਦੇਸ਼ ਦੀ ਸਭ ਤੋਂ ਵੱਡੀ ਉਪਾਧੀ 'ਭਾਰਤ ਰਤਨ' ਨਾਲ ਵੀ ਡਾ. ਅੰਬੇਡਕਰ ਨੂੰ ਸਨਮਾਨਿਤ ਕੀਤਾ ਗਿਆ।

+++

# ਪੰਜਾਬੀ ਭਾਸ਼ਾ ਅਤੇ ਸਭਿਆਚਾਰ ’ਤੇ ਕੋਈ ਸੰਕਟ ਨਹੀਂ

**ਸਵਾਲ : ਮੋਤਾ ਸਿੰਘ ਸਰਾਏ ਜੀ ਸਭ ਤੋਂ ਪਹਿਲਾਂ ਮੈਂ ਚਾਹਾਂਗਾ ਕਿ ਤੁਸੀਂ ਸਾਡੇ ਪਾਠਕਾਂ ਨੂੰ ਆਪਣੇ ਜੱਦੀ ਪਿੰਡ, ਪਿਛੋਕੜ ਅਤੇ ਵਿਦਿਅਕ ਪ੍ਰਾਪਤੀਆਂ ਬਾਰੇ ਖੋਲ੍ਹ ਕੇ ਜਾਣਕਾਰੀ ਦਿਓ?**

**ਜਵਾਬ** - ਮੇਰਾ ਜਨਮ ਚੱਕ ਖੁਰਦ, ਯਾਨੀ ਮੇਰੇ ਨਾਨਕੇ ਪਿੰਡ ਵਿਚ ਹੋਇਆ। ਇਹ ਪਿੰਡ ਤਹਿਸੀਲ ਨਕੋਦਰ ਵਿਚ ਹੈ। ਮੇਰੇ ਪਿਤਾ ਜੀ ਦਾ ਪਿੰਡ ਭੰਗਾਲਾ ਹੈ। ਇਹ ਪਿੰਡ ਫਿਲੌਰ ਤਹਿਸੀਲ ਵਿਚ ਪੈਂਦਾ ਹੈ। ਇਨ੍ਹਾਂ ਦੋਨਾਂ ਪਿੰਡਾਂ ਦੀ ਦੂਰੀ 7 ਕਿਲੋਮੀਟਰ ਦੀ ਹੈ। ਮੈਂ ਆਪਣੀ ਪ੍ਰਾਇਮਰੀ ਤੱਕ ਦੀ ਸਿੱਖਿਆ ਪਿੰਡ ਭੰਗਾਲਾ ਦੇ ਪ੍ਰਾਇਮਰੀ ਸਕੂਲ ਤੋਂ ਹਾਸਲ ਕੀਤੀ। ਪਿੰਡ ਸੰਕਰ ਦੇ ਹਾਈ ਸਕੂਲ ਤੋਂ ਦਸਵੀਂ ਪਾਸ ਕੀਤੀ। ਗੁਰੂ ਨਾਨਕ ਨੈਸ਼ਨਲ ਕਾਲਜ ਨਕੋਦਰ ਵਿਚ ਮੈਂ ਨਾਨ ਮੈਡੀਕਲ ਵਿਚ ਦਾਖਲਾ ਲਿਆ ਅਤੇ ਐਗਰੀਕਲਚਰ ਯੂਨੀਵਰਸਿਟੀ ਤੋਂ ਇਕ ਟੈਕਨੀਕਲ ਡਿਪਲੋਮਾ ਵੀ ਕੀਤਾ। 1985 ਵਿਚ ਲਾਇਲਪੁਰ ਖਾਲਸਾ ਕਾਲਜ ਜਲੰਧਰ ਤੋਂ ਪੁਲਿਟੀਕਲ ਸਾਇੰਸ ਵਿਚ ਐੱਮ. ਏ. ਕੀਤੀ ਅਤੇ ਕੁਝ ਦੇਰ ਇੱਥੇ ਐਡਹੋਕ ਆਧਾਰ ‘ਤੇ ਲੈਕਚਰਾਰ ਵੀ ਲੱਗਾ ਰਿਹਾ। ਇਸ ਤੋਂ ਬਾਅਦ ਪੜ੍ਹਾਈ ਕਰਨ ਲਈ ਹੀ ਮੈਂ ਇੰਗਲੈਂਡ ਗਿਆ। ਉੱਥੇ ਮੈਂ ਸਿਟੀ ਕਾਲਜ ਆਫ ਲੰਡਨ ਤੋਂ ਐੱਮ. ਬੀ. ਏ. ਕੀਤੀ ਅਤੇ ਬਾਅਦ ਵਿਚ ਇੱਕ ਕੰਪਨੀ ਨਾਲ ਫਾਇਨੈਂਸ਼ੀਅਲ ਅਡਵਾਈਜਰ ਲੱਗਿਆ। ਆਪਣੇ ਰੁਜਗਾਰ ਅਤੇ ਰੋਜੀ-ਰੋਟੀ ਦੇ ਸਾਧਨ ਵਜੋਂ ਹਾਲੇ ਤੱਕ ਵੀ ਮੈਂ ਇਹ ਨੌਕਰੀ ਕਰ ਰਿਹਾ ਹਾਂ।

**ਸਵਾਲ : ਤੁਹਾਨੂੰ ਪੰਜਾਬੀ ਸਾਇਰਾਂ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਜੁਬਾਨੀ ਯਾਦ ਹਨ। ਇਹ ਚੇਟਕ ਕਿਵੇਂ ਲੱਗੀ, ਮੇਰਾ ਕਹਿਣ ਦਾ ਮਤਲਬ ਹੈ ਕਿ ਪਰਿਵਾਰਕ ਪਿਛੋਕੜ ਵੀ ਇਸ ਕਿਸਮ ਦਾ ਸੀ ਜਾਂ ਆਪਣੀ ਅੰਦਰੂਨੀ ਨਿੱਜੀ ਲਗਨ ਨੇ ਹੀ ਇਸ ਪਾਸੇ ਵੱਲ ਤੋਰਿਆ?**

**ਜਵਾਬ—** ਕਵਿਤਾਵਾਂ ਦੀਆਂ ਲਾਇਨਾਂ ਜਾਂ ਟੋਟਕੇ ਤਾਂ ਮੈਨੂੰ ਸਾਇਦ ਦੋ ਚਾਰ ਤੋਂ ਵੱਧ ਯਾਦ ਨਾ ਹੋਣ, ਹਾਂ ਸਾਡੀਆਂ ਲੋਕ ਬੋਲੀਆਂ, ਲੋਕ ਗੀਤ ਜਾਂ ਲੋਕ ਮੁਹਾਵਰੇ ਜਿਹੜੇ ਪੀੜ੍ਹੀ ਦਰ ਪੀੜ੍ਹੀ ਤੁਰੇ ਆਉਂਦੇ ਹਨ, ਜਿਨ੍ਹਾਂ ਨੂੰ ਯੂਨੀਵਰਸਿਟੀਆਂ ਦੇ ਵਿਦਵਾਨ ਕੁਝ ਨਹੀਂ ਸਮਝਦੇ, ਉਹ ਮੈਨੂੰ ਬਹੁਤ ਸਾਰੇ ਯਾਦ ਹਨ। ਪੜ੍ਹਿਆਂ-ਲਿਖਿਆਂ ਦੇ ਅਰਥਾਂ ਵਿਚ ਮੇਰਾ ਪਰਿਵਾਰ ਅਕੈਡਮਿਕ ਨਹੀਂ ਸੀ। ਫਿਰ ਵੀ ਮੈਨੂੰ ਨਾਨੀ ਅਤੇ ਮਾਤਾ ਜੀ ਦੇ ਨਜਦੀਕ ਰਹਿਣ ਦਾ ਮੌਕਾ ਮਿਲਿਆ। ਉਨ੍ਹਾਂ ਤੋਂ ਹੀ ਮੈਂ ਇਹ ਸਾਰਾ ਕੁਝ ਹਾਸਲ ਕੀਤਾ। ਉਂਝ ਤਾਂ ਸੰਸਾਰ ਦੇ ਸਾਰੇ ਵਿਅਕਤੀਆਂ ਨੂੰ ਹੀ ਅਜਿਹਾ ਮੌਕਾ ਮਿਲਦਾ ਹੈ, ਇਹਦੇ ਵਿਚ ਕੋਈ ਨਵੀਂ ਗੱਲ ਵੀ ਨਹੀਂ, ਪਰ ਮੇਰੀ ਧਾਰਨਾ ਹੈ ਕਿ ਜਿਸ ਵਿਅਕਤੀ ਨੂੰ ਘਰੇਲੂ ਰਿਸਤਿਆਂ ਦਾ ਨਿੱਘ ਨਹੀਂ ਮਿਲਦਾ ਉਨ੍ਹਾਂ ਦੀ ਅਪਣੱਤ ਨੂੰ ਮਾਨਣ ਦਾ ਮੌਕਾ ਨਹੀਂ ਮਿਲਦਾ, ਮਜਬੂਤ ਪਰਿਵਾਰਕ ਤੰਦਾਂ ‘ਚ ਜੀਣ ਦਾ ਤਜਰਬਾ ਨਹੀਂ ਕਰਦਾ, ਉਹ ਭਾਵੇਂ ਗੱਲਾਂ ਜਿੰਨੀਆਂ ਵੱਡੀਆਂ ਮਰਜੀ ਕਰੀ ਜਾਵੇ। ਪਰ ਇਸ ਧਰਤੀ ‘ਤੇ ਕੋਈ ਤਬਦੀਲੀ ਨਹੀਂ ਕਰ ਸਕਦਾ। ਕਿਸੇ ਹੋਰ ਗ੍ਰਹਿ ਉੱਪਰ ਭਾਵੇਂ ਜੋ ਮਰਜੀ ਕਰਦਾ ਫਿਰੇ।




**ਸਵਾਲ : ਐਨੀਆਂ ਨਿੱਘੀਆਂ ਪਰਿਵਾਰਕ ਤੰਦਾਂ ਦੇ ਬਾਵਜੂਦ ਉਹ ਕਿਹੜੇ ਹਾਲਾਤ/ਮਜਬੂਰੀਆਂ/ਸੌਕ ਸਨ, ਜਿਨ੍ਹਾਂ ਕਾਰਨ ਪ੍ਰਵਾਸ ਵੱਲ ਤੁਰਨਾ ਪਿਆ।**

**ਜਵਾਬ** - ਪ੍ਰਦੇਸ ਜਾਣ ਲਈ ਮੈਂ ਉਸ ਦੌਰ ਕਰਕੇ ਹੀ ਸੋਚਿਆ ਹੈ, ਜਿਸ ਦੇ ਅੰਦਰ ਮੈਂ ਇਥੋਂ ਪ੍ਰਦੇਸ ਗਿਆ ਸਾਂ। ਉਹ ਦੌਰ 1985-86 ਦਾ ਸੀ। ਜਦੋਂ ਪੰਜਾਬ ਵਿਚ ਇਕ ਸੰਘਰਸ ਚੱਲ ਰਿਹਾ ਸੀ, ਜਿਸਨੂੰ ਇੱਕ ਧਿਰ ਖਾੜਕੂਵਾਦ ਕਹਿ ਰਿਹਾ ਸੀ ਤੇ ਦੂਜੀ ਅਤਿਵਾਦ। ਮੈਂ ਇਸ ਨੂੰ ਗਲਤ ਜਾਂ ਠੀਕ ਕਹਿਣ ਦੇ ਚੱਕਰ ਵਿਚ ਨਹੀਂ

ਪਵਾਂਗਾ। ਇਸ ਦੌਰ ਦਾ ਅਸਰ ਮੇਰੇ 'ਤੇ ਵੀ ਪਿਆ। ਪਰ ਮੁੱਖ ਰੂਪ ਵਿਚ ਮੈਂ ਆਪਣੀ ਪੜ੍ਹਾਈ ਜਾਰੀ ਰੱਖਣ ਲਈ ਹੀ ਇੰਗਲੈਂਡ ਗਿਆ ਅਤੇ ਐੱਮ. ਬੀ. ਏ. ਕਰਨ ਤੋਂ ਬਾਅਦ ਇੱਕ ਕੰਪਨੀ ਦਾ ਫਾਈਨੈਂਸੀਅਲ ਅਡਵਾਈਜਰ ਲੱਗਿਆ ਤੇ ਉੱਥੇ ਦਾ ਹੀ ਹੋ ਕੇ ਰਹਿ ਗਿਆ। ਪ੍ਰਵਾਸ ਕਰਨ ਤੋਂ ਪਹਿਲਾਂ ਇਥੇ ਹੁੰਦਿਆਂ ਮੈਂ ਆਈ. ਏ. ਐੱਸ., ਆਈ. ਐੱਫ. ਐੱਸ. ਕਰਨ ਬਾਰੇ ਵੀ ਸੋਚਿਆ, ਪਰ ਇਸ ਮਾਮਲੇ ਵਿਚ ਚੰਗੀਆਂ ਨੌਕਰੀਆਂ ਹਾਸਲ ਕਰਨ ਲਈ ਨੋਟਾਂ ਦੀ ਵੀ ਜ਼ਰੂਰਤ ਸੀ। ਮੇਰਾ ਪਰਿਵਾਰ ਇਹਦੇ ਸਮਰੱਥ ਨਹੀਂ ਸੀ। ਮੈਂ ਨਹੀਂ ਸੀ ਚਾਹੁੰਦਾ ਕਿ ਮੇਰਾ ਪਿਉ ਉਨ੍ਹਾਂ ਸਿਆਸਤਦਾਨਾਂ ਦੀਆਂ ਮਿੰਨਤਾਂ ਕਰਦਾ ਫਿਰੇ ਜਿਹੜੇ ਵੋਟਾਂ ਵੇਲੇ ਉਹਦੇ ਘਰ ਦੇ ਗੇੜੇ ਕੱਢਣ ਆਉਂਦੇ ਸਨ।

**ਸਵਾਲ : ਪੰਜਾਬੀ ਭਾਸ਼ਾ ਦੇ ਪਸਾਰੇ, ਵਿਕਾਸ ਪ੍ਰਤੀ ਤੁਹਡੀ ਲਗਨ ਧਾਰਮਿਕ ਵਿਸਵਾਸ ਵਰਗੀ ਹੈ। ਇਹ ਪੰਜਾਬੀ ਸੱਥ ਨਾਲ ਜੁੜ ਕੇ ਪੈਦਾ ਹੋਈ ਜਾਂ ਪਹਿਲਾਂ ਵੀ ਮੌਜੂਦ ਸੀ?**

**ਸਵਾਲ —** ਇਨਸਾਨ ਦੀ ਜ਼ਿੰਦਗੀ ਵਿਚ ਭਾਸ਼ਾ ਦੀ ਭੂਮਿਕਾ ਵੱਡੀ ਹੈ, ਮਹਾਨ ਹੈ। ਇਨਸਾਨ ਸਾਰੇ ਲਗਭਗ ਬਰਾਬਰ ਹੀ ਹੁੰਦੇ ਹਨ। ਪਰ ਭਾਸ਼ਾ ਹੀ ਉਨ੍ਹਾਂ ਨੂੰ ਵੱਡਾ-ਛੋਟਾ ਬਣਾਉਂਦੀ ਹੈ। ਮੇਰਾ ਕਹਿਣ ਦਾ ਮਤਲਬ ਕਿ ਤੁਹਾਡੇ ਸਬਦ ਹੀ ਤੁਹਾਨੂੰ ਵੱਡਾ-ਛੋਟਾ ਬਣਾਉਂਦੇ ਹਨ। ਜਿਵੇਂ ਤੁਹਾਡੀ ਮਾਂ ਨੇ ਤੁਹਾਨੂੰ ਜਨਮ ਦਿੱਤਾ ਹੈ ਉਵੇਂ ਤੁਹਾਡੀ ਮਾਤਾ ਭਾਸ਼ਾ ਨੇ ਤੁਹਾਨੂੰ ਉਂਗਲ ਲਾ ਕੇ ਤੋਰਿਆ ਹੈ। ਇਸੇ ਭਾਸ਼ਾ ਵਿਚ ਤੁਹਾਡੀ ਮਾਂ ਨੇ ਤੁਹਾਨੂੰ ਲੋਰੀਆਂ ਦਿੱਤੀਆਂ ਹਨ। ਅਸਲ ਵਿਚ ਮਾਂ ਬੋਲੀ ਤੋਂ ਬਿਨਾ ਪਰਿਵਾਰ ਨਹੀਂ ਜੁੜਦਾ। ਮਾਂ ਬੋਲੀ ਨਾਲ ਜੁੜਿਆ ਬੰਦਾ ਹੀ ਪਰਿਵਾਰਕ ਤੰਦਾਂ ਨਾਲ ਜੁੜ ਸਕਦਾ ਹੈ। ਉਹੀ ਆਪਣੇ ਪਿੰਡ ਤੇ ਦੇਸ ਦੀ ਮਿੱਟੀ ਨਾਲ ਜੁੜਿਆ ਰਹਿ ਸਕਦਾ ਹੈ। ਕੁਝ ਲੋਕ ਆਖਦੇ ਹਨ ਕਿ ਤੁਹਾਡੀ ਭਾਸ਼ਾ ਉਹ ਹੁੰਦੀ ਹੈ ਜਿਹੜੀ ਤੁਹਾਨੂੰ ਰੁਜਗਾਰ ਦਿੰਦੀ ਹੈ, ਰੋਜੀ-ਰੋਟੀ ਦਿੰਦੀ ਹੈ। ਕੁਝ ਦੇਰ ਬਾਅਦ ਉਹੀ ਤੁਹਾਡੀ ਮਾਤ ਭਾਸ਼ਾ ਬਣ ਜਾਂਦੀ ਹੈ। ਪਰ ਇਹ ਗੱਲ ਠੀਕ ਨਹੀਂ। ਜੇ ਸਾਨੂੰ ਵਿਵਸਾਇਕ ਸਿੱਖਿਆ ਵੀ ਮਾਤ ਭਾਸ਼ਾ ਵਿਚ ਦਿੱਤੀ ਜਾਵੇ ਤਾਂ ਉਹ ਕਈ ਗੁਣਾ ਜਿਆਦਾ ਕਾਰਗਰ ਸਾਬਤ ਹੋ ਸਕਦੀ ਹੈ। ਇਸ ਦੇ ਮਹੱਤਵ ਨੂੰ ਬਾਹਰਲੇ ਮੁਲਕਾਂ ਨੇ ਸਵਿਕਾਰਿਆ ਹੈ। ਇਸੇ ਲਈ ਉਹ ਤੁਹਾਡੀ ਮਾਤ ਭਾਸ਼ਾ ਨੂੰ ਜਿੰਦਾ ਰੱਖਣ ਦੀ ਚਾਹਤ ਨੂੰ ਬਕਾਇਦਾ ਉਤਸਾਹਿਤ ਕਰਦੇ ਹਨ।

**ਸਵਾਲ : ਤੁਸੀਂ ਯੂਰਪੀ ਪੰਜਾਬੀ ਸੱਥ ਦੇ ਪ੍ਰਧਾਨ ਹੋ, ਇੰਗਲੈਂਡ, ਕੈਨੇਡਾ, ਆਸਟ੍ਰੇਲੀਆ ਅਤੇ ਜਰਮਨ ਸਮੇਤ ਕਈ ਮੁਲਕਾਂ ਵਿਚ ਸੱਥ ਦੇ ਯੂਨਿਟ ਵੀ ਕਾਇਮ ਕੀਤੇ ਹਨ, ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਪ੍ਰਵਾਸੀ ਪੰਜਾਬੀਆਂ ਵਿਚ ਕਿਸ ਕਿਸਮ ਦਾ ਉਤਸਾਹ ਅਤੇ ਲਗਨ ਵੇਖਦੇ ਹੋ?**

**ਜਵਾਬ :** ਪ੍ਰਧਾਨ ਵਗੈਰਾ ਸੱਥ ਦਾ ਨਹੀਂ ਹੁੰਦਾ। ਸੱਥ ਵਿਚ ਕੰਮ ਚਲਾਉਣ ਲਈ ਇੱਕ ਵਿਅਕਤੀ ਨੂੰ ਮੋਹਰੀ ਬਣਾਇਆ ਜਾਂਦਾ ਹੈ। ਸੋ ਮੈਂ ਪ੍ਰਦੇਸਾਂ ਵਿਚ ਸੱਥ ਦਾ ਆਰ-ਜੀ ਸੇਵਾਦਾਰ ਹਾਂ। ਪ੍ਰਦੇਸੀਂ ਵੱਸੇ ਲੋਕਾਂ ਵਿਚ ਭਾਸ਼ਾ ਸੱਭਿਆਚਾਰ ਦੇ ਮੋਹ ਬਾਰੇ ਮੈਂ ਇੱਕ ਉਦਾਹਰਣ ਦੇਣੀ ਚਾਹੁੰਦਾ ਹਾਂ। ਮੇਲੇ ਵਿਚ ਬੱਚਾ ਮਾਂ ਦੀ ਉਂਗਲ ਫੜੀ ਜਾਂਦਾ ਹੈ। ਮਾਂ ਦੀ ਉਂਗਲ ਫੜ ਕੇ ਮੇਲਾ ਵੇਖਦਿਆਂ ਉਹ ਮਾਂ ਤੋਂ ਤਰ੍ਹਾਂ ਤਰ੍ਹਾਂ ਦੀਆਂ ਚੀਜਾਂ ਲੈ ਕੇ ਦੇਣ ਦੀ ਮੰਗ ਕਰਦਾ ਹੈ। ਕਦੀ ਖਿਡੌਣੇ ਮੰਗਦਾ ਹੈ, ਕਦੀ ਖਾਣ ਪੀਣ ਵਾਲੀਆਂ ਚੀਜਾਂ ਵਲ ਖਿੱਚਦਾ ਹੈ ਅਤੇ ਕਦੀ ਕਿਸੇ ਹੋਰ ਪਾਸੇ। ਪਰ ਮੇਲੇ ਦੀ ਧੂੜ ਅਤੇ ਧੱਕਮ-ਧੱਕੇ ਵਿਚ ਉਸ ਤੋਂ ਅਚਾਨਕ ਮਾਂ ਦੀ ਉਂਗਲ ਛੁੱਟ ਜਾਂਦੀ ਹੈ। ਉਹ ਮੇਲੇ ਵਿਚ ਗੁਆਚ ਜਾਂਦਾ ਹੈ। ਮੇਲੇ ਵਿਚ ਗੁਆਚਦਿਆਂ ਹੀ ਉਹ ਬੱਚਾ ਆਪਣੀ ਮਾਂ ਨੂੰ ਅਵਾਜਾਂ ਮਾਰਨ ਲਗਦਾ ਹੈ।ਉਸ ਨੂੰ ਬਾਕੀ ਸਾਰੀਆਂ ਚੀਜਾਂ ਭੁੱਲ ਜਾਂਦੀਆਂ ਹਨ। ਸੋ ਪ੍ਰਦੇਸਾਂ ਵਿਚ ਵਸਦੇ ਪੰਜਾਬੀਆਂ ਤੋਂ ਆਪਦੀ ਮਾਂ ਬੋਲੀ ਦੀ ਉਂਗਲ ਛੁੱਟ ਗਈ ਹੈ। ਇਥੇ ਪੰਜਾਬ ਵਿਚ ਮਾਂ ਨੇੜੇ ਹੈ। ਉਥੇ ਦੇ ਪੰਜਾਬੀਆਂ ਵਿਚ ਪਦਾਰਥਕ ਚੀਜਾਂ ਪ੍ਰਤੀ ਵੀ ਬੜੀ ਖਿੱਚ ਹੈ। ਪਰ ਉਨ੍ਹਾਂ ਵਿਚ ਬੋਲੀ ਪ੍ਰਤੀ ਲਗਾਉ ਵੀ ਹੈ। ਬਿਲਕੁਲ ਮੇਲੇ ਵਿਚ ਗੁਆਚੇ ਬੱਚੇ ਦੀ ਤਰ੍ਹਾਂ। ਇਹ ਲਗਾਉ ਉਸੇ ਤਰ੍ਹਾਂ ਦਾ ਹੈ, ਜਿਵੇਂ ਇੱਕ ਅਮਰੀਕੀ ਪੁਲਾੜ ਵਿਗਿਆਨੀ ਨੇ ਚੰਨ ਤੋਂ ਖੜ੍ਹ ਕੇ ਵੇਖੀ ਧਰਤੀ ਬਾਰੇ ਕਿਹਾ ਸੀ। ਉਸ ਦਾ ਕਹਿਣਾ ਸੀ ਕਿ ਚੰਨ ਤੋਂ ਖੜ੍ਹ ਕੇ ਵੇਖੀ ਧਰਤੀ ਬਹੁਤ ਖੂਬਸੂਰਤ ਲਗਦੀ ਹੈ। ਯਾਨੀ ਪ੍ਰਦੇਸਾਂ ਵਿਚ ਮਾਂ ਬੋਲੀ ਦਾ ਜਿਹੜਾ ਖਿਲਾਅ ਹੈ ਉਹੀ ਉਨ੍ਹਾਂ ਨੂੰ ਆਪਣੇ ਵੱਲ ਖਿੱਚਦਾ ਹੈ। ਪਹਿਲੀ ਪੀੜ੍ਹੀ ਦੇ ਪ੍ਰਵਾਸੀ ਆਪਣੀ ਆਰਥਕ ਸਥਾਪਤੀ ਲਈ ਸੰਘਰਸ ਕਰਦਿਆਂ ਆਪਣੀਆਂ ਕਦਰਾਂ-ਕੀਮਤਾਂ ਅਤੇ ਬੋਲੀ ਦਾ ਖਿਆਲ ਨਹੀਂ ਰੱਖ ਸਕੇ। ਪਰ ਮੇਰੀ ਪੀੜ੍ਹੀ ਦੇ ਲੋਕਾਂ ਵਿਚ ਇਹ ਲਗਾਉ ਹੈ। ਉਹ ਪਿੱਛੇ ਨਾਲ ਜੁੜੇ ਰਹਿਣਾ ਚਾਹੁੰਦੇ ਹਨ। ਵਿਚ ਵਿਚਾਲੇ ਇੱਕ ਪੀੜ੍ਹੀ ਮਾੜੀਆਂ ਸੱਭਿਆਚਾਰਕ ਕੀਮਤਾਂ ਅਤੇ ਗੰਦੀ ਤਰ੍ਹਾਂ ਫਿਲਮਾਏ ਗੀਤਾਂ ਵੱਲ ਜਾਣ ਲੱਗ ਪਈ ਸੀ। ਪਰ ਪਿਛਲੇ ਕੁਝ ਸਮੇਂ ਵਿਚ ਇਸ ਪਾਸਿਓਂ ਵੀ ਮੋੜਾ ਪਿਆ ਹੈ। ਆਉਣ ਵਾਲੇ ਸਮੇਂ ਵਿਚ ਤੁਸੀਂ ਇਸ ਪਾਸਿਓਂ ਹੋਰ ਵੀ ਫਰਕ ਮਹਿਸੂਸ ਕਰੋਗੇ। ਹੋਰ ਵੀ ਗਾਇਕ ਪੰਜਾਬੀ ਦੀ ਸੱਭਿਆਚਾਰਕ ਗਾਇਕੀ ਵਾਲੇ ਪਾਸੇ ਆਉਣਗੇ। ਆਪਣੀਆਂ ਜੜ੍ਹਾਂ ਨਾਲ, ਪੁਰਖਿਆਂ ਦੀਆਂ ਕਦਰਾਂ ਕੀਮਤਾਂ ਨਾਲ ਜੁੜਨਗੇ।

**ਸਵਾਲ : ਤੁਸੀਂ ਕਵਿੰਟਲਾਂ ਦੇ ਹਿਸਾਬ ਨਾਲ ਪੰਜਾਬੀ ਦੀਆਂ ਕਿਤਾਬਾਂ ਯੂਰਪ ਨੂੰ ਲਿਜਾਂਦੇ ਹੋ। ਪੰਜਾਬੀ ਸੱਥ ਦੀ ਸਰਗਰਮੀ ਦੇ ਜਰੀਏ ਕੋਈ ਸੱਭਿਆਚਾਰਕ ਲਹਿਰ ਜਾਂ ਹਿਲਜੁਲ ਦਿਖਾਈ ਦੇਂਦੀ ਹੈ?**

**ਜਵਾਬ —** ਹਾਂ ਬਿਲਕੁਲ ਦਿਸਦੀ ਹੈ। ਭਾਵੇਂ ਇਹ ਫਰਕ ਹਾਲੇ ਛੋਟੇ ਵਿਖਾਈ ਦਿੰਦੇ ਹਨ, ਪਰ ਪਏ ਜਰੂਰ ਹਨ। ਅੱਜ ਤੋਂ 10-12 ਸਾਲ ਪਹਿਲਾਂ ਉਥੇ ਜਦੋਂ ਕਿਸੇ ਕਵੀ ਦਰਬਾਰ ਵਿਚ ਪੰਜਾਬੀ ਦੇ ਕਵੀ ਇੱਕਠੇ ਹੁੰਦੇ ਸਨ ਤਾਂ ਉਹ ਕਿਸੇ ਇੱਕ ਵਾਦ ਜਾਂ ਵਿਚਾਰਧਾਰਾ ਨਾਲ ਜੁੜੇ ਹੁੰਦੇ ਸਨ। ਸਾਡੇ ਇੰਗਲੈਂਡ ਵਿਚ ਸਰਗਰਮ ਹੋਣ ਤੋਂ ਬਾਅਦ ਉਥੇ ਇੱਕੋ ਕਵੀ ਦਰਬਾਰ ਵਿਚ ਵੱਖ-ਵੱਖ ਵਿਚਾਰਧਾਰਾਵਾਂ/ਵਿਸਵਾਸਾਂ ਦੇ ਕਵੀ ਇਕੱਠੇ ਹੋਣੇ ਸੁਰੂ ਹੋਏ। ਸਾਡਾ ਮੰਨਣਾ ਹੈ ਕਿ ਜਿਹੜਾ ਵੀ ਪੰਜਾਬੀ ਦੀ ਗੱਲ ਕਰਦਾ ਹੈ ਉਹ ਸਾਡਾ ਹੈ। ਹੇਠਲੇ ਪੱਧਰ ਉੱਪਰ ਆਮ ਲੋਕਾਂ ਵਿਚ ਪੜ੍ਹਨ ਦੀ ਚੇਟਕ ਲਾਈ। ਵੱਡੀ ਗਿਣਤੀ ਵਿਚ ਸਾਹਿਤ ਲੈ ਕੇ ਗਏ। ਸਾਹਿਤ/ਕਿਤਾਬਾਂ ਦੇ ਵਿਤਰਣ ਅਤੇ ਸਮਾਗਮ ਅਯੋਜਤ ਕਰਨ ਵਿਚ ਲੋਕਾਂ ਦੀ ਸਮੂਲੀਅਤ ਸੰਭਵ ਬਣਾਈ। ਉਨ੍ਹਾਂ ਰਾਹੀਂ ਹੀ ਲਿਟਰੇਚਰ ਵੇਚਿਆ। ਉਨ੍ਹਾਂ ਤੋਂ ਪ੍ਰਤੀਕਰਮ ਮੰਗੇ ਕਿ ਸਾਨੂੰ ਦੱਸੋ ਤੁਹਾਨੂੰ ਇਹ ਯਤਨ ਕਿੱਦਾਂ ਲੱਗੇ?

**ਸਵਾਲ : ਤੁਸੀਂ ਯੂਰਪ ਸਮੇਤ ਹੋਰ ਪੱਛਮੀ ਮੁਲਕਾਂ ਵਿਚ ਪੰਜਾਬੀ**

**ਸੱਭਿਆਚਾਰ, ਪੰਜਾਬੀ ਭਾਈਚਾਰੇ ਅਤੇ ਪੰਜਾਬੀ ਭਾਸ਼ਾ ਦਾ ਕੀ ਭਵਿੱਖ ਵੇਖਦੇ ਹੋ?**

**ਜਵਾਬ** — ਜੇ ਮੇਰੀ ਨਿੱਜੀ ਰਾਏ ਪੁੱਛੋਗੇ ਤਾਂ ਮੈਨੂੰ ਤਾਂ ਪੰਜਾਬੀ ਸੱਭਿਆਚਰ ਦਾ ਭਵਿੱਖ ਉੱਥੇ ਹਾਂ ਪੱਖੀ ਹੀ ਨਜ਼ਰ ਆਉਂਦਾ ਹੈ। ਉੱਥੇ ਸਾਡੇ ਕੋਲ ਆਪਣੀ ਭਾਸ਼ਾ ਅਤੇ ਸੱਭਿਆਚਾਰ ਨੂੰ ਸਾਂਭਣ ਦੇ ਸੋਮੇ ਹਨ। ਵੱਖ-ਵੱਖ ਕਿਸਮ ਦੇ ਵਸੀਲੇ ਹਨ। ਰੇਡੀਓ ਹਨ, ਹਫਤਾਵਾਰੀ ਅਤੇ ਹੋਰ ਅਖਬਾਰਾਂ ਹਨ, ਟੀ. ਵੀ. ਚੈਨਲ ਵੀ ਪੰਜਾਬੀ ਦੀ ਗੱਲ ਕਰਦੇ ਹਨ। ਗੁਰਦੁਆਰਿਆਂ ਵਿਚ ਪੰਜਾਬੀ ਭਾਸ਼ਾ ਦੀ ਗੱਲ ਹੁੰਦੀ ਹੈ। 18 ਹਜਾਰ ਬੱਚਾ ਹਰ ਸਾਲ ਯੂ. ਕੇ. ਵਿਚ ਪੰਜਾਬੀ ਦੀ 'ਓ' ਲੈਵਲ ਦੀ ਸਿੱਖਿਆ ਹਾਸਲ ਕਰਦਾ ਹੈ। ਇਸ ਨੂੰ ਅਸੀਂ ਮੈਟ੍ਰਿਕ ਦੇ ਬਰਾਬਰ ਸਮਝ ਸਕਦੇ ਹਾਂ। ਇੰਨੇ ਹੀ ਬੰਦੇ ਹਰ ਸਾਲ ਤਬਲਾ ਭਾਵ ਪੰਜਾਬੀ ਸੰਗੀਤ ਸਿੱਖਦੇ ਹਨ। ਇਸ ਲਈ ਮੈਂ ਸਮਝਦਾ ਹਾਂ ਕਿ ਪ੍ਰਦੇਸਾਂ ਵਿਚ ਪੰਜਾਬੀ ਭਾਸ਼ਾ ਦਾ ਭਵਿੱਖ ਮਾੜਾ ਨਹੀਂ ਹੈ।

**ਸਵਾਲ : ਪੱਛਮੀ ਮੁਲਕਾਂ ਵਿਚ ਤੁਸੀਂ ਸੱਥ ਦਾ ਕੀ ਭਵਿੱਖ ਵੇਖਦੇ ਹੋ?**

**ਜਵਾਬ** — ਪੱਛਮੀ ਮੁਲਕਾਂ ਵਿਚ ਸੱਥ ਦਾ ਭਵਿੱਖ ਵੀ ਕਾਫੀ ਉੱਜਲ ਵਿਖਾਈ ਦਿੰਦੈ। ਯੂ. ਕੇ. ਤੋਂ ਸਿਵਾਏ ਅਸੀਂ ਜਰਮਨੀ, ਆਸਟ੍ਰੇਲੀਆ ਅਤੇ ਕੈਨੇਡਾ ਵਿਚ ਪਹਿਲਾਂ ਹੀ ਆਪਣੇ ਯੂਨਿਟ ਬਣਾ ਚੁੱਕੇ ਹਾਂ। ਯੂਨਿਟ ਦਾ ਮਤਲਬ ਹੈ ਕਿ ਇੱਕ ਬੰਦੇ ਨੂੰ ਅਸੀਂ ਜਿੰਮੇਵਾਰੀ ਸੰਭਾਲ ਦਿੰਦੇ ਹਾਂ ਕਿ ਉਹ ਸੱਥ ਨਾਲ ਸੰਬੰਧਿਤ ਸ਼ੁਰੂਆਤ ਕਰੇ। ਅਗਲਾ ਕੰਮ ਆਪੇ ਹੋਣਾ ਸੁਰੂ ਹੋ ਜਾਂਦਾ ਹੈ। ਮਲੇਸੀਆ, ਸਪੇਨ, ਸਿੰਗਾਪੁਰ ਆਦਿ ਮੁਲਕਾਂ ਵਿਚ ਸੱਥ ਦੇ ਯੂਨਿਟ ਸਥਾਪਤ ਕਰਨ ਲਈ ਗੱਲ ਚੱਲ ਰਹੀ ਹੈ।

**ਸਵਾਲ - ਤੁਸੀਂ ਤਕਰੀਬਨ ਅੱਧੀ ਦੁਨੀਆਂ ਘੁੰਮੀ ਹੈ। ਪੰਜਾਬੀ ਭਾਸ਼ਾ ਦੇ ਮਰਨ ਦੀਆਂ ਭਵਿੱਖਬਾਣੀਆਂ ਹਵਾ ਵਿਚ ਹਨ। ਇਸ ਸੰਬੰਧ ਵਿਚ ਸੰਯੁਕਤ ਰਾਸਟਰ ਦੀ ਰਿਪੋਰਟ ਦਾ ਹਵਾਲਾ ਵੀ ਦਿੱਤਾ ਜਾਂਦਾ ਹੈ। ਤੁਸੀਂ ਆਪਣੇ ਅਨੁਭਵਾਂ ਦੇ ਆਧਾਰ 'ਤੇ ਇਨ੍ਹਾਂ ਭਵਿੱਖਬਾਣੀਆਂ ਬਾਰੇ ਕੀ ਕਹੋਗੇ?**

**ਜਵਾਬ** — ਜੇ ਮੇਰੇ ਦਿਲ ਦੀ ਪੁੱਛੋ ਤਾਂ ਭਾਸ਼ਾ ਦੇ ਮਰਨ ਦੀਆਂ ਇਹ ਖਬਰਾਂ ਸ਼ੋਸਾ ਹੀ ਹਨ। ਸੰਕਟ ਸਾਡੇ ਉੱਪਰ ਹੈ। ਸਾਨੂੰ ਇਸ ਪੱਖੋਂ ਸੁਚੇਤ ਹੋਣਾ ਚਾਹੀਦਾ ਹੈ। ਸੰਸਾਰ ਵਿਚ ਕੁੱਲ 6-7 ਹਜਾਰ ਭਾਸ਼ਾ ਹੈ। ਪੰਜਾਬੀ ਬੋਲਣ ਵਾਲਿਆਂ ਦਾ ਸਥਾਨ 13ਵਾਂ ਹੈ। ਬਹੁਤ ਸੰਕੋਚ ਕੇ ਗੱਲ ਕਰਨ ਵਾਲੇ ਲੋਕ ਵੀ 11ਵਾਂ ਸਥਾਨ ਆਖਦੇ ਹਨ। ਤਕਰੀਬਨ 13 ਕਰੋੜ ਲੋਕ ਪੰਜਾਬੀ ਬੋਲਦੇ ਹਨ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦਾ ਇਲਾਕਾ ਉਥੋਂ ਤੱਕ ਮੰਨਿਆ ਜਾਂਦਾ ਹੈ ਜਿੱਥੋਂ ਤੱਕ ਹੀਰ ਸੁਣੀ, ਪੜ੍ਹੀ ਅਤੇ ਮਾਣੀ ਜਾਂਦੀ ਹੈ। ਇਸ ਕਰਕੇ ਭੂਗੋਲਿਕ ਰੂਪ ਵਿਚ ਵਸੇ ਪੰਜਾਬ ਤੋਂ ਇਲਾਵਾ ਸਾਰੀ ਦੁਨੀਆਂ ਵਿਚ ਵੱਸੇ 13 ਕਰੋੜ ਲੋਕਾਂ ਦੀ ਭਾਸ਼ਾ ਦੇ ਮਰਨ ਦੀ ਇਹ ਖਬਰ ਮੇਰੀ ਸਮਝ ਤੋਂ ਬਾਹਰ ਹੈ। ਇੰਨਾ ਵੱਡਾ ਖਿਲਾਰ ਇੰਨੀ ਛੇਤੀ ਖਤਮ ਨਹੀਂ ਹੋਵੇਗਾ। ਯੂ. ਕੇ. ਵਿਚ ਹੀ 13 ਰੇਡੀਓ ਸਟੇਸਨ, ਤਿੰਨ ਟੀ. ਵੀ. ਸਟੇਸਨ ਹਨ। ਜਿਹੜੇ ਚੌਵੀ ਘੰਟੇ ਚਲਦੇ ਹਨ। ਪੰਜਾਬੀ ਦਾ ਕਈ ਮੁਲਕਾਂ ਦੇ ਰਾਜਾਂ ਵਿਚ ਤੀਜਾ ਚੌਥਾ ਸਥਾਨ ਹੈ। ਜਿਵੇਂ ਮੈਂ ਪਹਿਲਾਂ ਵੀ ਕਿਹਾ ਹੈ ਕਿ ਉੱਥੇ ਤੁਹਾਡੀ ਮਾਂ ਬੋਲੀ ਨੂੰ ਸਰਕਾਰਾਂ ਉਤਸਾਹਿਤ ਕਰਦੀਆਂ ਹਨ। ਇਸ ਲਈ ਖਤਮ ਹੋਣ ਵਾਲੀ ਕੋਈ ਗੱਲ ਵਿਖਾਈ ਨਹੀਂ ਦਿੰਦੀ।

**ਸਵਾਲ : ਨਵੀਂ ਦੁਨੀਆਂ ਵਿਚ ਭਾਸ਼ਾ ਅਤੇ ਸਭਿਆਚਾਰ ਨੂੰ ਕੌਮੀ ਰਾਜ ਨਾਲੋਂ ਤੋੜ ਕੇ ਅੰਤਰ-ਰਾਸਟਰੀ ਸੰਦਰਭ ਵਿਚ ਵੇਖਿਆ ਜਾਣ ਲੱਗਿਆ ਹੈ। ਤੁਸੀਂ ਪੰਜਾਬੀ ਭਾਸਾ ਨਾਲ ਸੰਬੰਧਤ ਇਕ ਸੰਸਥਾ ਦੀ ਕੌਮਾਂਤਰੀ ਪੱਧਰ 'ਤੇ ਪ੍ਰਤੀਨਿਧਤਾ ਵੀ ਕਰਦੇ ਹੋ, ਤੁਹਾਡਾ ਇਸ ਸੰਬੰਧ ਵਿਚ ਕਿਸ ਕਿਸਮ ਦਾ ਅਨੁਭਵ ਹੈ।**

**ਜਵਾਬ** — ਨਵੀਂ ਦੁਨੀਆਂ 'ਚ ਸੱਭਿਆਚਾਰ ਅਤੇ ਭਾਸ਼ਾਵਾਂ ਬਿਨਾ ਸਰਕਾਰਾਂ ਦੀ ਸਰਪ੍ਰਸਤੀ ਤੋਂ ਵੀ ਜੀਅ ਸਕਦੀਆਂ ਹਨ। ਉਹ ਭਾਸ਼ਾਵਾਂ ਕਦੇ ਨਹੀਂ ਮਰਦੀਆਂ ਜਿਹੜੀਆਂ ਲੋਕਾਂ ਨਾਲ ਜੁੜੀਆਂ ਹੁੰਦੀਆਂ ਹਨ। ਪੰਜਾਬੀ ਬਾਰੇ ਤਾਂ ਇਹ ਗੱਲ ਵਿਸ਼ੇਸ਼ ਤੌਰ 'ਤੇ ਕਹੀ ਜਾ ਸਕਦੀ ਹੈ। ਪੰਜਾਬੀ ਭਾਸ਼ਾ ਕਦੀ ਵੀ ਸਟੇਟ ਦੀ ਸਰਪ੍ਰਸਤ ਨਹੀਂ ਰਹੀ। ਹਮੇਸਾ ਹੀ ਇਹ ਲੋਕਾਂ ਦੀ ਭਾਸ਼ਾ ਰਹੀ ਹੈ। ਫਿਰ ਵੀ ਇਸ ਨੇ ਆਪਣਾ ਇੱਕ ਮੁਕਾਮ ਹਾਸਲ ਕੀਤਾ ਹੈ। ਹੁਣ ਤੱਕ ਜਿਉਂਦੀ ਰਹੀ ਹੈ। ਇਸੇ ਤਰ੍ਹਾਂ ਪੰਜਾਬੀ ਸੱਭਿਆਚਾਰ ਹੈ। ਕਿਉਂਕਿ ਭਾਸ਼ਾ, ਇਸਨੂੰ ਬੋਲਨ ਵਾਲੇ ਲੋਕਾਂ ਅਤੇ ਸੱਭਿਆਚਾਰ ਆਪਸ ਵਿਚ ਅਟੁੱਟ ਰੂਪ ਵਿਚ ਜੁੜੇ ਹੁੰਦੇ ਹਨ। ਅੱਜ ਤਕਰੀਬਨ ਸੰਸਾਰ ਦੇ 100 ਦੇਸਾਂ ਵਿਚ ਪੰਜਾਬੀ ਮਿਲਦੇ ਹਨ। ਤਕਰੀਬਨ 25 ਦੇਸਾਂ ਵਿਚ ਪੰਜਾਬੀਆਂ ਦੀ ਗਿਣਤੀ ਇੰਨੀ ਕੁ ਹੈ ਕਿ ਉਹ ਆਰਥਕ, ਸਿਆਸੀ ਅਤੇ ਸੱਭਿਆਚਾਰਕ ਨੀਤੀਆਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਤੋਂ ਇਲਾਵਾ ਹਰਿਆਣਾ, ਰਾਜਸਥਾਨ, ਯੂ. ਪੀ., ਚੰਡੀਗੜ੍ਹ, ਹਿਮਾਚਲ, ਦਿੱਲੀ ਅਤੇ ਕਈ ਹੋਰ ਰਾਜਾਂ ਦੀ ਆਰਥਕ ਸਿਆਸੀ ਅਤੇ ਸੱਭਿਆਚਾਰਕ ਜਿੰਦਗੀ ਵਿਚ ਪੰਜਾਬੀਆਂ ਦਾ ਉੱਘਾ ਯੋਗਦਾਨ ਹੈ। ਜਦੋਂ ਇੰਗਲੈਂਡ ਵਿਚ ਆਮ ਨਾਅਰਾ ਚੱਲਦਾ ਸੀ ਕਿ ਸਿੰਘ ਇਜ ਕਿੰਗ ਤਾਂ ਕਿਸੇ ਨੇ ਜਵਾਬ ਦਿੱਤਾ ਕਿ ਕਿੰਗ ਦਾ ਕੀ ਪਤਾ ਕਦੋਂ ਚਲਾ ਜਾਵੇ, ਸਿੰਘ ਤਾਂ ਸਦਾ ਹੀ ਇੱਥੇ ਹੈ। ਸੋ ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿੰਦੀਆਂ ਹਨ। ਸਰਕਾਰਾਂ ਹੋਣ ਜਾਂ ਨਾ ਹੋਣ ਭਾਸ਼ਾਵਾਂ ਅਤੇ ਸੱਭਿਆਚਾਰ ਜਿਉਂਦੇ ਰਹਿਣਗੇ। ਸਰਕਾਰਾਂ ਸਹਿਯੋਗੀ ਹੋਣ ਤਾਂ ਕੰਮ ਥੋੜ੍ਹਾ ਸੌਖਾ ਹੋ ਜਾਂਦਾ ਹੈ। ਨਾ ਹੋਣ ਤਾਂ ਵੀ ਚਲਦਾ ਰਹਿੰਦਾ ਹੈ। ਜਿਹੜੀਆਂ ਕਦਰਾਂ-ਕੀਮਤਾਂ ਤੁਹਾਨੂੰ ਮਾਂ ਬੋਲੀ ਤੋਂ ਮਿਲਣੀਆਂ ਹਨ, ਉਹ ਉਸੇ ਤੋਂ ਮਿਲਣੀਆਂ ਹਨ।

**ਸਵਾਲ : ਇਕ ਪਾਸੇ ਤਾਂ ਪੰਜਾਬੀ ਸੱਭਿਆਚਾਰਕ ਅਤੇ ਭਾਸ਼ਾਈ ਭਾਈਚਾਰਾ ਅੰਤਰਰਾਸਟਰੀ ਪਧੱਰ 'ਤੇ ਫੈਲ ਰਿਹਾ ਹੈ, ਦੂਜੇ ਪਾਸੇ ਪੰਜਾਬ ਵਿਚੋਂ ਇਸ ਦੇ ਪੈਰ ਉਖੜ ਰਹੇ ਜਾਪਦੇ ਹਨ। ਕੀ ਕੌਮਾਂਤਰੀ ਪੱਧਰ 'ਤੇ ਫੈਲਿਆ ਪੰਜਾਬੀ ਭਾਈਚਾਰਾ ਪੰਜਾਬ ਵਿਚ ਆਪਣੀ ਹੋਂਦ ਬਚਾਈ ਰੱਖਣ ਲਈ ਕੋਈ ਸਹਿਯੋਗ ਜਾਂ ਅਗਵਾਈ ਦੇਣ ਦੇ ਸਮਰੱਥ ਹੈ?**

**ਜਵਾਬ** — ਜਿਵੇਂ ਪੰਜਾਬੀ ਦੀ ਇੱਕ ਕਹਾਵਤ ਹੈ ਕਿ ਮੱਛੀ ਪੱਥਰ ਚੱਟ ਕੇ ਮੁੜਦੀ ਹੈ। ਉੱਧਰ ਸਾਡੇ ਲੋਕ ਪੰਜਾਬੀ ਸੱਭਿਆਚਾਰ ਅਤੇ ਭਾਸ਼ਾ ਵੱਲ ਮੁੜੇ ਹਨ, ਮੁੜ ਰਹੇ ਹਨ, ਗਾਇਕੀ ਸਭਿਆਚਾਰ ਵਲ ਮੁੜੀ ਹੈ। ਇਥੇ ਪੰਜਾਬ ਵਿਚ ਹਾਲਤ ਜਰੂਰ ਮੰਦੀ ਹੈ। ਪਰ ਇਸ ਦੇ ਕਾਰਨ ਬਹੁਤ ਹਨ। ਆਰਥਕ, ਧਾਰਮਿਕ, ਸੱਭਿਆਚਾਰਕ, ਸਿਆਸੀ ਸਾਰੀ ਤਰ੍ਹਾਂ ਦੇ ਘੜੰਮ ਚੌਧਰੀ ਜਿੰਮੇਵਾਰ ਹਨ। ਮੈਨੂੰ ਲਗਦਾ ਹੈ ਕਿ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਸਾਡੀ ਨਵੀਂ ਪੀੜ੍ਹੀ ਕਿਰਤ ਨਾਲੋਂ ਟੁੱਟ ਰਹੀ ਹੈ। ਸਰਕਾਰੀ ਅਤੇ ਗੈਰ ਸਰਕਾਰੀ ਧਿਰਾਂ ਦਾ ਇਧਰ ਧਿਆਨ ਹੀ ਨਹੀਂ। ਕਿਰਤ ਨਾਲੋਂ ਅਸਲ ਵਿਚ ਤੋੜਿਆ ਜਾ ਰਿਹਾ ਹੈ। ਕਿਰਤ ਦੀ ਅਹਿਮੀਅਤ ਘਟਾਈ ਜਾ ਰਹੀ ਹੈ।

ਕਿਰਤੀ ਬੰਦਾ ਹੀ ਅਣਖੀ ਅਤੇ ਗੈਰਤਮੰਦ ਹੁੰਦਾ ਹੈ।

**ਸਵਾਲ — (ਸੁਰਿੰਦਰ ਖੀਵਾ)— ਕੀ ਏਥੇ ਹੀ ਤੋੜਿਆ ਜਾ ਰਿਹਾ ਹੈ?**

**ਜਵਾਬ** — ਹਾਂ ਇੱਥੇ ਹੀ ਤੋੜਿਆ ਜਾ ਰਿਹਾ ਹੈ। ਪੱਛਮੀ ਮੁਲਕਾਂ ਵਿਚ ਕਿਰਤ ਦੀ ਹਾਲੇ ਵੀ ਝੰਡੀ ਹੈ। ਉਥੇ ਜੇ ਬੰਦੇ ਕੋਲ ਰੁਜਗਾਰ ਨਹੀਂ ਸਰਕਾਰ ਭੱਤੇ ਦਿੰਦੀ ਹੈ। ਉਹਦੀ ਰੋਜੀ-ਰੋਟੀ ਦਾ ਵਸੀਲਾ ਕਰਦੀ ਹੈ। ਫਿਰ ਉਹਨੂੰ ਕਿਰਤ ਨਾਲ ਜੋੜੀ ਰੱਖਣ ਲਈ ਕੰਮ ਕਰਨ ਦੇ ਮੌਕੇ ਦਿੱਤੇ ਜਾਂਦੇ ਹਨ। ਕੋਈ ਫਿਰ ਵੀ ਕੰਮ ਨਹੀਂ ਕਰਦਾ ਤਾਂ ਉਹਦੇ ਭੱਤੇ ਕੱਟ ਦਿੱਤੇ ਜਾਂਦੇ ਹਨ। ਉਸ ਨੂੰ ਸਵਾਲ ਪੁੱਛੇ ਜਾਂਦੇ ਹਨ ਕਿ ਅਸੀਂ ਤਾਂ ਤੈਨੂੰ ਕੁਝ ਦਿੰਦੇ ਨਹੀਂ ਤੂੰ ਰੋਟੀ ਕਿੱਥੋਂ ਖਾਂਦਾ ਹੈਂ। ਇੱਥੇ ਪੁੱਛਣ ਵਾਲਾ ਕੋਈ ਨਹੀਂ। ਕੋਈ ਜਵਾਬ ਦੇਹੀ ਨਹੀਂ। ਮੁੰਡਾ ਮੋਟਰਸਾਈਕਲ ਚੌਵੀ ਘੰਟੇ ਘੁੰਮਾਉਂਦਾ ਹੈ, ਕੰਨ ਨੂੰ ਮੋਬਾਇਲ ਲੱਗਾ ਰਹਿੰਦਾ ਹੈ। ਆਮਦਨ ਕੋਈ ਨਹੀਂ, ਪੁੱਛਦਾ ਵੀ ਕੋਈ ਨਹੀਂ ਕਿ ਭਾਈ ਪੈਸੇ ਕਿੱਥੋਂ ਆਉਂਦੇ ਹਨ। ਕਿਰਤ ਨਾਲੋਂ ਟੁੱਟਿਆ ਮਨੁੱਖ ਭ੍ਰਿਸਟ ਹੋ ਜਾਂਦਾ ਹੈ। ਉਹ ਆਲੇ-ਦੁਆਲੇ ਨੂੰ ਵੀ ਭ੍ਰਿਸਟ ਕਰਦਾ ਹੈ। ਕਿਰਤੀ ਹੀ ਗੈਰਤਮੰਦ, ਭ੍ਰਿਸਟਾਚਾਰ ਰਹਿਤ ਤੰਦਰੁਸਤ ਹੋਵੇਗਾ। ਹਰ ਗੱਲ ਨੂੰ ਤਰਕ ਦੀ ਕਸਵੱਟੀ ਉੱਪਰ ਪਰਖੇਗਾ।

**ਸਵਾਲ (ਸੁਰਿੰਦਰ ਖੀਵਾ) : ਇਹਦਾ ਹੱਲ ਕੀ ਹੈ?**

**ਜਵਾਬ** — ਇਹਦਾ ਹੱਲ ਇੰਨਾ ਸੌਖਾ ਨਹੀਂ। ਸਰਕਾਰਾਂ ਦੀ ਉਥਲ-ਪੁਥਲ ਅਤੇ ਨਵੇਂ ਮਨੁੱਖ ਦੀ ਸਿਰਜਣਾ ਵਰਗਾ ਏਡੀ ਜਲਦੀ ਕੁਝ ਨਹੀਂ ਹੋਣ ਵਾਲਾ। ਅਸੀਂ ਜਿੰਨਾ ਕੁਝ ਆਪਣੇ ਤੌਰ 'ਤੇ ਕਰ ਸਕਦੇ ਹਾਂ ਉਨਾ ਹੀ ਕਰੀਏ। ਸਮੁੱਚੇ ਢਾਂਚੇ ਬਾਰੇ ਵੀ ਜਾਂਚ ਪੜਤਾਲ ਕਰਨੀ ਪੈਣੀ ਹੈ। ਉੱਧਰਲੇ ਪੰਜਾਬੀ ਹਾਲੇ ਅਗਵਾਈ ਜਾਂ ਸੇਧ ਦੇਣ ਦੇ ਸਮਰੱਥ ਨਹੀਂ ਹਨ। ਆਉਣ ਵਾਲੇ ਸਮੇਂ ਵਿਚ ਹੋ ਜਾਣਗੇ ਜਾਂ ਨਹੀਂ ਇਹਦੇ ਬਾਰੇ ਕੁਝ ਕਹਿ ਨਹੀਂ ਸਕਦੇ। ਆਉਣ ਵਾਲਾ ਸਮਾਂ ਹੀ ਦੱਸੇਗਾ। ਪਰ ਕੁਝ ਫਰਕ ਹੁਣ ਵਿਖਾਈ ਦੇਣ ਲੱਗ ਪਿਆ ਹੈ। ਅਸਲ ਵਿਚ ਅਸੀਂ ਕਿਰਤ ਬਾਰੇ, ਜ਼ਿੰਦਗੀ ਬਾਰੇ ਗੁਰੂ ਸਾਹਿਬਾਨ ਦੇ, ਸੂਫੀਆਂ ਦੇ, ਭਗਤਾਂ ਦੇ ਸਿਧਾਂਤ ਨੂੰ ਨਹੀਂ ਅਪਣਾਇਆ। ਇਸ ਵਿਚ ਨਿਹਤ ਸਹਿਜ ਵਿਕਾਸ ਦੇ ਸਿਧਾਂਤ ਨੂੰ ਅਸੀਂ ਨਹੀਂ ਅਪਣਾ ਸਕੇ। ਜੋ ਕੁਝ ਅਸੀਂ ਆਪਣੀ ਭਾਸ਼ਾ, ਵਾਤਾਵਰਣ, ਸੱਭਿਆਚਾਰ ਅਤੇ ਸਿਹਤ ਦਾ ਵਿਗਾੜ ਕਰ ਲਿਆ ਹੈ, ਉਸ ਨੂੰ ਦਰੁਸਤ ਕਰਨ ਲਈ ਪਤਾ ਨਹੀਂ ਕਿੰਨਾ ਕੁ ਸਮਾ ਲੱਗੇ। ਇਸ ਪਾਸੇ ਜਿੰਨੀ ਜਲਦੀ ਮੁੜਾਂਗੇ, ਉਸੇ ਵਿਚ ਹੀ ਸਾਡਾ ਭਲਾ ਹੈ।

**ਜਸਵੀਰ ਸਿੰਘ ਸੀਰੀ**

**ਨਿਰਮਲ ਦੇਹੀ**

* * * * *

# ਵਾਤਾਵਰਣ ਦਾ ਵਿਗੜਦਾ ਸੰਤੁਲਿਨ


**ਮਹਿੰਦਰ ਸਿੰਘ**
**ਡੀ.ਐਸ.ਪੀ. (ਸੇਵਾ ਮੁਕਤ)**
**98144-74535**




ਪੰਜਾਬ ਵਿਚ ਅਗਰ ਵਾਤਾਵਰਣ ਦੀ ਗੱਲ ਕਰੀਏ ਅਤੇ ਇਸ ਨੂੰ 40-50 ਸਾਲ ਪਹਿਲਾਂ ਦੇ ਵਾਤਾਵਰਣ ਨਾਲ ਤੁਲਨਾ ਕਰੀਏ ਤਾਂ ਪਤਾ ਲੱਗਦਾ ਹੈ ਕਿ ਵਾਤਾਵਰਣ ਦਾ ਸੰਤੁਲਿਨ ਕਿਵੇਂ ਬੇਮੁਖ ਹੁੰਦਾ ਜਾ ਰਿਹਾ ਹੈ। ਇਸ ਵਿਚ ਸਿਰਫ਼ ਪ੍ਰਕਿਰਿਤੀ ਦਾ ਹੀ ਦੋਸ਼ ਨਹੀਂ ਹੈ ਬਲਕਿ ਇਸ ਵਿਚ ਵਸਦੇ ਪ੍ਰਾਣੀਆਂ ਦਾ ਜ਼ਿਆਦਾ ਦੋਸ਼ ਮੰਨਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਜਿਵੇਂ ਕਿ ਪਹਿਲਾਂ ਬਹੁਤ ਸਾਰੇ ਜੰਗਲ, ਬੂਟੇ, ਦਰੱਖਤਾਂ ਦੀ ਹਰਿਆਵਲ ਹੁੰਦੀ ਸੀ। ਹਰ ਜਗ੍ਹਾ ਸੰਘਣੇ ਦਰੱਖ਼ਤਾਂ ਦੇ ਝੁੰਡ ਦੇਖਣ ਨੂੰ ਮਿਲਦੇ ਸੀ, ਜਿਹੜਾ ਕਿ ਸਮੇਂ ਅਨੁਸਾਰ ਮੌਸਮ ਦੀ ਤਬਦੀਲੀ ਕਰਨ ਵਿਚ ਸਹਾਈ ਹੁੰਦਾ ਸੀ। ਪਰ ਇਸ ਦੇ ਉਲਟ ਅੱਜ ਅਸੀਂ ਇਨ੍ਹਾਂ ਜੰਗਲਾਂ, ਦਰੱਖ਼ਤਾਂ ਅਤੇ ਬੂਟਿਆਂ ਦੀ ਕਟਾਈ ਏਨੀ ਕੁ ਕਰ ਦਿੱਤੀ ਹੈ ਕਿ ਵਾਤਾਵਰਣ ਵਿਚ ਸੰਤੁਲਿਨ ਹੋਣਾ ਮੁਸ਼ਕਿਲ ਹੋ ਗਿਆ ਹੈ। ਵਾਤਾਵਰਣ ਦੇ ਪ੍ਰਦੂਸ਼ਿਤ ਹੋਣ ਕਾਰਨ ਸ਼ੂਗਰ, ਹਰ ਕਿਸਮ ਦੇ ਕੈਂਸਰ, ਪੀਲੀਏ, ਗੁਰਦੇ ਦੀਆਂ ਬੀਮਾਰੀਆਂ, ਚਮੜੀ ਰੋਗ, ਸਾਹ ਵਾਲੀਆਂ ਬੀਮਾਰੀਆਂ, ਅਲਰਜੀ, ਦਮਾ, ਬਲੱਡ ਪ੍ਰੈਸ਼ਰ, ਅੱਖਾਂ, ਕੰਨਾਂ ਤੇ ਗਲ ਦੇ ਰੋਗਾਂ ਦਾ ਜਿਵੇਂ ਹੜ੍ਹ ਹੀ ਆ ਗਿਆ ਹੋਵੇ। ਸ਼ੋਰ ਜਾਂ ਰੌਲੇ-ਰੱਪੇ ਨੇ ਸਿਰਫ਼ ਕੰਨਾਂ 'ਤੇ ਈ ਅਸਰ ਨਹੀਂ ਪਾਇਆ ਸਗੋਂ ਅਸੀਂ ਉੱਚੀ ਬੋਲਣ ਦੇ ਆਦੀ ਹੋ ਕੇ ਆਪਣੇ ਗਲੇ ਵੀ ਖਰਾਬ ਕਰ ਰਹੇ ਹਾਂ। ਮਾਨਸਿਕ ਤੌਰ ਉੱਤੇ ਡੌਰ ਭੌਰ ਹੋ ਕੇ ਆਪਣੀ ਸੋਚਣ ਸ਼ਕਤੀ ਵੀ ਗਵਾ ਰਹੇ ਹਾਂ। ਦਿਮਾਗ਼ੀ ਬਿਮਾਰੀਆਂ ਵਿਚ ਵੀ ਬੇਹੱਦ ਵਾਧਾ ਹੋ ਰਿਹਾ ਹੈ।

ਸਿਹਤ ਸੰਭਾਲ ਲਈ ਇਹ ਗੱਲ ਮਨ ਵਿਚ ਵਸਾ ਲੈਣੀ ਅਤਿਅੰਤ ਜ਼ਰੂਰੀ ਹੈ ਕਿ ਜਿਓਂ-ਜਿਓਂ ਅਸੀਂ ਕੁਦਰਤ ਤੋਂ ਦੂਰ ਹੁੰਦੇ ਚਲੇ ਜਾਵਾਂਗੇ, ਮਿੱਟੀ ਨਾਲੋਂ, ਹਵਾ ਨਾਲੋਂ, ਧੁੱਪ ਨਾਲੋਂ ਨਾਤਾ ਤੋੜਾਂਗੇ ਤਾਂ ਸਾਨੂੰ ਰੋਗਾਂ, ਜ਼ਹਿਮਤਾਂ, ਬਿਮਾਰੀਆਂ ਦੀਆਂ ਡੂੰਘੀਆਂ ਖਾਈਆਂ ਵਿਚ ਡਿੱਗਣ ਤੋਂ ਕੋਈ ਰੋਕ ਨਹੀਂ ਸਕੇਗਾ। ਵਾਤਾਵਰਣ ਨੂੰ ਗੰਧਲਾ ਕਰਕੇ, ਕੁਦਰਤ ਨਾਲ ਛੇੜਛਾੜ ਕਰਕੇ, ਅਸੀਂ ਓਹੋ ਈ ਟਾਹਣ ਵੱਢ ਰਹੇ ਆਂ ਜਿਸ ਟਾਹਣ 'ਤੇ ਅਸੀਂ ਬੈਠੇ ਹਾਂ। ਆਪਣੀ ਸਿਹਤ ਦੀ ਬੇਹਤਰੀ ਲਈ ਸਾਨੂੰ ਗੱਲਾਂ ਨਾਲੋਂ ਵੱਧ ਅਮਲੀ ਤੌਰ 'ਤੇ ਮੈਦਾਨ ਵਿਚ ਨਿਤਰਨਾ ਪਵੇਗਾ। ਰੁੱਖਾਂ, ਜੰਗਲਾਂ ਹੇਠ ਰਕਬੇ ਦਾ ਵਾਧਾ ਭਾਵੇਂ ਸਾਡੀ ਲੋੜ ਏ ਪਰ ਬਿਰਛਾਂ ਨਾਲ ਰਿਸ਼ਤੇਦਾਰੀ ਪੁਨਰ ਜੀਵਤ ਕਰਕੇ ਆਪਣੀ ਧਰਤੀ ਨੂੰ ਈ ਹਰਿਆ ਭਰਿਆ ਨਹੀਂ ਕਰਾਂਗੇ ਸਗੋਂ ਜਾਨਵਰਾਂ ਦੀਆਂ ਰਿਹਾਇਸ਼ ਗਾਹਵਾਂ, ਦਰਿਆਵਾਂ, ਨਾਲਿਆਂ, ਪਹਾੜਾਂ, ਮੈਦਾਨਾਂ ਨੂੰ ਵੀ ਸਿਹਤਮੰਦ ਰੱਖਣਾ ਪਵੇਗਾ।

# ਗੁਰਦੁਆਰਾ ਟਾਹਲੀ ਸਾਹਿਬ ਸਲਾਨਾ ਜੋੜ ਮੇਲਾ ਖਾਲਸਾਈ ਜਾਹੋ ਜਲਾਲ ਨਾਲ ਸੰਪੂਰਨ

## 55 ਪ੍ਰਾਣੀ ਅੰਮ੍ਰਿਤਪਾਨ ਕਰਕੇ ਗੁਰੂ ਵਾਲੇ ਬਣੇ, ਦੇਸ਼ ਵਿਦੇਸ਼ ਤੋਂ ਵਹੀਰਾਂ ਘੱਤ ਕੇ ਪੁੱਜੀਆਂ ਸੰਗਤਾਂ

**ਬਲਜੀਤ ਸਿੰਘ ਸੰਘਾ**

ਜ਼ੁਲਮ ਖਿਲਾਫ ਲੜਨ ਦੀ ਜਾਚ ਦੱਸਣ ਵਾਲੇ ਮੀਰੀ-ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਪਾਤਸ਼ਾਹ ਜੀ ਦੀ ਪਾਵਨ ਚਰਨ ਛੋਹ ਹਾਸਿਲ ਪਿੰਡ ਬਲੇਰ ਖਾਨਪੁਰ ਵਿਖੇ ਸਥਿਤ ਇਤਿਹਾਸਕ ਅਸਥਾਨ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਛੇਵੇਂ ਪਾਤਸ਼ਾਹ ਦੇ ਪ੍ਰਕਾਸ਼ ਪੁਰਬ ਅਤੇ ਗੁਰੂ ਘਰ ਦੇ ਲੰਬਾ ਸਮਾਂ ਮੁੱਖ ਸੇਵਾਦਾਰ ਰਹੇ ਵਾਤਾਵਰਣ ਪ੍ਰੇਮੀ ਸ਼੍ਰੋਮਣੀ ਵੈਦ ਸੱਚਖੰਡ ਵਾਸੀ ਸੰਤ ਬਾਬਾ ਦਇਆ ਸਿੰਘ ਟਾਹਲੀ ਸਾਹਿਬ ਵਾਲਿਆਂ ਦੀ ਮਿੱਠੀ ਨਿੱਘੀ ਯਾਦ ਨੂੰ ਸਮਰਪਿਤ ਤਿੰਨ ਦਿਨਾਂ ਸਾਲਾਨਾ ਜੋੜ ਮੇਲਾ ਖਾਲਸਾਈ ਜਾਹੋ ਜਲਾਲ ਨਾਲ ਅਮਿੱਟ ਯਾਦਾਂ ਛੱਡਦਾ ਹੋਇਆ ਸਮਾਪਤ ਹੋਇਆ।

ਸਵੇਰੇ 18 ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਦੇ ਭੋਗਾਂ ਤੋਂ ਉਪਰੰਤ ਵੱਡੇ ਪੰਡਾਲ ਵਿੱਚ ਸਜਾਏ ਦੀਵਾਨਾਂ ਦੌਰਾਨ ਕਥਾਵਾਚਕ ਗਿ: ਸੁਖਦੇਵ ਸਿੰਘ ਡੱਲਾ, ਕਥਾਵਾਚਕ ਭਾਈ ਜਸਵੀਰ ਸਿੰਘ ਕੁਹਾਲਾ, ਰਾਗੀ ਭਾਈ ਸੁਖਜਿੰਦਰ ਸਿੰਘ ਮੋਨੀ, ਰਾਗੀ ਭਾਈ ਜਸਵਿੰਦਰ ਸਿੰਘ, ਗਿ: ਗੁਰਪ੍ਰੀਤ ਸਿੰਘ ਤਰਨਤਾਰਨ, ਰਾਗੀ ਬਾਬਾ ਭਗਵਾਨ ਸਿੰਘ ਨੌਸਹਿਰਾ, ਕਵੀਸ਼ਰ ਗੁਰਿੰਦਰਪਾਲ ਸਿੰਘ ਬੈਂਕ, ਪ੍ਰਸਿੱਧ ਢਾਡੀ ਮਿਲਖਾ ਸਿੰਘ ਮੌਜੀ, ਢਾਡੀ ਬੀਬੀ ਬਲਵਿੰਦਰ ਕੌਰ ਖਹਿਰਾ, ਬੀਬੀ ਨਵਜੋਤ ਕੌਰ ਖਾਲਸਾ, ਨੱਥੂ ਚਾਹਲ ਵਾਲਾ ਢਾਡੀ ਜੱਥਾ, ਕਵੀਸ਼ਰ ਗਿ: ਮੱਖਣ ਸਿੰਘ ਮਰਹਾਣਾ ਆਦਿ ਨੇ ਸੰਗਤਾਂ ਨੂੰ ਗੁਰੂ ਜੱਸ ਸਰਵਣ ਕਰਵਾਇਆ। ਇਸ ਮੌਕੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਗੁਰੂ ਘਰ ਦੇ ਮੁੱਖ ਸੇਵਾਦਾਰ ਸੰਤ ਬਾਬਾ ਲੀਡਰ ਸਿੰਘ ਜੀ ਨੇ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਕਿਹਾ ਗੁਰੂ ਸਾਹਿਬ ਦੇ ਦੱਸੇ ਮਾਰਗ ਤੇ ਚੱਲਦਿਆਂ ਬਾਣੀ ਅਤੇ ਬਾਣੇ ਦੇ ਧਾਰਨੀ ਹੋਣਾ ਚਾਹੀਦਾ ਅਤੇ ਹਮੇਸ਼ਾਂ ਲੋੜਵੰਦਾਂ ਦੀ ਮਦਦ ਲਈ ਯਤਨਸ਼ੀਲ ਰਹਿਣਾ ਚਾਹੀਦਾ। ਉਹਨਾਂ ਕਿਹਾ ਕਿ ਸੱਚ ਖੰਡ ਵਾਸੀ ਸੰਤ ਬਾਬਾ ਦਇਆ ਸਿੰਘ ਜੀ ਵੱਲੋਂ ਅਰੰਭੇ ਸੇਵਾ ਦੇ ਕਾਰਜ ਜੰਗੀ ਪੱਧਰ ਤੇ ਚਲ ਰਹੇ ਹਨ ਅਤੇ ਸੰਗਤਾਂ ਦੇ ਸਹਿਯੋਗ ਨਾਲ ਸੁੰਦਰ ਲੰਗਰ ਹਾਲ ਬਣ ਕੇ ਤਿਆਰ ਹੋ ਗਿਆ ਅਤੇ ਸੁੰਦਰ ਤੇ ਵਿਲੱਖਣ ਦਰਸ਼ਨੀ ਡਿਓੜੀ ਦੀ ਸੇਵਾ ਚਲ ਰਹੀ ਹੈ।










**ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਅਤੇ ਸੰਤ ਬਾਬਾ ਦਇਆ ਸਿੰਘ ਜੀ ਦੀ ਮਿੱਠੀ ਯਾਦ ਵਿਚ ਗੁਰਦੁਆਰਾ ਟਾਹਲੀ ਸਾਹਿਬ ਬਲੇਰ ਖਾਨਪੁਰ ਵਿਖੇ ਕਰਵਾਏ ਸਲਾਨਾ ਜੋੜ ਮੇਲੇ ਦੌਰਾਨ ਮੰਚ ਤੇ ਸੁਸ਼ੋਭਿਤ ਸੰਤ ਬਾਬਾ ਲੀਡਰ ਸਿੰਘ ਜੀ ਅਤੇ ਹੋਰ ਮਹਾਂਪੁਰਖ, ਪ੍ਰਸਿੱਧ ਢਾਡੀ ਗਿ: ਮਿਲਖਾ ਸਿੰਘ ਮੌਜੀ ਅਤੇ ਨੱਥੂਚਾਹਲ ਵਾਲਿਆਂ ਦਾ ਢਾਡੀ ਜੱਥਾ ਹਾਜ਼ਰੀ ਭਰਦਾ ਹੋਇਆ ਅਤੇ ਸੰਗਤਾਂ ਦਾ ਠਾਠਾਂ ਮਾਰਦਾ ਇਕੱਠ। ਤਸਵੀਰ : ਬਲਜੀਤ ਸਿੰਘ ਸੰਘਾ**




**ਗੁਰਦੁਆਰਾ ਟਾਹਲੀ ਸਾਹਿਬ ਪਾਤਸ਼ਾਹੀ ਛੇਵੀਂ ਵਿਖੇ ਛੇਵੇਂ ਪਾਤਸ਼ਾਹ ਗੁਰੂ ਹਰਿਗੋਬਿੰਦ ਸਾਹਿਬ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਤੇ ਸੰਤ ਬਾਬਾ ਦਇਆ ਸਿੰਘ ਜੀ ਦੀ ਯਾਦ 'ਚ ਕਰਵਾਏ ਸਲਾਨਾ ਜੋੜ ਮੇਲੇ ਮੌਕੇ ਵਾਤਾਵਰਨ ਪ੍ਰੇਮੀ ਰਾਜ ਸਭਾ ਮੈਂਬਰ ਬਾਬਾ ਬਲਬੀਰ ਸਿੰਘ ਸੀਚੇਵਾਲ ਦੇ ਨਿਰਦੇਸ਼ਾਂ ਤੇ ਨਿਰਮਲ ਕੁਟੀਆ ਸੀਚੇਵਾਲ ਤੋਂ ਬਾਬਾ ਸੁਰਜੀਤ ਸਿੰਘ ਸੰਟੀ, ਮਹਾਤਮਾ ਮੁਨੀ ਖੈੜਾ ਬੇਟ ਵਾਲੇ ਤੇ ਹੋਰ ਸੇਵਾਦਾਰ ਸੰਗਤਾਂ ਨੂੰ ਬੂਟਿਆਂ ਦਾ ਪ੍ਰਸਾਦ ਵੰਡਦੇ ਹੋਏ।** **ਤਸਵੀਰ : ਬਲਜੀਤ ਸਿੰਘ ਸੰਘਾ**




ਬਹੁਤ ਛੋਟੇ ਕੱਦ ਦਾ ਨਿਹੰਗ ਸਿੰਘ ਬਾਬਾ ਰੱਬ ਜੀ ਸੇਵਾਵਾਂ ਨਿਭਾਉਂਦੇ ਹੋਏ।

ਇਸ ਸਮਾਗਮ ਵਿਚ ਕਾਰ ਸੇਵਾ ਸੰਪਰਦਾਵਾਂ ਦੇ ਮੁਖੀ, ਨਿਹੰਗ ਸਿੰਘ ਜੱਥੇਬੰਦੀਆਂ, ਨਿਰਮਲੇ ਉਦਾਸੀ ਸੰਪਰਦਾਵਾਂ ਤੇ ਸਮੂਹ ਧਾਰਮਿਕ ਅਤੇ ਰਾਜਨੀਤਕ ਆਗੂਆਂ ਸਮੇਤ ਬਾਬਾ ਗੁਰਮੇਜ ਸਿੰਘ ਬਿੱਲੀ ਵੜੈਚ, ਬਾਬਾ ਅਮਰੀਕ ਸਿੰਘ ਖੁਖਰੈਣ, ਬਾਬਾ ਮਹਾਤਮਾ ਮੁਨੀ, ਬਾਬਾ ਹਰਜੀਤ ਸਿੰਘ ਨਵਾ ਠੱਠਾ, ਬਾਬਾ ਬਲਦੇਵ ਕ੍ਰਿਸ਼ਨ ਗਿੱਲਾਂ ਵਾਲੇ, ਬਾਬਾ ਸ਼ਮਸ਼ੇਰ ਸਿੰਘ ਨਾਨਕਸਰ, ਭਾਈ ਕਮਲਪ੍ਰੀਤ ਸਿੰਘ ਅਤੇ ਭਾਈ ਭੁਪਿੰਦਰ ਸਿੰਘ ਖਡੂਰ ਸਾਹਿਬ ਵਾਲੇ, ਬਾਬਾ ਜੈ ਸਿੰਘ ਮਹਿਮਦਵਾਲ ਵਾਲੇ ਮੰਚ ਤੇ ਸੁਸ਼ੋਭਿਤ ਰਹੇ।

ਮੰਚ ਸੰਚਾਲਕ ਦੀ ਸੇਵਾ ਭਾਈ ਗੁਰਦੀਪ ਸਿੰਘ ਕਾਨਪੁਰੀ ਅਤੇ ਭਾਈ ਜਤਿੰਦਰ ਸਿੰਘ ਤੁੜ ਨੇ ਬਾਖ਼ੂਬੀ ਨਿਭਾਈ। ਇਸ ਮੌਕੇ 'ਤੇ ਹਲਕਾ ਵਿਧਾਇਕ ਰਾਣਾ ਗੁਰਜੀਤ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਰਨੈਲ ਸਿੰਘ ਡੋਗਰਾਂਵਾਲਾ, ਆਪ ਦੇ ਹਲਕਾ ਇੰਚਾਰਜ ਐਡਵੋਕੇਟ ਕਰਮਵੀਰ ਸਿੰਘ ਚੰਦੀ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਹਰਕ੍ਰਿਸ਼ਨ ਸਿੰਘ ਵਾਲੀਆ, ਵਾਰਿਸ ਪੰਜਾਬ ਦੇ ਮੁੱਖੀ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਦੇ ਮਾਤਾ ਬਲਵਿੰਦਰ ਕੌਰ, ਜਸਵੀਰ ਸਿੰਘ ਟੌਹਰ, ਮਾਸਟਰ ਸੁਖਵਿੰਦਰ ਸਿੰਘ ਗੋਲਡੀ, ਗੁਰਚਰਨ ਸਿੰਘ ਨੰਬਰਦਾਰ, ਅਮਰਜੀਤ ਸਿੰਘ ਸੈਦੋਵਾਲ, ਮੇਹਰਬਾਨ ਸਿੰਘ ਸੰਘਾ, ਅਮਰੀਕ ਸਿੰਘ ਢਿਲੋਂ, ਸਰਪੰਚ ਸੁਖਵਿੰਦਰ ਸਿੰਘ ਬਲੇਰ, ਨਰਿੰਦਰ ਸਿੰਘ ਸੰਘਾ ਗੱਤਕਾ ਕੋਚ, ਡਾ. ਬਲਰਾਮ ਸ਼ਰਮਾ, ਡਾ. ਵੇਦ ਪ੍ਰਕਾਸ਼ ਵਾਸੂਦੇਵ, ਸਤਨਾਮ ਸਿੰਘ ਸਾਬਕਾ ਸਰਪੰਚ ਮਾਧੋਪੁਰ ਆਦਿ ਵੀ ਹਾਜ਼ਰ ਸਨ। ਬੀਤੀ ਕੱਲ੍ਹ ਮੀਰੀ ਪੀਰੀ ਗੱਤਕਾ ਅਖਾੜਾ ਵਲੋਂ ਸ਼ਸਤਰਬਾਜ਼ੀ ਦੇ ਜੌਹਰ ਵਿਖਾ ਕੇ ਸਮਾਗਮ 'ਚ ਬੀਰ ਰਸ ਰੰਗ ਭਰਿਆ ਗਿਆ।

ਵਾਤਾਵਰਣ ਦੀ ਸਵੱਛਤਾ ਨਿਰਮਲ ਕੁਟੀਆ ਸੀਚੇਵਾਲ ਵੱਲੋਂ ਰਾਜ ਸਭਾ ਮੈਂਬਰ ਬਲਬੀਰ ਸਿੰਘ ਸੀਚੇਵਾਲ ਦੇ ਨਿਰਦੇਸ਼ ਅਨੁਸਾਰ ਬਾਬਾ ਸੁਰਜੀਤ ਸਿੰਘ ਸੰਟੀ ਤੇ ਹੋਰ ਸੇਵਾਦਾਰਾਂ ਵੱਲੋਂ ਇੱਕ ਟਰਾਲੀ ਬੂਟੇ ਵੀ ਵੰਡੇ ਗਏ। ਸੰਗਤਾਂ ਲਈ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਵੱਖ-ਵੱਖ ਤਰ੍ਹਾਂ ਦੇ ਲੰਗਰ ਵੀ ਲਗਾਏ ਗਏ।

## ਧੰਨਵਾਦ

ਜ਼ੁਲਮ ਖਿਲਾਫ਼ ਲੜਨ ਦੀ ਜਾਚ ਦੱਸਣ ਵਾਲੇ ਮੀਰੀ ਪੀਰੀ ਦੇ ਮਾਲਕ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ 'ਤੇ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਸਲਾਨਾ ਜੋੜ ਮੇਲੇ ਤੇ ਪੁੱਜੀ ਸਮੂਹ ਸੰਗਤ ਅਤੇ ਸਮੂਹ ਸੇਵਾਦਾਰਾਂ ਦਾ ਸਹਿਯੋਗ ਦੇ ਲਈ ਬਹੁਤ ਬਹੁਤ ਧੰਨਵਾਦ।

**ਸੰਤ ਬਾਬਾ ਲੀਡਰ ਸਿੰਘ ਜੀ**

ਮੁੱਖ ਸੇਵਾਦਾਰ ਗੁਰਦੁਆਰਾ ਟਾਹਲੀ ਸਾਹਿਬ ਜੀ





# ਸਾਵਣ ਦੀ ਰੁੱਤ...

ਸੁਰਿੰਦਰ ਸਿੰਘ ਰੂਬੀ
ਆਬਕਾਰੀ ਤੇ ਕਰ ਅਫ਼ਸਰ (ਸੇਵਾ ਮੁਕਤ)

ਸਾਲ ਦੇ ਸਾਰੇ ਸਮੇਂ ਨੂੰ ਚਾਰ ਮੁੱਖ ਰੁੱਤਾਂ ਵਿਚ ਵੰਡਿਆ ਗਿਆ ਹੈ। ਸਰਦੀ, ਗਰਮੀ, ਪਤਝੜ ਅਤੇ ਬਹਾਰ ਦੀ ਰੁੱਤ। ਜੇਠ-ਹਾੜ ਦੇ ਮਹੀਨੇ, ਜੋ ਅੰਗਰੇਜ਼ੀ ਸਾਲ ਦੇ ਅੱਧ ਮਈ ਤੋਂ ਅੱਧ ਜੁਲਾਈ ਤੱਕ ਦੇ ਮਹੀਨੇ ਹੁੰਦੇ ਹਨ ਦੇ ਸਮੇਂ ਉਤਰੀ ਭਾਰਤ ਦੇ ਮੈਦਾਨੀ ਖਿੱਤੇ ਵਿਚ ਬੜੀ ਗਰਮੀ ਦੇ ਦਿਨ ਹੁੰਦੇ ਹਨ। ਅਜੋਕੇ ਸਮੇਂ ਵਿਚ ਮਨੁੱਖੀ ਗਲਤੀਆਂ ਨਾਲ ਕੁਦਰਤੀ ਵਾਤਾਵਰਣ ਅਤੇ ਮੌਸਮਾਂ ਦੇ ਸਮਤੋਲ ਵਿਚ ਬੜੀਆਂ ਹੈਰਾਨੀਜਨਕ ਤਬਦੀਲੀਆਂ ਆਈਆਂ ਹਨ। ਬਾਕੀ ਰੁੱਤਾਂ ਦੇ ਮੁਕਾਬਲੇ ਗਰਮੀ ਦੀ ਰੁੱਤ ਨੇ ਆਪਣੇ ਹਿੱਸੇ ਦੇ ਸਮੇਂ ਵਿਚ ਖਾਸ ਵਾਧਾ ਕਰ ਲਿਆ ਹੈ। ਕਾਰਨ ਧਰਤੀ ਤੋਂ ਜੰਗਲਾਂ ਦਾ ਘਟਨਾ, ਬ੍ਰਿਖ ਪੌਦਿਆਂ ਦੀ ਅੰਨ੍ਹੇਵਾਹ ਕਟਾਈ ਅਤੇ ਵਾਤਾਵਰਣ ਨੂੰ ਅਸ਼ੁਧ ਕਰਨ ਵਾਲੀਆਂ ਰਸਾਇਣਕ ਕ੍ਰਿਆਵਾਂ ਵਿਚ ਅਥਾਹ ਵਾਧਾ ਹੈ। ਇਸ ਸਭ ਦੇ ਬਾਵਜੂਦ ਕੁਦਰਤ ਆਪਣੀ ਮਹਾਨਤਾ ਬਰਕਰਾਰ ਰੱਖਦੀ ਹੈ ਅਤੇ ਸਮੇਂ ਦੇ ਥੋੜ੍ਹੇ ਹੇਰ ਫੇਰ ਨਾਲ ਸਾਵਨ ਭਾਦੋਂ ਦੇ ਮਹੀਨੇ ਸੜ ਤਪ ਰਹੀ ਬਨਸਪਤੀ, ਫਸਲਾਂ ਅਤੇ ਮਨੁੱਖਤਾ ਨੂੰ ਵਰਖਾ ਰਾਹੀਂ ਨਿਹਾਲ ਕਰ ਹੀ ਦਿੰਦੀ ਹੈ।

ਗੁਰਬਾਣੀ ਵਿਚ ਸਾਵਣ ਦੇ ਮਹੀਨੇ ਦੀ ਵਿਸ਼ੇਸ਼ਤਾ ਖਾਸ ਤੌਰ 'ਤੇ ਬਿਆਨ ਹੋਈ ਹੈ। ਬਾਰਾਮਾਂਹ ਵਿਚ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਲਿਖਿਆ ਹੈ-

**ਸਾਵਣਿ ਸਰਸੀ ਕਾਮਣੀ ਚਰਨ ਕਮਲ ਸਿਉ ਪਿਆਰੁ ॥**
**ਮਨੁ ਤਨੁ ਰਤਾ ਸਚ ਰੰਗਿ ਇਕੋ ਨਾਮ ਅਧਾਰੁ ॥**
**ਬਿਖਿਆ ਰੰਗ ਕੂੜਾਵਿਆ ਦਿਸਨਿ ਸਭੇ ਛਾਰ ॥**
**ਹਰ ਅਮ੍ਰਿਤ ਬੂੰਦ ਸੁਹਾਵਣੀ ਮਿਲਿ ਸਾਧੁ ਪੀਵਨਹਾਰੁ ॥**
**ਵਣੁ ਤਿਣੁ ਪ੍ਰਭ ਸੰਗਿ ਮਉਲਿਆ ਸੰਮ੍ਰਥ ਪੁਰਖ ਅਪਾਰੁ ॥**
**ਹਰ ਮਿਲਣੈ ਨੋ ਮਨੁ ਲੋਚਦਾ ਕਰਮਿ ਮਿਲਾਵਣਹਾਰੁ ॥**





**ਜੀਨੀ ਸਖੀਐ ਪ੍ਰਭੁ ਪਾਇਆ ਹਉ ਤਿਨ ਕੈ ਸਦਿ ਬਲਿਹਾਰ ॥**
**ਨਾਨਕ ਹਰਿ ਜੀ ਪਾਇਆ ਕਰ ਸਬਦਿ ਸਵਾਰਣਹਾਰੁ ॥**
**ਸਾਵਨ ਤਿਨਾ ਸੁਹਾਗਣੀ ਜਿਨ ਰਾਮ ਨਾਮੁ ਉਰਿਹਾਰੁ ॥**

ਗੁਰੂ ਨਾਨਕ ਸਾਹਿਬ ਨੇ ਰਾਗ ਵਡਹੰਸ ਵਿਚ ਉਚਾਰਨ ਕੀਤਾ ਹੈ-

**ਮੋਰੀ ਰੁਣ ਝੁਨ ਲਾਇਆ ਭੈਣੇ ਸਾਵਣ ਆਇਆ ॥**
**ਤੇਰੇ ਮੁੰਧ ਕਟਾਰੇ ਜੇਵਡਾ ਤਿਨਾ ਲੋਭੀ ਲੋਭ ਲੁਭਾਇਆ ॥**
**ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੋ ਕੁਰਬਾਣੋ ॥**
**ਜਾ ਤੂ ਤਾ ਮੈ ਮਾਣ ਕੀ ਆਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ ॥**

**ਆਉ ਸੁਭਾਗੀ ਨੀਂਦੜੀਏ ਮਤੁ ਸਹੁ ਦੇਖਾ ਸੋਇ ॥**
**ਤੈ ਸਾਹਿਬ ਕੀ ਬਾਤ ਜਿ ਆਖੈ ਕਹੁ ਨਾਨਕ ਕਿਆ ਤੀਜੈ ॥**
**ਸੀਸ ਵਢੇ ਕਰ ਬੈਸਣੁ ਦੀਜੈ ਵਿਣ ਸਿਰ ਸੇਵ ਕਰੀਜੈ ॥**
**ਕਿਉ ਨ ਮਰੀਜੈ ਜੀਅੜਾ ਨ ਤੀਜੈ ਜਾ ਸਹੁ ਭਇਆ ਵਿਡਾਣਾ ॥**

ਪੰਜਾਬ, ਗੁਰੂਆਂ ਪੀਰਾਂ ਦੀ, ਮੇਲਿਆਂ ਤਿਉਹਾਰਾਂ ਦੀ, ਕੁਦਰਤੀ ਨਿਆਮਤਾਂ ਨਾਲ ਭਰੀ, ਪੰਜਾਂ ਦਰਿਆਵਾਂ ਦੇ ਵਹਿਣਾਂ ਦੇ ਨਜ਼ਾਰਿਆਂ ਨਾਲ ਲਬਰੇਜ ਧਰਤੀ ਦਾ ਨਾਮ ਹੈ। ਹਰ ਸਮੇਂ ਨਾਲ, ਹਰ ਰੁੱਤ ਨਾਲ, ਦੁੱਖ ਨਾਲ ਸੁਖ ਨਾਲ, ਜੁੜੇ ਤਿਉਹਾਰਾਂ ਮੇਲਿਆਂ ਦੀ ਭਰਮਾਰ ਵਾਲੀ ਧਰਤੀ ਦਾ ਨਾਮ ਪੰਜਾਬ ਹੈ। ਹਰ ਰੁੱਤ ਦੇ ਆਪਣੇ ਤਿਉਹਾਰ ਮੇਲੇ ਹਨ। ਸਾਉਣ ਦੇ ਮਹੀਨੇ ਵਿਚ ਮਾਲਵੇ ਦੇ ਇਲਾਕੇ ਵਿਚ ਤੀਆਂ ਅਤੇ ਦੁਆਬੇ ਮਾਝੇ ਦੇ ਕੁਝ ਹਿੱਸੇ ਵਿਚ ਸਾਵੇਂ ਮਨਾਏ ਜਾਂਦੇ ਹਨ। ਨਵੀਆਂ ਵਿਆਹੀਆਂ ਮੁਟਿਆਰਾਂ ਸਾਵਨ ਦੇ ਮਹੀਨੇ ਵਿਚ ਪੇਕੇ ਪਿੰਡ ਜੁੜਦੀਆਂ ਹਨ ਤੇ ਹੋਰ ਜਵਾਨ ਮੁਟਿਆਰਾਂ ਨਾਲ ਤੀਆਂ ਜਾਂ ਸਾਵਿਆਂ ਦਾ ਤਿਉਹਾਰ ਮਨਾਉਂਦੀਆਂ ਹਨ। ਨਵੀਂ ਵਿਆਹੀ ਮੁਟਿਆਰ ਦਾ ਇਸ ਮਹੀਨੇ ਪੇਕੇ ਪਿੰਡ ਜ਼ਰੂਰੀ ਆਉਣ ਦੇ ਪਿੱਛੇ ਮਿੱਥ ਜੋੜ ਲਈ ਗਈ ਕਿ ਸ਼ਾਦੀ ਤੋਂ ਬਾਅਦ ਪਹਿਲੇ ਸਾਵਨ ਦੇ ਮਹੀਨੇ ਵਿਚ ਸੱਸ ਅਤੇ ਨੂੰਹ ਦਾ ਆਪਸੀ ਮੱਥੇ ਲੱਗਣਾ ਸੱਸ ਤੇ ਭਾਰੂ ਹੁੰਦਾ

ਹੈ। ਸ਼ਾਇਦ ਇਹ ਸੱਸ 'ਤੇ ਭਾਰੂ ਹੋਣਾ ਮਿਥਣਾ ਹੀ ਨਵੀਂ ਵਿਆਹੀ ਮੁਟਿਆਰ ਨੂੰ ਬਾਕੀ ਸਹੇਲੀਆਂ ਨਾਲ ਖੁਸ਼ੀਆਂ ਨਾਲ ਭਰੇ ਇਸ ਤਿਉਹਾਰ ਨੂੰ ਮਨਾਉਣ ਦੀ ਖੁਸ਼ੀ ਲੈਣ ਦੇ ਕਾਬਲ ਕਰਨ ਲਈ ਜ਼ਰੂਰੀ ਸੀ। ਜੇਕਰ ਇਹ ਭਾਰ ਕਿਸੇ ਹੋਰ ਤੇ ਹੁੰਦਾ ਤਾਂ ਸ਼ਾਇਦ ਕਈ ਸੱਸਾਂ ਨਵੀਆਂ ਨੂੰਹਾਂ ਨੂੰ ਪੂਰੇ ਮਹੀਨੇ ਭਰ ਲਈ ਪੇਕੇ ਤੋਰਨ ਤੋਂ ਗੁਰੇਜ ਵੀ ਕਰ ਲੈਂਦੀਆਂ।

ਪੇਕੇ ਗਈ ਨਵੀਂ ਨੂੰਹ ਦੇ ਪਿੱਛੇ ਸਹੁਰੇ ਪਰਿਵਾਰ ਵਿਚੋਂ ਨਨਦ, ਦਿਉਰ ਜਾਂ ਜੇਠਾਣੀ ਤੀਆਂ ਜਾਂ ਸਾਵਿਆਂ ਦਾ ਸਮਾਨ ਲੈ ਕੇ ਨੂੰਹ ਦੇ ਪੇਕੇ ਪਿੰਡ ਜਾਂਦੇ। ਸਮਾਨ ਵਿਚ ਮੁਟਿਆਰ ਲਈ ਸੂਟ, ਫੁਲਕਾਰੀ, ਸ਼ਿੰਗਾਰ ਦਾ ਸਮਾਨ, ਸੁੱਕੇ ਮੇਵਿਆਂ ਤੋਂ ਇਲਾਵਾ ਪੀਂਘ ਦਾ ਰੱਸਾ ਵੀ ਦੇਣ ਦਾ ਰਿਵਾਜ਼ ਸੀ। ਪਿੰਡ ਦੇ ਬੋਹੜ, ਪਿੱਪਲ, ਟਾਹਲੀ ਜਾਂ ਕਿੱਕਰ ਦੇ ਵੱਡੇ ਰੁੱਖ ਤੇ ਪੀਂਘ ਪਾਈ ਜਾਂਦੀ। ਮੁਟਿਆਰਾਂ ਸਾਰਾ ਸਾਰਾ ਦਿਨ ਪੀਂਘ ਝੂਟਦੀਆਂ, ਸਾਹਮਣੇ ਟਾਹਣ ਦਾ ਪੱਤਾ ਤੋੜ ਕੇ ਲਿਆਉਣ ਲਈ ਜ਼ੋਰ ਲੱਗਦੇ। ਇਕੱਠੀਆਂ ਹੋਈਆਂ ਮੁਟਿਆਰਾਂ ਤੀਆਂ ਜਾਂ ਸਾਵੇ ਮਨਾਉਂਦੀਆਂ ਹੱਸ ਹੱਸ ਦੂਹਰੀਆਂ ਹੋ ਕੇ ਗਿੱਧੇ ਦੀਆਂ ਬੋਲੀਆਂ ਪਾਉਂਦੀਆਂ ਧਮਾਲਾਂ ਪਾਉਂਦੀਆਂ –

**ਤੀਆਂ ਲੱਗੀਆਂ ਪਿੱਪਲ ਦੀ ਛਾਵੇਂ**
**ਨੀ ਕਾਹਲੀ ਕਾਹਲੀ ਪੈਰ ਪੱਟ ਲੈ॥**



ਮੁਟਿਆਰਾਂ ਬੋਲੀਆਂ ਰਾਹੀਂ ਆਪਣੇ ਮਾਹੀ ਨੂੰ ਵੀ ਯਾਦ ਕਰਦੀਆਂ–

**ਰਲ ਆਓ ਸਈਓ ਨੀ ਸਭ ਤੀਆਂ ਖੇਡਣ ਜਾਈਏ**
**ਹੁਣ ਆਇਆ ਸਾਵਨ ਨੀ ਪੀਘਾਂ ਪਿਪਲੀ ਜਾ ਕੇ ਪਾਈਏ**
**ਪਈ ਕੂ ਕੂ ਕਰਦੀ ਨੀ ਸਈਓ ਕੋਇਲ ਹੰਝੂ ਡੋਲੇ**
**ਪਪੀਹਾ ਵੇਖੋ ਨੀ ਭੈੜਾ ਪੀ ਪੀ ਕਰ ਕੇ ਬੋਲੇ**



ਕਵਿਤਾ

## ਮੁਲਜ਼ਮ ਕੌਣ

ਸੁਖਵਿੰਦਰ ਸਿੰਘ 'ਜਲਾਲਪੁਰੀ',+919906381482

ਅਦਾਲਤ ਪਈ ਲੱਗੀ ਸੀ,
ਜੱਜ ਸਾਹਿਬ ਦੀ ਕੁਰਸੀ ਸੱਜੀ ਸੀ,
ਦਰਬਾਨ ਵੀ ਸੱਜ ਧੱਜ ਖੜ੍ਹਾ ਸੀ,
ਮੇਜ ਤੇ ਫਾਈਲਾਂ ਦਾ ਥੜਾ ਸੀ।

ਇੰਨੇ ਨੂੰ ਜੱਜ ਸਾਹਿਬ ਆਉਂਦੇ ਨੇ,
ਸਭ ਖੜ੍ਹੇ ਹੋ ਸਤਿਕਾਰ ਦਿਖਾਉਂਦੇ ਨੇ,
ਸੇਵਾਦਾਰ ਜੀ ਆਵਾਜ਼ ਕੇਸ ਦੀ ਲਾਉਂਦੇ ਨੇ,
ਕਈਆਂ ਦੀ ਧੜਕਣ ਵਧਾਉਂਦੇ ਨੇ।

ਮੁਲਜ਼ਮ ਫਿਰ ਕਟਹਿਰੇ ਵਿਚ ਖੜਦੇ ਨੇ,
ਦੋਨਾਂ ਧਿਰਾਂ ਦੇ ਵਕੀਲ ਫਿਰ ਲੜਦੇ ਨੇ,
ਵਕੀਲ ਗਵਾਹ ਤੇ ਫਿਰ ਸਭ ਚੜ੍ਹਦੇ ਨੇ,
ਕਈਆਂ ਨੂੰ ਸੱਚਾ ਕਈਆਂ ਨੂੰ ਝੂਠਾ ਸਾਬਤ ਕਰਦੇ ਨੇ।

ਲਾਲ ਪੱਗਾਂ ਵਾਲੇ ਵੀ ਪਿੱਛੇ ਖੜ੍ਹੇ ਸੀ,
ਰਿਮਾਂਡ ਲੈਣ ਆਏ ਚੋਰ ਕੱਲ੍ਹ ਜਿਹੜੇ ਫੜੇ ਸੀ,
ਸਹਿਮੇ ਚੋਰ ਘੱਟ ਪੁਲਿਸ ਵਾਲੇ ਬੜੇ ਸੀ,
ਮੁੱਛਾਂ ਪੁਲਿਸ ਦੀਆਂ ਥੱਲੇ ਤਾਅ ਚੋਰਾਂ ਦੇ ਖੜ੍ਹੇ ਸੀ।

ਗਵਾਹ ਦੇ ਰੂਪ ਵਿਚ ਮੈਨੂੰ ਫਿਰ ਬੁਲਾਉਂਦੇ ਨੇ,
ਹਮਲਾਵਰ ਮੇਰੇ ਤੇ ਵਿਰੋਧੀ ਵਕੀਲ ਹੋ ਜਾਂਦੇ ਨੇ,
ਜੱਜ ਸਾਹਿਬ ਵੀ ਚੁੱਪ ਕਰ ਜਾਂਦੇ ਨੇ,
ਉਲਟੇ ਸਿੱਟੇ ਸਵਾਲਾਂ ਨਾਲ ਮੈਨੂੰ ਕਲਪਾਉਂਦੇ ਨੇ।

ਕੋਰਟ ਵਿਚ ਖੜ੍ਹੇ ਹੋ ਸੋਚੀ ਇਹੋ ਜਾਂਦਾ ਹਾਂ,
ਮੈਂ ਗਵਾਹ ਜਾਂ ਮੁਲਜ਼ਮ ਸਮਝ ਨਹੀਂ ਪਾਉਂਦਾ ਹਾਂ,
ਖਤਮ ਜਿਰਾਹ ਹੋਣ ਤੇ ਸ਼ੁਕਰ ਮਨਾਉਂਦਾ ਹਾਂ,
'ਸੁਖਵਿੰਦਰ' ਕਦੋਂ ਇਹ ਵਿਵਸਥਾ ਬਦਲੂ,
ਇੰਤਜ਼ਾਰ ਕਰੀ ਜਾਂਦਾ ਹਾਂ।

**ਜ਼ਰੂਰੀ ਨਹੀਂ ਕਿ ਹਰ ਸਮੇਂ ਰੱਬ ਦਾ ਨਾਮ ਤੁਹਾਡੀ ਜ਼ੁਬਾਨ ਤੇ ਆਏ। ਉਹ ਸਮਾਂ ਵੀ ਭਗਤੀ ਤੋਂ ਘੱਟ ਨਹੀਂ ਜਦੋਂ ਇੱਕ ਇਨਸਾਨ ਦੂਜੇ ਦੇ ਕੰਮ ਆਏ।**

**ਪਏ ਪੈਲਾਂ ਪਾਉਂਦੇ ਨੀ ਬਾਗੀ ਮੋਰ ਸੋਰ ਮਚਾਇਆ**

**ਅੜੀਓ ਖਿੜ ਖਿੜ ਫੁੱਲਾਂ ਨੇ, ਸਾਨੂੰ ਮਾਹੀਆ ਯਾਦ ਕਰਾਇਆ।**

ਨਵੀਆਂ ਵਿਆਹੀਆਂ ਮੁਟਿਆਰਾਂ ਦੇ ਨਾਲ ਪਿੰਡ ਦੀਆਂ ਨੌਜਵਾਨ ਨੱਢੀਆਂ ਤੇ ਬਾਕੀ ਔਰਤਾਂ ਨੇ ਰਲ ਕੇ ਬੋਲੀਆਂ ਚੁੱਕਣੀਆਂ ਤੇ ਗਿੱਧੇ ਨੂੰ ਸਿਖਰਾਂ ਤੇ ਲੈ ਜਾਣਾ।

**ਸਾਉਣ ਮਹੀਨਾ ਚੜ ਚੜ ਆਵੇ**
**ਸਭੇ ਸਹੇਲੀਆਂ ਆਈਆਂ**
**ਸੰਤੋ ਬੰਤੋ ਹੋਈਆਂ ਕੱਠੀਆਂ**
**ਵੱਡੇ ਘਰਾਂ ਦੀਆਂ ਜਾਈਆਂ**
**ਗਿੱਧਾ ਪਾ ਰਹੀਆਂ**
**ਨਨਦਾਂ ਤੇ ਭਰਜਾਈਆਂ।**

ਪੰਜਾਬੀ ਸਾਹਿਤ ਵਿਚ ਕਵੀਆਂ ਸ਼ਾਇਰਾਂ ਨੇ ਵੀ ਇਸ ਸਮੇਂ ਨੂੰ ਕਥਨ ਬੰਦ ਕੀਤਾ ਹੈ। ਪ੍ਰਸਿੱਧ ਪੰਜਾਬੀ ਸ਼ਾਇਰ ਲਾਲਾ ਧਨੀ ਰਾਮ ਚਾਤ੍ਰਿਕ ਨੇ ਆਪਣੀ ਕਵਿਤਾ ਸਾਵਨ ਵਿਚ ਲਿਖਿਆ ਹੈ-

**ਪੇਕੀਂ ਬੈਠੀਆਂ ਤਾਈਂ ਦਿਹਾਰ ਆਏ**
**ਤੇ ਸ਼ਿੰਗਾਰ ਲਾਏ ਸਹੁਰੀ ਆਈਆਂ ਨੇ**
**ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ**
**ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ**
**ਖੀਰਾਂ ਰਿੱਝੀਆਂ ਪੂੜਿਆ ਡੰਝ ਲਾਹੀ**
**ਕੁੜੀਆਂ ਵਹੁਟੀਆਂ ਨੇ ਪੀਘਾਂ ਪਾਈਆਂ ਨੇ**
**ਗਿੱਧੇ ਵੱਜਦੇ ਕਿਲਕਿਲੀ ਮੱਚਦੀ ਏ**
**ਘਟਾ ਕਾਲੀਆਂ ਵੇਖ ਕੇ ਛਾਈਆਂ ਨੇ**
**ਲੋਕੀਂ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ.**
**ਸਾਉਣ ਮਾਂਹ ਦੇ ਸੋਹਲੇ ਗਾਂਵਦੇ ਨੇ।**

ਬਚਪਨ ਵਿਚ ਜੋ ਅਸੀਂ ਸਾਉਣ ਮਹੀਨੇ ਦੀਆਂ ਲੰਮੀਆਂ ਝੜੀਆਂ ਵੇਖੀਆਂ ਹਨ। ਉਹ ਹੁਣ ਕਿਤੇ ਅਲੋਪ ਹੋ ਗਈਆਂ ਨੇ। ਇਕ ਵਾਰ ਵਰਖਾ ਸ਼ੁਰੂ ਹੋ ਜਾਂਦੀ ਤਾਂ ਪੰਜ-ਪੰਜ, ਸੱਤ-ਸੱਤ ਦਿਨ ਲਗਾਤਾਰ ਨਿੱਕੀ ਨਿੱਕੀ ਕਣੀ ਦਾ ਮੀਂਹ ਵਰ੍ਹੀ ਜਾਂਦਾ। ਕਦੇ ਤੇਜ਼ ਵਰਖਾ ਤੇ ਕਦੀ ਮੱਠੀ ਮੱਠੀ ਪਰ ਲਗਾਤਾਰ ਲੱਗੀ ਰਹਿੰਦੀ।

ਪਿੰਡ ਵਿਚ ਕੱਚੀ ਮਿੱਟੀ ਦੇ ਘਰਾਂ ਨੂੰ ਘਰਾਂ ਦੀਆਂ ਚਾਰ ਦੀਵਾਰੀ ਦੀਆਂ ਕੱਚੀਆਂ ਕੰਧਾਂ ਨੂੰ ਮਿੱਟੀ ਤੇ ਤੂੜੀ ਰਲਾ ਕੇ ਬਾਹਰੋਂ ਔਰਤਾਂ ਨੇ ਜੇਠ ਹਾੜ ਦੇ ਮਹੀਨੇ ਲੇਪ ਦੇ ਕੇ ਮਜ਼ਬੂਤ ਤੇ ਸਾਫ਼ ਕਰ ਲੈਣੀਆਂ। ਝੜੀਆਂ ਦੇ ਤੀਜੇ ਚੌਥੇ ਦਿਨ ਦਿੱਤੇ ਮਿੱਟੀ ਦੇ ਲੇਪ ਵਿਚ ਪਾਣੀ ਨਾਲ ਤਰੇੜਾ ਪੈ ਜਾਣੀਆਂ ਤੇ ਜੋ ਲੰਮੀ ਝੜੀ ਲੱਗਣ ਤੇ ਇਹ ਲੇਪ ਵੱਡੇ-ਵੱਡੇ ਟੁਕੜਿਆਂ ਦੀ ਸ਼ਕਲ ਵਿਚ ਧੜੱਮ ਕਰਦੇ ਥੱਲੇ ਡਿੱਗ ਜਾਣੇ। ਕਿਸੇ ਮਾੜੀ ਕੰਧ ਦਾ ਉਲਾਰ ਵੱਧਦਾ ਵੇਖ ਕੇ ਗਲੀਆਂ ਵਿਚ ਵਰਖਾ ਦੇ ਪਾਣੀ ਵਿਚ ਖੇਡਦੇ ਜਵਾਕਾਂ ਨੇ "ਇਹ ਉਹ ਗ ਈਆ ਗਈ ਆ, ਗਈ ਆ," ਕਰਦੇ ਧੜੱਮ ਨਾਲ ਡਿੱਗਦੀ ਕੰਧ ਤੇ ਹੱਸ ਹੱਸ ਦੂਹਰੇ ਹੋਈ ਜਾਣਾ ਤੇ ਉਧਰ ਘਰ ਦੀਆਂ ਔਰਤਾਂ ਵੱਲੋਂ ਡਿੱਗੇ ਲੇਪ ਜਾਂ ਕੰਧ ਦੀ ਮਿੱਟੀ ਰੁੜਣ ਤੋਂ ਬਚਾਉਣ ਲਈ ਫਟਾ ਫੱਟ ਕਹੀਆਂ ਬਾਟੇ ਲੈ ਕੇ ਵਰ੍ਹਦੇ ਬੱਦਲ ਵਿਚ ਮਿੱਟੀ ਸੰਭਾਲਣ ਦੇ ਨਜ਼ਾਰੇ ਆਮ ਹੁੰਦੇ ਸਨ। ਖੇਤੀ ਪ੍ਰਧਾਨ ਪੇਂਡੂ ਜੀਵਨ ਨੇ ਝੋਨੇ ਦੀ ਫਸਲ ਲਈ ਆਈ ਵਰਖਾ ਦਾ ਮਨੋ ਸਤਿਕਾਰ ਵੀ ਕਰਨਾ ਪ੍ਰੰਤੂ ਲੰਮੀ ਝੜੀ ਲੱਗਣ ਤੇ ਪਸ਼ੂਆਂ ਦਾ ਚਾਰਾ, ਚੁੱਲ੍ਹਾ ਬਾਲਣ ਲਈ ਸੁੱਕਾ ਬਾਲਣ ਅਤੇ ਮਾੜੀਆਂ ਕੰਧਾਂ ਕੋਠੇ ਡਿੱਗਣ ਦੀਆਂ ਪ੍ਰੇਸ਼ਾਨੀਆਂ ਵੀ ਝੱਲਣੀਆਂ। ਅੱਜ ਦੇ ਬਚਪਨ ਨੇ ਉਹ ਝੜੀਆਂ ਨਹੀਂ ਵੇਖੀਆਂ। ਵਾਤਾਵਰਣ ਦੀਆਂ ਤਬਦੀਲੀਆਂ ਕਾਰਨ ਝੱਟ ਫੜੱਕੇ ਵਾਲਾ ਬੱਦਲ ਹੀ ਹੁਣ ਵੇਖਣ ਨੂੰ ਮਿਲਦਾ ਹੈ ਜਿਸ ਦਾ ਖੇਤਰ ਅਧਾਰ ਵੀ ਬਹੁਤ ਘੱਟ ਹੁੰਦਾ ਹੈ। ਹੁਣ ਲੰਮੀਆਂ ਝੜੀਆਂ ਵੇਖਣ ਨੂੰ ਨਹੀਂ ਮਿਲਦੀਆਂ।

ਤੀਆਂ ਸਾਵਿਆਂ ਦੇ ਪੰਜਾਬੀ ਸਭਿਆਚਾਰ ਦੀ ਅਮੀਰ ਵਿਰਾਸਤ ਨੂੰ ਦਿਖਾਉਂਦੇ ਇਹ ਤਿਉਹਾਰ ਵੀ ਹੁਣ ਹੋਰ ਪੇਂਡੂ ਤਿਉਹਾਰਾਂ ਅਤੇ ਖੁਸ਼ੀਆਂ ਸਾਂਝੀਆਂ ਮਨਾਉਣ ਦੇ ਰਿਵਾਜ਼ ਹੁਣ ਘੱਟਦੇ ਜਾ ਰਹੇ ਹਨ। ਘੱਟਦੇ ਹੀ ਨਹੀਂ ਸਗੋਂ ਅਲੋਪ ਹੋਈ ਜਾ ਰਹੇ ਹਨ। ਇਹ ਤਿਉਹਾਰ ਅਤੇ ਖੁਸ਼ੀਆਂ ਅਸੀਂ ਆਪਣੀਆਂ ਅਗਲੀਆਂ ਪੀੜ੍ਹੀਆਂ ਨੂੰ ਵਿਰਾਸਤ ਵਿਚ ਨਹੀਂ ਦੇ ਰਹੇ। ਹੁਣ ਤਾਂ ਕਿਤੇ ਕਿਤੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ ਦੀਆਂ ਸਟੇਜਾਂ ਤੇ ਹੀ ਇਹ ਵੰਨਗੀਆਂ ਵੇਖਣ ਨੂੰ ਮਿਲਦੀਆਂ ਹਨ ਅਤੇ ਲੱਗਦਾ ਹੈ ਕਿ ਉਥੇ ਵੀ ਇਹ ਬਹੁਤ ਲੰਮੇ ਸਮੇਂ ਨਹੀਂ ਚੱਲਣਗੀਆਂ। ਸਾਡੇ ਸੱਭਿਆਚਾਰ ਉਤੇ ਹੁਣ ਪੱਛਮੀ ਪ੍ਰਭਾਵ ਬਹੁਤ ਜ਼ਿਆਦਾ ਭਾਰੂ ਹੋ ਰਿਹਾ ਹੈ। ਰੈਪ ਦਾ ਜ਼ਮਾਨਾ ਹੈ।

ਲੋੜ ਹੈ, ਆਪਣੇ ਅਮੀਰ ਵਿਰਸੇ ਨੂੰ ਕਾਇਮ ਰੱਖਿਆ ਜਾਵੇ। ਕੁਦਰਤ ਦੀਆਂ ਨਿਆਮਤਾਂ ਨੂੰ ਖੁਸ਼ ਹੋ ਕੇ ਮਨਾਉਣਾ, ਆਪਣੇ ਜੀਵਨ ਨਾਲ ਜੋੜ ਕੇ ਰੱਖਣਾ, ਕੁਦਰਤ ਦਾ ਧੰਨਵਾਦ ਕਰਨਾ ਹੀ ਹੈ। ਉਸ ਧੰਨਵਾਦ ਤੇ, ਉਹ ਪਰਮ ਪਿਤਾ ਪ੍ਰਮਾਤਮਾ ਵੀ ਖੁਸ਼ ਹੁੰਦਾ ਹੈ। ਫਿਰ ਝੜੀਆਂ ਵੀ ਲੱਗਦੀਆਂ ਹਨ ਤੇ ਖੁਸ਼ੀਆਂ ਖੇੜਿਆਂ ਵਿਚ ਅਥਾਹ ਵਾਧਾ ਹੁੰਦਾ ਹੈ।

ਸ਼ੁਧ ਵਾਤਾਵਰਣ ਵਿਚ ਜਿਉਣ ਲਈ ਅਗਲੀਆਂ ਪੀੜ੍ਹੀਆਂ ਨੂੰ ਖੁਸ਼ਹਾਲ ਜ਼ਿੰਦਗੀ ਜਿਉਣ ਲਈ ਮੌਕੇ ਪ੍ਰਦਾਨ ਕਰਨ ਲਈ ਇਹ ਸਭ ਕੁਝ ਕਾਇਮ ਰੱਖਣ ਲਈ ਉਪਰਾਲੇ ਕਰਨੇ ਬਹੁਤ ਜ਼ਰੂਰੀ ਹਨ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂੰ ਰੁੱਲ ਜਾਵੋਗੇ**

ਕਹਾਣੀ

# ਸਬਜ਼ੀ ਕਾਹਦੀ ਸੀ

- ਸੁਰਿੰਦਰ ਸਿੰਘ ਸੁੰਨੜ -

ਐਮ ਏ ਦਾ ਵਿਦਿਆਰਥੀ ਹੋਣ ਕਰਕੇ ਕਾਲਜ ਹੋਸਟਲ ਵਿੱਚ ਅਜੀਤ ਪ੍ਰੀਫੈਕਟ ਸੀ ਅਤੇ ਹੋਸਟਲ ਪ੍ਰੀਫੈਕਟ ਕਰਕੇ ਕਾਲਜ ਦੀ ਵਿਦਿਆਰਥੀ ਐਸੋਸੀਏਸ਼ਨ ਦਾ ਵੀ ਮੈਂਬਰ ਸੀ। ਪੰਜਾਬੀ ਦੀ ਐਮ ਏ ਕਰਦਾ ਸੀ ਅਜੀਤ। ਇਕ ਦਿਨ ਖਾਲੀ ਪੀਰੀਅਡ ਵਿੱਚ ਸਾਰੀ ਕਲਾਸ ਆਪਣੇਂ ਕਲਾਸ ਰੂਮ ਵਿੱਚ ਹੀ ਬੈਠੇ ਗੱਪਾਂ ਮਾਰ ਰਹੇ ਸੀ। ਅਜੀਤ ਪ੍ਰੋਫੈਸਰ ਸਾਹਿਬ ਦੀ ਕੁਰਸੀ ਦੇ ਅੱਗੇ ਜੋ ਮੇਜ਼ ਸੀ ਉਸ ਮੇਜ਼ ਤੇ ਬੈਠਾ ਸੀ ਲੱਤਾਂ ਲਟਕਾਈ। ਐਨੇ ਨੂੰ ਟਿਊਟੋਰੀਅਲ ਮੀਟਿੰਗ ਵਾਸਤੇ ਅੰਗ੍ਰੇਜ਼ੀ ਵਿਭਾਗ ਦੇ ਇੱਕ ਪ੍ਰੋਫੈਸਰ ਆਪਣੀ ਕਲਾਸ ਦੇ ਵਿਦਿਆਰਥੀਆਂ ਸਮੇਤ ਬੂਹੇ ਤੇ ਆ ਖੜ੍ਹੇ ਹੋਏ ਤੇ ਪੁੱਛਿਆ ਇਹ ਕੇਹੜੀ ਕਲਾਸ ਹੈ? ਅਜੀਤ ਨੇ ਮੇਜ਼ ਤੇ ਬੈਠੇ ਬਿਠਾਏ ਹੀ ਜਵਾਬ ਦਿੱਤਾ "ਪੰਦਰਵੀਂ ਜਮਾਤ" ਤਾਜ਼ੇ ਤਾਜ਼ੇ ਲੱਗੇ ਪ੍ਰੋਫੈਸਰ ਨੂੰ ਗੁੱਸਾ ਲੱਗਾ, ਥੋੜ੍ਹੇ ਜਿਹੇ ਗੁੱਸੇ ਵਿੱਚ ਬੋਲੇ, ਕੇਹੜੀ ਜਮਾਤ ਹੈ? ਜੀ ਇਹ ਪੰਜਾਬੀ ਮਜ਼ਬੂਨ ਦੀ ਪੰਦਰਵੀਂ ਜ਼ਮਾਤ ਹੈ, ਅਜੀਤ ਨੇ ਫਿਰ ਜਵਾਬ ਦਿੱਤਾ। ਤੂੰ ਮੈਨੂੰ ਮਖੌਲ ਕਰਦਾਂ? ਪ੍ਰੋਫੈਸਰ ਜ਼ਰਾ ਤਲਖੀ ਵਿੱਚ ਬੋਲਿਆ, ਮੈਂ ਪ੍ਰੋਫੈਸਰ ਹਾਂ। ਅਜੀਤ ਇਕਦਮ ਮੇਜ਼ ਤੋਂ ਉੱਤਰ ਕੇ ਸਤਿ ਸ਼੍ਰੀ ਆਕਾਲ ਬੁਲਾ ਕੇ ਬੋਲਿਆ ਸੌਰੀ ਸਰ ਮੈਨੂੰ ਨਹੀਂ ਸੀ ਪਤਾ ਤੁਸੀਂ ਪ੍ਰੋਫੈਸਰ ਹੋ। ਪ੍ਰੋਫੈਸਰ ਸਾਹਿਬ ਫੇਰ ਉਸੇ ਤਰਾਂ ਹੀ ਤਲਖੀ ਵਿੱਚ ਬੋਲੇ, "ਮੇਰੇ ਕੋਲ ਰਜਿਸਟਰ ਨਹੀਂ ਦਿਸਿਆ ਤੈਨੂੰ? ਅਜੀਤ ਫਿਰ ਹਲੀਮੀਂ ਨਾਲ ਬੋਲਿਆ, ਪ੍ਰੋਫੈਸਰ ਸਾਹਿਬ ਰਜਿਸਟਰ ਤਾਂ ਸਾਡੀ ਸਾਰੀ ਕਲਾਸ ਕੋਲ ਵੀ ਹੈ। ਇਹ ਵੀ ਸਹੀ ਸੀ ਸਾਰੀ ਕਲਾਸ ਪ੍ਰੋਫੈਸਰਾਂ ਦੇ ਲੈਚਚਰ ਨੋਟ ਕਰਨ ਵਾਸਤੇ ਰਜਿਸਟਰ ਟਾਈਪ ਹੀ ਵੱਢੀਆਂ ਕਾਪੀਆਂ ਰੱਖਦੇ ਸੀ। ਸਾਰੀ ਕਲਾਸ ਹੱਸ ਪਈ। ਪ੍ਰੋਫੈਸਰ ਸਾਹਿਬ ਵੀ ਹੱਸ ਪਏ ਤੇ ਨੀਵੀਂ ਜਿਹੀ ਪਾ ਕੇ ਸਾਰੀ ਕਲਾਸ ਬਾਹਰ ਨਿੱਕਲ ਗਈ।



ਸੁਰਿੰਦਰ ਸਿੰਘ ਸੁੰਨੜ

ਵਿਦਿਆਰਥੀ ਯੂਨੀਅਨ ਦੀ ਚੋਣ ਹੋਣੀ ਸੀ। ਫੈਡਰੇਸ਼ਨ ਤੇ ਯੂਨੀਅਨ ਦੋਵੇਂ ਹੀ ਬਹੁਤ ਮਜ਼ਬੂਤ ਸਨ। ਬਹੁਤ ਵੱਢਾ ਕਾਲਜ ਸੀ, ਸਾਰੇ ਪੰਜਾਬ ਦੀ ਨਜ਼ਰ ਇਸ ਚੋਣ ਵੱਲ ਹੁੰਦੀ। ਦੋਹਾਂ ਦੀਆਂ ਇੱਕੋ ਜੇਹੀਆਂ ਵੋਟਾਂ ਸੀ ਯੂਨੀਅਨ ਤੇ ਫੈਡਰੇਸ਼ਨ ਦੀਆਂ। ਸਿਰਫ ਪੰਜ ਕੁ ਵੋਟਾਂ ਕਾਲਜ਼ ਦੀ ਪਰਬੰਧਕ ਕਮੇਟੀ ਕੋਲ ਸੀ ਪਰ ਇਸ ਸਾਲ ਪਰਬੰਧਕ ਕਮੇਟੀ ਕਿੰਗ ਮੇਕਰ ਦੀ ਪੋਜ਼ੀਸ਼ਨ ਵਿੱਚ ਸੀ ਜੋ ਨਾ ਤਾਂ ਫੈਡਰੇਸ਼ਨ ਨੂੰ ਮਨਜ਼ੂਰ ਸੀ ਤੇ ਨਾ ਹੀ ਯੂਨੀਅਨ ਨੂੰ। ਫਿਰ ਕਿਵੇਂ ਕੀਤਾ ਜਾਵੇ ਬੜਾ ਵੱਢਾ ਸਵਾਲ ਸੀ। ਦੋਹਾਂ ਨੇ ਸਲਾਹ ਕੀਤੀ ਕਿ ਪਰਬੰਧਕ ਕਮੇਟੀ ਦੀ ਚੌਧਰ ਤੋਂ ਬਚਣ ਦਾ ਇੱਕ ਹੀ ਤਰੀਕਾ ਹੈ ਕਿ ਹੋਸਟਲ ਪ੍ਰੀਫੈਕਟ ਜੋ ਸਾਂਝਾਂ ਬੰਦਾ ਹੈ ਉਸਨੂੰ ਪਰਧਾਨ ਬਣਾ ਦਿੱਤਾ ਜਾਵੇ ਦੋਵੇਂ ਧਿਰਾਂ ਇਕੱਠੀਆਂ ਹੋ ਕੇ ਇੱਕ ਰਾਤ ਕਾਲਜ਼ ਹੋਸਟਲ ਜਾ ਪਹੁੰਚੇ ਤੇ ਸੁੱਤੇ ਪਏ ਅਜੀਤ ਨੂੰ ਜਗਾ ਕੇ ਸਾਰੀ ਗੱਲ ਦੱਸੀ ਤੇ ਪਰਧਾਨ ਬਣਨ ਵਾਸਤੇ ਕਿਹਾ। ਅਜੀਤ ਨੂੰ ਐਡੀ ਵੱਢੀ ਜ਼ੁਮੇਂਵਾਰੀ ਲੈਣ ਤੋਂ ਡਰ ਲੱਗ ਰਿਹਾ ਸੀ। ਰੋਜ਼ ਗੋਲੀਆਂ ਚੱਲਦੀਆਂ ਪਟਾਕੇ ਪੈਣੇਂ। ਅਜੀਤ ਦੀ ਜੱਕੋਤੱਕੀ ਨੂੰ ਦੇਖ ਕੇ ਦੋਹਾਂ ਧਿਰਾਂ ਨੇ ਵਿਸ਼ਵਾਸ਼ ਦਿਵਾਇਆ ਕਿ ਤੈਨੂੰ ਕਿਸੇ ਕਿਸਮ ਦੀ ਤਕਲੀਫ ਨਹੀਂ ਹੋਣ ਦਿਆਂਗੇ, ਜੇ ਅਜੀਤ ਨਾਂ ਮੰਨਦਾ ਤਾਂ ਪਰਬੰਧਕ ਕਮੇਟੀ ਦੇ ਪਰਧਾਨ ਜੋ ਕਿ ਪੰਜਾਬ ਦੇ ਵਿੱਦਿਆ ਮੰਤਰੀ ਵੀ ਸੀ ਉਨ੍ਹਾਂ ਦੀ ਮਰਜ਼ੀ ਚੱਲਣੀ ਸੀ। ਅਜੀਤ ਨੇ ਜਕਦਿਆਂ ਜਕਦਿਆਂ ਦਸਤਖਤ ਕਰ ਦਿੱਤੇ ਤੇ ਕਾਲਜ਼ ਦਾ ਵਿਦਿਆਰਥੀ ਐਸੋਸੀਏਸ਼ਨ ਦਾ ਪਰਧਾਨ ਬਣ ਗਿਆ। ਉਸਨੂੰ ਚੌਧਰ ਚੰਗੀ ਵੀ ਲੱਗੇ। ਪ੍ਰਿੰਸੀਪਲ ਸਾਹਿਬ ਨੇ ਵੀ ਵੇਲੇ ਕਵੇਲੇ ਰੋਜ਼ ਅਜੀਤ ਨੂੰ ਮਿਲਣਾ। ਵਿੱਦਿਆ ਮੰਤਰੀ ਦੇ ਬਰਾਬਰ ਬੈਠਕੇ ਹਰ ਫੈਸਲੇ ਵਿੱਚ ਅਜੀਤ ਨੂੰ ਆਪਣੀ ਆਵਾਜ਼, ਆਪਣਾ ਵਿਚਾਰ ਰੱਖਣ ਦਾ ਹੱਕ ਸੀ। ਚੌਧਰ ਦੇ ਪੱਟੇ ਕੋਲੋਂ ਆਪਣੀ ਪੜ੍ਹਾਈ ਵੱਲ ਬਣਦੀ ਤਵੱਜੋ ਨਾ ਦੇ ਹੋਈ ਤੇ ਡਿਗਰੀ ਵਧੀਆ ਨੰਬਰਾਂ ਵਿੱਚ ਨਾ ਕਰ ਸਕਿਆ।

ਚੜ੍ਹਦੀ ਜਵਾਨੀ ਸੀ ਤੇ ਕੋਐਜ਼ੂਕੇਸ਼ਨ ਦੇ ਨਵੇਂ ਨਵੇਂ ਨਜ਼ਾਰੇ ਨੇ ਸਾਰੀ ਕਲਾਸ ਵਿੱਚ ਇੱਕ ਵੱਖਰੇ ਕਿਸਮ ਦੀ ਜੀਵਨੀ ਫੂਕ ਦਿੱਤੀ। ਮੁੰਡੇ ਕੁੜੀਆਂ ਨੇ ਇਕੱਠੇ ਬੈਠ ਕੇ ਗੱਪਾਂ ਮਾਰਨੀਆਂ ਚਾਟ ਚਟਣੀਆਂ ਖਾਣੀਆਂ, ਰੋਜ਼ ਵੇਹਲੇ ਪੀਰੀਅਡ ਵਿੱਚ ਕੈਂਨਟੀਨ ਤੇ ਇਕੱਠਿਆਂ ਬੈਠਣਾਂ ਪਰ ਅਜੀਤ ਆਪਣੀ ਚੌਧਰ ਵਿੱਚ ਹੀ ਤੁਰਿਆ ਫਿਰਨਾ ਤੇ ਕਲਾਸ ਨਾਲ ਗੱਪਾਂ ਮਾਰਨ ਦਾ ਸਮਾਂ ਉਸਨੂੰ ਨਾ ਮਿਲਣਾਂ। ਇਕ ਕਲਾਸਫੈਲੋ ਕੁੜੀ ਨੇ ਬਾਕੀ ਜਮਾਤਣਾਂ ਨਾਲ ਸ਼ਰਤ ਲਾਅ ਕੇ ਅਜੀਤ ਨੂੰ ਜ਼ਰਾ ਬੰਦਾ ਬਨਾਉਣ ਦਾ ਮਨ ਬਣਾਇਆ। ਰੁੱਤ ਰੁੱਤ ਦੇ ਮੇਵੇ ਅਜੀਤ ਆਸਾਨੀ ਨਾਲ ਪੱਟਿਆ ਵੀ ਗਿਆ ਤੇ ਬਾਕੀ ਕਲਾਸ ਨਾਲ ਬੈਠਣ ਉੱਠਣ ਵੀ ਲੱਗ ਪਿਆ।ਅਜੀਤ ਦੇ ਜੀਵਨ ਵਿੱਚ ਪਿਆਰ ਦੇ ਵੀ ਚਰਚੇ ਚੱਲਣ ਲੱਗੇ। ਕਾਲਜ਼ ਕੈਂਨਟੀਨ ਦੇ ਪਿਛਲੇ ਪਾਸੇ ਧੁੱਪੇ ਬਹੁਤ ਮੁੰਡੇ ਕੁੜੀਆਂ ਨੇਂ ਘੰਟਿਆਂ ਬੱਧੀ ਗੱਲਾਂ ਕਰਨੀਆਂ। ਇੱਕ ਦਿਨ ਅਜੀਤ ਦੀ ਮਿੱਤਰ ਕੁੜੀ ਆਪਣੀ ਇੱਕ ਸਹੇਲੀ ਨਾਲ ਛੇ ਤੋਂ ਨੌਂ ਵਾਲਾ ਫਿਲਮ ਦਾ ਛੋ ਵੇਖਣ ਗਈ। ਉਹ ਛੋ ਦੇਖਣ ਵਾਸਤੇ ਦੋ ਹੋਰ ਮੁੰਡੇ ਕਲਾਸਫੈਲੋ ਵੀ ਇਤਫਾਕਨ ਗਏ ਹੋਏ ਸੀ। ਫਿਲਮ ਖਤਮ ਹੋਈ ਤਾਂ ਉਹ ਚਾਰੇ ਜਦ ਇੱਕ ਹੀ ਥਰੀ ਵ੍ਹੀਲਰ ਵਿੱਚ ਬੈਠ ਕੇ ਵਾਪਿਸ ਆ ਰਹੇ ਸੀ ਤਾਂ ਉਹ ਦੋਵੇਂ ਕਲਾਸਫੈਲੋ ਮੁੰਡੇ ਜੋ ਹੋਸਟਲ ਵਿੱਚ ਨਹੀਂ ਸੀ ਰਹਿੰਦੇ ਲਾਗੇ ਇੱਕ ਕਮਰਾ ਕਿਰਾਏ ਤੇ ਲੈ ਕੇ ਰਹਿੰਦੇ ਸੀ, ਉਨ੍ਹਾਂ ਕਲਾਸਫੈਲੋ ਮੁੰਡਿਆਂ ਨੇ ਦੋਹਾਂ ਕਲਾਸਫੈਲੋ ਕੁੜੀਆਂ ਨੂੰ ਆਪਣੇ ਕਮਰੇ ਵਿੱਚ ਰੁਕ ਕੇ ਕੁਝ ਖਾਣ ਪੀਣ ਵਾਸਤੇ ਨਿਮੰਤਰਣ ਦਿੱਤਾ ਜੋ ਉਨ੍ਹਾਂ ਨੇ ਮਨਜ਼ੂਰ ਕਰ ਲਿਆ। ਛਾਇਦ ਕੁਝ ਵੱਧ ਘੱਟ ਖਾ ਪੀ ਹੋ ਗਿਆ ਤੇ ਉਹ ਦੋਵੇਂ ਕੁੜੀਆਂ ਆਪਣੇ ਕਲਾਸਫੈਲੋ ਮੁੰਡਿਆਂ ਕੋਲ ਰੁਕ ਗਈਆਂ। ਅਗਲੇ ਦਿਨ ਅਜੀਤ ਦੀ ਸਹੇਲੀ ਕੁੜੀ ਕਲਾਸ ਵਿੱਚ ਨਾ ਆਈ। ਅਜੀਤ ਨੇ ਬੜੀ ਕੋਸ਼ਿਸ਼ ਕਰਕੇ ਉਸਨੂੰ ਲੱਭਿਆ। ਉਹ ਬਹੁਤ ਰੋਈ ਤੇ ਕਹਿਣ ਲੱਗੀ ਮੈਂ ਤੇਰੇ ਕਾਬਲ ਨਹੀਂ ਰਹੀ। ਮੈਂ ਗ਼ਲਤੀ ਕੀਤੀ ਹੈ। ਅਜੀਤ ਦੇ ਬਹੁਤ ਧਰਵਾਸ

ਦੇਣ ਦੇ ਬਾਵਜੂਦ ਉਹ ਨਾਂ ਮੰਨੀਂ ਤੇ ਅਗਲੇ ਦਿਨ ਆਪਣਾਂ ਬੋਰੀਆ ਬਿਸਤਰਾ ਲੈ ਕੇ ਪਿੰਡ ਚਲੇ ਗਈ ਤੇ ਫਿਰ ਕਦੇ ਕਲਾਸ ਵਿੱਚ ਨਾ ਆਈ।

ਵਧੀਆ ਨੰਬਰਾਂ ਨਾਲ ਐਮ ਏ ਕੀਤੀ ਹੁੰਦੀ ਤਾਂ ਵਾਕਫੀਅਤ ਕਰਕੇ ਅਜੀਤ ਆਸਾਨੀ ਨਾਲ ਪ੍ਰੋਫੈਸਰ ਲੱਗ ਸਕਦਾ ਸੀ। ਨੌਕਰੀ ਮਿਲਣ ਦੇ ਬਹੁਤ ਘੱਟ ਚਾਨਸ ਸੀ। ਅਜੀਤ ਦੇ ਵੱਢੇ ਦੋ ਭਰਾ ਵਧੀਆ ਅਫਸਰ ਸਨ। ਅਜੀਤ ਪਿੰਡ ਚਲਾ ਗਿਆ। ਸਵੇਰੇ ਛਾਮੀਂ ਨੌਕਰ ਰੋਟੀ ਪਾਣੀ ਖਵਾ ਦੇਂਦੇ ਪਰ ਚੌਧਰਾਂ ਕਰਦਾ ਆਇਆ ਅਜੀਤ ਬਹੁਤ ਉਦਾਸ ਰਹਿਣ ਲੱਗਾ। ਇਕ ਦਿਨ ਸਵੇਰੇ ਅਜੀਤ ਉੱਠਿਆ ਬਿਸਤਰੇ ਵਾਲੀ ਚਾਦਰ ਦੀ ਬੁੱਕਲ ਮਾਰਕੇ ਪੈਰੀਂ ਕੈਂਚੀ ਚਪਲਾਂ ਕੁੜਤੇ ਪਜਾਮੇਂ ਵਿੱਚ ਘਰੋਂ ਬਾਹਰ ਨਿਕਲਿਆ ਤੇ ਪਤਾ ਨਹੀਂ ਕਿਉਂ ਤੁਰਦਾ ਤੁਰਦਾ ਜਲੰਧਰ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ। ਅੰਮ੍ਰਿਤਸਰ ਵੱਲੋਂ ਇੱਕ ਗੱਡੀ ਆਈ ਬਹੁਤ ਲੋਕ ਉਸ ਵਿੱਚ ਚੜ੍ਹ ਰਹੇ ਸੀ ਅਜੀਤ ਵੀ ਚੜ੍ਹ ਗਿਆ। ਜਦ ਸਵਾਰੀਆਂ ਬੈਠ ਗਈਆਂ ਤਾਂ ਅਜੀਤ ਦੇ ਲਾਗੇ ਇੱਕ ਅੱਧਖੜ ਜਿਹੀ ਜਨਾਨੀ ਬੈਠੀ ਸੀ ਉਹ ਅਜੀਤ ਨੂੰ ਪੁੱਛਣ ਲੱਗੀ ਵੀਰਾ ਤੂੰ ਕਿੱਥੇ ਜਾਣਾਂ?

ਅਜੀਤ ਬੋਲਿਆ ਨਾ ਉਸਦੀ ਉਤਸੁਕਤਾ ਹੋਰ ਵਧ ਗਈ ਤੇ ਵਾਰ ਵਾਰ ਪੁੱਛਣ ਲੱਗੀ ਕਿੱਥੇ ਜਾਣਾ। ਅਜੀਤ ਨੂੰ ਜੇ ਪਤਾ ਹੋਵੇ ਤਾਂ ਦੱਸੇ। ਉਸ ਜਨਾਨੀ ਦੇ ਸਵਾਲਾਂ ਦਾ ਜਵਾਬ ਦੇਣ ਦੇ ਅਸਮਰੱਥ ਅਜੀਤ ਘੰਟਾਘਰ ਲੁਧਿਆਣੇ ਗੱਡੀਓਂ ਉੱਤਰ ਗਿਆ। ਤੁਰਦਾ ਤੁਰਦਾ ਆਥਣ ਤੱਕ ਐਗਰੀਕਲਚਰ ਯੂਨੀਵਰਸਟੀ ਦੇ ਇਲਾਕੇ ਵਿੱਚ ਜਾ ਪਹੁੰਚਿਆ ਤੇ ਇੱਕ ਬੰਦ ਪਏ ਤੰਦੂਰ ਦਾ ਬਚਦਾ ਸੇਕ ਲੈਣ ਵਾਸਤੇ ਬੈਠ ਗਿਆ। ਰਾਤ ਔਖੀ ਸੁਖਾਲੀ ਕੱਢੀ ਤੇ ਸਵੇਰੇ ਉਹ ਤੁਰਦਾ ਤੁਰਦਾ ਜੀ ਟੀ ਰੋਡ ਤੇ ਚਲਾ ਗਿਆ। ਕਪੂਰਥਲਾ ਪਟਿਆਲਾ ਬੱਸ ਲੰਘੀ ਤੇ ਅਜੀਤ ਨੂੰ ਭੁਲੇਖਾ ਪਿਆ ਕਿ ਉਸਦਾ ਭਰਾ ਬੱਸ ਵਿੱਚ ਸੀ। ਅਜੀਤ ਨੇ ਸੋਚਿਆ ਸ਼ਾਇਦ ਉਸਦਾ ਭਰਾ ਉਸ ਵਾਸਤੇ ਕੋਈ ਨੌਕਰੀ ਭਾਲੀ ਬੈਠਾ ਹੋਵੇ। ਉਹ ਫਟਾਫਟ ਵਾਪਿਸ ਪਰਤਣ ਦੀ ਸੋਚਕੇ ਵਾਪਿਸ ਮੁੜ ਤੁਰਿਆ। ਤੇ ਦੁਪੈਹਰ ਤੱਕ ਤੁਰਦਾ ਤੁਰਦਾ ਬਡਾਲਾ ਮੰਜਕੀ ਪਹੁੰਚ ਗਿਆ। ਸੜਕ ਤੇ ਐਲੀਮੈਂਟਰੀ ਸਕੂਲ ਵਿੱਚ ਅੱਧੀ ਛੁੱਟੀ ਹੋਈ ਸੀ। ਬੱਚੇ ਭੱਜ ਕੇ ਬਾਹਰ ਆਏ ਤੇ ਦਰਖਤਾਂ ਹੇਠ ਬੈਠ ਕੇ ਖਾਣਾ ਖਾਣ ਲੱਗੇ। ਜਿੱਥੇ ਅਜੀਤ ਜਾ ਬੈਠਾ ਸੀ ਉਸਦੇ ਕੋਲ ਆ ਕੇ ਇੱਕ ਲੜਕਾ ਪਰੰਠੇ ਖਾਣ ਲੱਗ ਪਿਆ।

ਅਜੀਤ ਦੋ ਦਿਨਾ ਦਾ ਭੁੱਖਾ ਸੀ। ਉਹ ਉਸ ਬੱਚੇ ਨੂੰ ਪਰੌਂਠਾ ਖਾਂਦੇ ਨੂੰ ਟਿਕਟਿਕੀ ਲਾ ਕੇ ਦੇਖ ਰਿਹਾ ਸੀ। ਐਨੇ ਨੂੰ ਇੱਕ ਮੁੰਡਾ ਜੋ ਕਿ ਪਰੌਂਠਾ ਖਾ ਰਹੇ ਬੱਚੇ ਦੀ ਹੀ ਉਮਰ ਦਾ ਸੀ ਉਹ ਵੀ ਆਣ ਖਲੋਤਾ ਤੇ ਟਿਕਟਿਕੀ ਲਾ ਕੇ ਪਰੌਂਠਾ ਖਾਂਦੇ ਬੱਚੇ ਵੱਲ ਦੇਖਣ ਲੱਗਾ। ਕੱਪੜੇ ਲੌਂਤਿਓਂ ਬਹੁਤ ਗ਼ਰੀਬ ਘਰ ਦਾ ਬੱਚਾ ਲਗਦਾ ਸੀ। ਇੱਕ ਹੋਰ ਕੈਂਡੀਡੇਟ ਤਾਜ਼ੀ ਸੂਈ ਹੋਈ ਕੁੱਤੀ ਵੀ ਆਣ ਖੜ੍ਹੀ ਹੋਈ ਤੇ ਉਹ ਵੀ ਪਰੌਂਠਾ ਖਾਂਦੇ ਬੱਚੇ ਵੱਲ ਟਿਕਟਿਕੀ ਲਾ ਕੇ ਵੇਖਣ ਲੱਗੀ। ਮੂੰਹ ਸਵਾਰਨ ਲੱਗੀ। ਬੱਚੇ ਨੇ ਰੱਜ ਕੇ ਖਾ ਲਿਆ ਤੇ ਉਸ ਕੋਲ ਇੱਕ ਪਰੌਂਠਾ ਹੋਰ ਸੀ। ਵਧਿਆ ਹੋਇਆ ਪਰੌਂਠ ਬੱਚੇ ਨੇ ਅੱਧਾ ਤੋੜਿਆ ਤੇ ਮਾੜਾ ਜਿਹਾ ਅਜੀਤ ਵੱਲ ਦੇਖਿਆ, ਫਿਰ ਦੂਸਰੇ ਬੱਚੇ ਵੱਲ ਦੇਖਿਆ ਜੋ ਕਿ ਟਿਕਟਿਕੀ ਲਾ ਕੇ ਵੇਖ ਰਿਹਾ ਸੀ, ਤੇ ਫਿਰ ਉਸ ਬੱਚੇ ਨੇ ਕੁੱਤੀ ਵੱਲ ਨੂੰ ਦੇਖਿਆ। ਉਸਨੇ ਉਹ ਅੱਧਾ ਪਰੌਂਠਾ ਉਸ ਕੁੱਤੀ ਵੱਲ ਨੂੰ ਸਿੱਟ ਦਿੱਤਾ। ਕੁੱਤੀ ਭੱਜ ਕੇ ਖਾਣ ਲੱਗੀ ਮੂੰਹ ਵੀ ਲਾਇਆ ਪਰ ਲਾਗੇ ਖੜੋਤੇ ਬੱਚੇ ਨੇ ਕੁੱਤੀ ਨੂੰ ਬਦਕਾ ਕੇ ਪਰੌਂਠਾ ਚੁੱਕ ਲਿਆ ਤੇ ਖਾਣ ਲੱਗ ਪਿਆ। ਪਰੌਂਠੇ ਵਾਲਾ ਬੱਚਾ ਰੌਲਾ ਪਾਉਣ ਲੱਗ ਪਿਆ, ਓਈਓਏ ਕੁੱਤੀ ਦਾ ਜੂਠਾ ਖਾ ਗਿਆ। ਰੌਲਾ ਸੁਣ ਕੇ ਹੋਰ ਬਹੁਤ ਸਾਰੇ ਬੱਚੇ ਇਕੱਠੇ ਹੋ ਗਏ। ਪਰੌਂਠੇ ਖਾਅ ਕੇ ਹਟੇ ਬੱਚੇ ਕੋਲ ਜੋ ਹੋਰ ਅੱਧਾ ਪਰੌਂਠਾ ਸੀ ਉਹ ਵੀ ਉਸਨੇ ਉਸ ਕੁੱਤੀ ਵੱਲ ਹੀ ਸੁੱਟਿਆ। ਕੁੱਤੀ ਦਾ ਜੂਠਾ ਖਾਅ ਹਟੇ ਬੱਚੇ ਨੇ ਇਸ ਵਾਰ ਐਨੀ ਫੁਰਤੀ ਕੀਤੀ ਕਿ ਕੁੱਤੀ ਨੂੰ ਮੂੰਹ ਵੀ ਨਾ ਲਾਉਣ ਦਿੱਤਾ। ਪਰੌਂਠਾ ਚੁੱਕ ਕੇ ਖਾਣ ਲੱਗ ਪਿਆ। ਬਾਕੀ ਸਾਰੇ ਬੱਚੇ ਰੌਲਾ ਪੰਦੇ ਰਹੇ ਪਰ ਮਿੱਟੀ ਚੋਂ ਚੁੱਕ ਕੇ ਪਰੌਂਠਾ ਖਾਅ ਰਹੇ ਬੱਚੇ ਨੇ ਕੋਈ ਪਰਵਾਹ ਨਾ ਕੀਤੀ ਤੇ ਪਰੌਂਠਾ ਖਾਂਦਾ ਟਪੂਸੀਆਂ ਮਾਰਦਾ ਸਕੂਲ ਵੱਲ ਨੂੰ ਦੌੜ ਗਿਆ।

ਅਜੀਤ ਖੌਂਪੀਏ ਤੱਕ ਆਪਣੇ ਪਿੰਡ ਪਹੁੰਚ ਗਿਆ। ਥੋੜੇ ਦਿਨਾ ਬਾਅਦ ਕਣਕ ਗਹਿਣ ਲੱਗ ਪਈ। ਚਾਰ ਪੰਜ ਘਰ ਅਜੀਤ ਹੁਰਾਂ ਦੀ ਭੌਲੀ ਤੇ ਖੇਤੀ ਕਰਦੇ ਸੀ। ਛਾਮ ਨੂੰ ਅੱਠ ਘੰਟੇ ਬਿਜਲੀ ਆਉਣੀ। ਬਿਜਲੀ ਦੀ ਮੋਟਰ ਨਾਲ ਥਰੈਸ਼ਰ ਤੇ ਵਾਰੋ ਵਾਰੀ ਭੌਲੀਦਾਰ ਛਾਮ ਨੂੰ ਆ ਜਾਂਦੇ ਤੇ ਕਣਕ ਗਾਹੁੰਦੇ, ਕੁਤਰਦੇ। ਅਜੀਤ ਦੀ ਡਿਊਟੀ ਲੱਗੀ ਕਿ ਛਾਮ ਨੂੰ ਕੋਠੇ ਤੇ ਡਿੱਠੇ ਮੰਜੇ ਤੇ ਬਹਿਣਾ ਪੈਣਾ ਤੇ ਨਿਗਾਹ ਰੱਖਣੀ। ਜੇ ਕਿਸੇ ਨੂੰ ਕਿਸੇ ਮਦਦ ਦੀ ਲੋੜ ਹੋਣੀ ਤਾਂ ਉਹ ਵੀ ਕਰਨੀ। ਜੇਹੜੀ ਕਣਕ ਗਹਿ ਜਾਣੀ ਉਹ ਅੱਧੋ ਅੱਧ ਕਰ ਲੈਣੀ। ਇੱਕ ਦਿਨ ਅਜੀਤ ਨੂੰ ਉਸਦਾ ਇੱਕ ਕਲਾਸਫੈਲੋ ਸੇਠੀ ਸ਼ਹਿਰੋਂ ਮਿਲਣ ਆਇਆ। ਅਜੀਤ ਤੇ ਉਸਦੀਆਂ ਦੋ ਭੈਣਾਂ ਕਾਲਜ ਸਮੇਂ ਸੇਠੀ ਹੁਰਾਂ ਦੇ ਘਰ ਕਿਰਾਏ ਤੇ ਵੀ ਰਹਿੰਦੇ ਰਹੇ। ਆਪਸ ਵਿੱਚ ਬਹੁਤ ਪਿਆਰ ਸੀ। ਦੋਵੇਂ ਕੋਠੇ ਤੇ ਮੰਜੇ ਉੱਪਰ ਬੈਠੇ ਗੱਪਾਂ ਮਾਰਦੇ ਰਹੇ। ਨ੍ਹੇਰੇ ਹੋਇ ਰਾਤ ਦੀ ਰੋਟੀ ਆਈ, ਜੋ ਕਿ ਉਨ੍ਹਾਂ ਨੂੰ ਕੋਠੇ ਤੇ ਹੀ ਫੜਾ ਦਿੱਤੀ ਗਈ। ਚਾਰ ਚੁਫੇਰੇ ਭਾਵੇਂ ਬਿਜਲੀ ਜਗਾ ਕੇ ਰੌਸ਼ਨੀ ਕੀਤੀ ਹੋਈ ਸੀ ਪਰ ਕੋਠੇ ਤੇ ਡਿੱਠੇ ਮੰਜੇ ਤੇ ਹਨ੍ਹੇਰਾ ਸੀ। ਘੁਸਮੁਸਾ ਜਿਹਾ ਸੀ, ਸਿੱਧੀ ਰੌਸ਼ਨੀ ਨਹੀਂ ਸੀ। ਅਜੀਤ ਤੇ ਸੇਠੀ ਨੇ ਵਿਚਾਲੇ ਰੱਖ ਕੇ ਰੋਟੀ ਖ੍ਹੋਲੀ ਤੇ ਖਾਣ ਲੱਗ ਪਇ। ਹਰਾ ਗੰਢਾ ਤੇ ਹਰਾ ਲਸਣ ਅਧਰਕ ਪਾ ਕੇ, ਹਰਾ ਧਨੀਆਂ ਪਾ ਕੇ ਬਣਾਈ ਆਂਡਿਆਂ ਦੀ ਭੁਰਜੀ ਤੇ ਨਾਲ ਮਾਂਹ ਛੋਲਿਆਂ ਦੀ ਦਾਲ ਸੀ।

ਸੇਠੀ ਨੂੰ ਸਵਾਦ ਲੱਗੀ ਤੇ ਆਂਡਿਆਂ ਦੀ ਭੁਰਜੀ ਖਿੱਚੀ ਜਾਵੇ। ਬਹੁਤੀ ਭੁਰਜੀ ਸੇਠੀ ਨੇ ਹੀ ਖਾਧੀ। ਖਾਅ ਪੀ ਕੇ ਡਕਾਰ ਮਾਰ ਕੇ ਸੇਠੀ ਕਹਿੰਦਾ ਬਈ ਸਵਾਦ ਆ ਗਿਆ ਅੱਜ। ਯਾਰ ਪਰ ਮੈਨੂੰ ਇਹ ਨਹੀਂ ਪਤਾ ਲੱਗਾ ਕਿ ਸਵਜੀ ਕਾਹਦੀ ਸੀ। ਜਦ ਅਜੀਤ ਨੇ ਦੱਸਿਆ ਕਿ ਆਂਡਿਆਂ ਦੀ ਭੁਰਜੀ ਸੀ ਤਾਂ ਸੇਠੀ ਤਾਂ ਰਾਮ ਰਾਮ ਕਰਨ ਲੱਗ ਪਿਆ। ਫਟਾਫਟ ਥੱਲੇ ਉੱਤਰਿਆ ਤੇ ਬਾਰ ਬਾਰ ਕਰੂਲੀਆਂ ਕਰਨ ਲੱਗਾ। ਅਜੀਤ ਨੂੰ ਬਹੁਤ ਬੁਰਾ ਲੱਗਾ ਕਿ ਇੱਕ ਕੱਟੜ ਹਿੰਦੂਆਂ ਦੇ ਮੁੰਡੇ ਨੂੰ ਭਲੇਖੇ ਨਾਲ ਆਂਡੇ ਖਵਾ ਹੋ ਗਏ। ਬਹੁਤ ਹੀ ਪਛਤਾਵੇ ਨਾਲ ਅਜੀਤ ਚੁੱਪ ਚਾਪ ਗੁੰਮ ਸੁੰਮ ਬੈਠਾ ਸੀ। ਕੋਈ ਦਸ ਕੁ ਮਿੰਟਾਂ ਬਾਅਦ ਸੇਠੀ ਫਿਰ ਕੋਠੇ ਜਾ ਚੜ੍ਹਿਆ। ਅਜੀਤ ਨੇ ਰੋਣਹਾਕੇ ਹੋ ਕੇ ਆਪਣੀ ਗ਼ਲਤੀ ਮੰਨੀਂ। ਪਰ ਸੇਠੀ ਹੱਸ ਕੇ ਬੋਲਿਆ, ਹੋਈ ਤਾਂ ਆਪਣੇ ਦੋਹਾਂ ਤੋਂ ਹੀ ਗ਼ਲਤੀ ਪਰ ਮੈਨੂੰ ਜ਼ਿੰਦਗੀ ਵਿੱਚ ਕਦੇ ਪਤਾ ਨਹੀਂ ਸੀ ਲੱਗਣਾਂ ਕਿ ਆਂਡੇ ਐਨੇ ਸਵਾਦ ਹੁੰਦੇ ਆ।

* * *

# ਤੋਰ ਪੰਜਾਬਣ ਦੀ

ਡਾ. ਹਰਚੰਦ ਸਿੰਘ ਸਰਹਿੰਦੀ (ਸ਼੍ਰੋਮਣੀ ਸਾਹਿਤਕਾਰ ਐਵਾਰਡੀ)

ਆਮ ਤੌਰ 'ਤੇ ਕਿਸੇ ਵਿਅਕਤੀ ਦੇ ਤੁਰਨ ਦੇ ਅੰਦਾਜ਼ ਨੂੰ ਉਸ ਦੀ ਆਦਤ ਦਾ ਹੀ ਇਕ ਹਿੱਸਾ ਮੰਨ ਲਿਆ ਜਾਂਦਾ ਹੈ ਪਰ ਬਾਰੀਕੀ ਨਾਲ ਵੇਖਿਆ, ਇਸ ਨਾਲ ਕੁਝ ਹੋਰ ਅਹਿਮ ਤੇ ਦਿਲਚਸਪ ਤੱਥ ਵੀ ਜੁੜੇ ਹੁੰਦੇਹਨ। ਇਸ ਸਬੰਧ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਤੋਰ ਤੁਹਾਡੀ ਮਾਨਸਿਕ ਦਸ਼ਾ ਦੀ ਮੁਖਬਰੀ ਕਰਦੀ ਹੈ। ਇਸ ਤਰ੍ਹਾਂ ਤੁਹਾਡੇ ਤੁਰਨ ਦਾ ਅੰਦਾਜ਼ ਤੁਹਾਡੇ ਬਾਰੇ ਸਹਿਜ ਸੁਭਾਅ ਹੀ ਬਹੁਤ ਕੁਝ ਸਹਿਜੇ ਹੀ ਬਹੁਤ ਕੁਝ ਕਹਿ ਤੇ ਸਮਝਾ ਜਾਂਦਾ ਹੈ। ਦੱਸਣ ਪੁੱਛਣ ਦੀ ਲੋੜ ਹੀ ਨਹੀਂ ਰਹਿੰਦੀ। ਐਵੇਂ ਤਾਂ ਨਹੀਂ ਕਹਿੰਦੇ ਕਿ ਬੰਦਾ ਰਫਤਾਰ (ਤੋਰ), ਗੁਫ਼ਤਾਰ ਤੇ ਦਸਤਾਰ ਤੋਂ ਪਛਾਣਿਆ ਜਾਂਦਾ ਹੈ। ਵਿਲੀਅਮ ਇਲੈਰੀ ਚੈਨਿੰਗ ਦਾ ਕਥਨ ਹੈ ਕਿ 'ਹਰ ਮਨੁੱਖ ਰੂਪੀ ਕਿਤਾਬ ਨੂੰ ਪੜ੍ਹ ਸਕਣ ਦੀ ਯੋਗਤਾ ਰੱਖਣ ਵਾਲਾ ਵਿਅਕਤੀ ਤੁਰਨ ਦੇ ਅੰਦਾਜ਼ ਤੋਂ ਹੀ ਕਿਸੇ ਵਿਅਕਤੀ ਦੀ ਸ਼ਖਸੀਅਤ ਦੇ ਕਈ ਪੱਖਾਂ ਨੂੰ ਪੜ੍ਹ ਸਕਦਾ ਹੈ। ਉਂਝ ਵੀ ਤੋਰ ਛੁਪੀ ਰਹਿਣ ਦੀ ਆਦੀ ਨਹੀਂ।

ਗੱਲ ਚੱਲ ਰਹੀ ਸੀ ਕਿ ਤੋਰ ਮਨੁੱਖ ਦੀ ਮਾਨਸਿਕ ਸੋਚਣੀ ਬਾਰੇ ਸੂਹ ਦਿੰਦੀ ਹੈ। ਮਨੋਵਿਗਿਆਨ ਵੀ ਇਹ ਦੱਸਦਾ ਹੈ ਕਿ ਮਨੁੱਖ ਦੇ ਮਨ ਅੰਦਰ ਜਿਹੋ ਜਿਹੇ ਵਿਚਾਰ ਪੈਦਾ ਹੁੰਦੇ ਹਨ, ਉਸ ਦੀ ਤੋਰ ਉਨ੍ਹਾਂ ਮੁਤਾਬਕ ਢਲ ਜਾਂਦੀ ਹੈ। ਗੱਲ ਨੂੰ ਹੋਰ ਸਪਸ਼ਟ ਕਰਦਿਆਂ ਮਾਨਸਿਕ ਉਤੇਜਨਤਾ ਕਾਰਨ ਆਇਆ ਪਰਿਵਰਤਨ ਤੁਰਨ ਦੇ ਅੰਦਾਜ਼ ਨੂੰ ਪ੍ਰਤੱਖ ਰੂਪ ਵਿੱਚ ਪ੍ਰਭਾਵਤ ਕਰਦਾ ਹੈ, ਜਿਵੇਂ ਖੁਸ਼ੀ ਦੀ ਹਾਲਤ ਵਿੱਚ ਪੈਰ ਖੂਬ ਉਠਦਾ ਹੈ ਅਤੇ ਗ਼ਮੀ ਦੀ ਹਾਲਤ ਵਿਚ ਪੈਰ ਘਸੀਟਣ ਤਕ ਨੌਬਤ ਆ ਜਾਂਦੀ ਹੈ। ਉੱਚੀ ਪਦਵੀ ਅਤੇ ਵਿਸ਼ੇਸ਼ ਯੋਗਤਾ ਦੀ ਝਲਕ ਸਬੰਧਤ ਵਿਅਕਤੀ ਦੀ ਤੋਰ ਵਿਚ ਵੇਖੀ ਜਾ ਸਕਦੀ ਹੈ।

ਕਸੂਰਵਾਰ ਹੋਣ ਦਾ ਅਹਿਸਾਸ ਵੀ ਤੌਰ 'ਤੇ ਦੁਰਪ੍ਰਭਾਵ ਪਾਉਂਦਾ ਹੈ। ਤਾਹੀਓਂ ਇਕ ਖਾਸ ਕਿਸਮ ਦੇ ਤੁਰਨ ਢੰਗ ਨੂੰ 'ਚੋਰ ਚਾਲ' ਕਿਹਾ ਜਾਂਦਾ ਹੈ। ਇਹ ਵੀ ਆਮ ਵਿਸ਼ਵਾਸ ਹੈ ਕਿ 'ਭੋਇੰ ਝਾਕਣੀ ਤੋਰ' ਤੁਰਨ ਵਾਲਾ ਵਿਅਕਤੀ ਕਪਟੀ ਹੁੰਦਾ ਹੈ, ਜਿਵੇਂ ਕੁਝ ਛਿਪਾ ਰਿਹਾ ਹੋਵੇ। ਸ਼ਾਇਦ ਸ਼ਰਮ ਕਾਰਨ ਮੂੰਹ ਉਪਰ ਚੁੱਕ ਕੇ ਉਹ ਦੁਨੀਆਂ ਦੀਆਂ ਅੱਖਾਂ ਵਿਚ ਝਾਕਣ ਤੋਂ ਝਿਜਕਦਾ ਹੈ। ਘੁਮੰਡੀ ਵਿਅਕਤੀ ਦੀ ਤੋਰ, ਉਸ ਦੀ ਬਿਮਾਰ ਸੋਚਣੀ ਅਤੇ ਖੁਦ ਪਸੰਦੀ ਦਾ ਖੁੱਲ੍ਹਾ ਮੁਜ਼ਾਹਰਾ ਕਰਦੀ ਹੈ। ਸਾਧਾਂ, ਸੰਤਾਂ ਤੇ ਜੋਗੀਆਂ ਦੀ ਆਪਣੀ ਵਿਲੱਖਣ ਤੋਰ ਹੁੰਦੀ ਹੈ। ਤਾਹੀਓਂ ਰਾਂਝੇ ਦੀ ਤੋਰ ਨੇ ਉਸ ਨੂੰ ਸ਼ੱਕ ਦੇ ਘੇਰੇ ਵਿਚ ਲਿਆ ਖੜ੍ਹਾ ਕੀਤਾ ਸੀ।

ਆਧੁਨਿਕ ਖੋਜਾਂ ਵੀ ਇਸ ਤੱਥ ਦੀ ਪੁਸ਼ਟੀ ਕਰਦੀਆਂ ਹਨ ਕਿ ਮਾਨਸਿਕ ਸੋਚਣੀ ਅਤੇ ਤੋਰ ਦਾ ਆਪਸ ਵਿਚ ਨੇੜਲਾ ਸਬੰਧ ਹੈ। ਮਨੋਵਿਗਿਆਨੀ ਨਿਕੋਲਸ ਟਰੋਜ ਦੀ ਦੇਖ ਰੇਖ ਹੇਠ ਕੀਤੇ ਖੋਜ ਦੇ ਕੰਮ ਤੋਂ ਇਹ ਤੱਥ ਸਾਹਮਣੇ ਆਇਆ ਹੈ ਕਿ ਵਿਅਕਤੀ ਦੀ ਮਨੋਦਸ਼ਾ ਜਾਂ ਮੂਡ ਉਸ ਦੀ ਤੋਰ ਨੂੰ ਕਾਫੀ ਪ੍ਰਭਾਵਤ ਕਰਦਾ ਹੈ। ਤੁਰਨ ਦੇ ਅੰਦਾਜ਼ ਤੋਂ ਕਿਸੇ ਵਿਅਕਤੀ ਦੀ ਮਾਨਸਿਕ ਦਸ਼ਾ ਬਾਰੇ ਆਸਾਨੀ ਨਾਲ ਪਤਾ ਲਾਇਆ ਜਾ ਸਕਦਾ ਹੈ। ਖੋਜ ਮੁਤਾਬਕ, ਜੋ ਲੋਕ ਤਣਾਅ ਤੋਂ ਪੀੜਤ ਹੁੰਦੇ ਹਨ, ਉਨ੍ਹਾਂ ਦੇ ਹੱਥਾਂ ਦੀਆਂ ਸਰਗਰਮੀਆਂ ਘੱਟ ਹੁੰਦੀਆਂ ਹਨ। ਉਥੇ ਜੋ ਲੋਕ ਚੜ੍ਹਦੀ ਕਲਾ ਜਾਂ ਰੰਗੇ ਮੂਡ 'ਚ ਹੁੰਦੇ ਹਨ, ਤੁਰਦੇ ਸਮੇਂ ਉਨ੍ਹਾਂ ਦੇ ਹੱਥਾਂ ਦੀਆਂ ਗਤੀਵਿਧੀਆਂ ਜ਼ਿਆਦਾ ਹੁੰਦੀਆਂ ਹਨ।



ਸਾਡੇ ਪੂਰਵਜ਼ ਵੀ ਕੋਈ ਘੱਟ ਖੋਜੀ ਨਹੀਂ ਸਨ। ਇੰਝ ਜਾਪਦਾ ਹੈ ਕਿ ਜਿਵੇਂ ਉਹ ਉਕਤ ਖੋਜ ਤੋਂ ਸਾਹਮਣੇ ਆਏ ਤੱਥਾਂ ਤੋਂ ਪਹਿਲਾਂ ਹੀ ਵਾਕਿਫ ਸਨ। ਉਨ੍ਹਾਂ ਨੂੰ ਇਸ ਗੱਲ ਦਾ ਗਿਆਨ ਸੀ ਕਿ ਜਦੋਂ ਮਨ 'ਤੇ ਗ਼ਮ ਦੇ ਬੱਦਲ ਛਾਏ ਹੋਣ ਤਾਂ ਮਾਯੂਸੀ ਦੀ ਹਾਲਤ ਵਿਚ ਤੋਰ ਬਲਹੀਣ ਤੇ ਬੇਜਾਨ ਹੋ ਜਾਂਦੀ ਹੈ ਅਤੇ ਕਦਮ ਅੱਗੇ ਵਧਾਉਣ ਨੂੰ ਜੀਅ ਨਹੀਂ ਕਰਦਾ :

**ਮਿੱਤਰਾ ਦਾ ਪਿੰਡ ਛੱਡ ਕੇ, ਮੇਰਾ ਪੈਰ ਪਿਛਾਂਹ ਨੂੰ ਜਾਵੇ।**

ਇਹ ਇਕ ਵਿਗਿਆਨਕ ਸੱਚਾਈ ਹੈ ਕਿ ਜਵਾਨੀ ਦੀ ਰਾਂਗਲੀ ਤਹਿਲੀਜ਼ 'ਤੇ ਪੈਰ ਧਰਨ ਉਪਰੰਤ ਮੁੰਡਿਆਂ ਤੇ ਕੁੜੀਆਂ ਵਿਚ ਆਪੋ ਆਪਣੇ ਲਿੰਗ ਹਾਰਮੋਨਜ਼ ਦੇ ਅਸਰ ਹੇਠ ਸਰੀਰਕ ਤੇ ਮਾਨਸਿਕ ਤਬਦੀਲੀਆਂ ਵਾਪਰਨ ਲੱਗਦੀਆਂ ਹਨ ਜਿਨ੍ਹਾਂ ਵਿਚ ਤੋਰ ਦਾ ਬਦਲਣਾ ਸ਼ਾਮਲ ਹੈ।

ਜਵਾਨੀ, ਜ਼ਿੰਦਗੀ ਦੇ ਪੈਂਡੇ ਦਾ ਇਕ ਹੁਸੀਨ ਤੁਰੀਨ ਪੜਾਅ ਹੈ ਅਤੇ ਤੋਰ ਦਾ ਖੂਬਸੂਰਤ ਰੂਪ ਵੀ ਇਸੇ ਉਮਰੇ ਵੇਖਣ ਨੂੰ ਮਿਲਦਾ ਹੈ। ਮਚਲਦੀ ਜਵਾਨੀ ਇਕ ਨਰੋਈ ਜੁੱਤੀ ਨੂੰ ਮਸਲ ਕੇ ਰੱਖ ਦਿੰਦੀ ਹੈ।

**ਜੁੱਤੀ ਖੱਲ ਦੀ ਮਰੋੜਾ ਨਹੀਂ ਝੱਲਦੀ, ਤੋਰ ਪੰਜਾਬਣ ਦੀ।**

ਇਸ ਤਰ੍ਹਾਂ ਦੀ ਜੋਸ਼ੀਲੀ ਤੋਰ, ਸਰੀਰਕ ਤੇ ਮਾਨਸਿਕ ਤੰਦਰੁਸਤੀ ਦਾ ਸਰਟੀਫਿਕੇਟ ਵੀ ਹੁੰਦੀ ਹੈ। ਜੀਵਨ ਦੇ ਹਰ ਦੌਰ ਵਿਚ ਸਰੀਰਕ ਤੇ ਮਾਨਸਿਕ ਕਾਰਨਾਂ ਕਰਕੇ ਤੋਰ ਵਿਚ ਸਮੇਂ ਸਮੇਂ ਸਿਰ ਪਰਿਵਰਤਨ ਆਉਂਦਾ ਰਹਿੰਦਾ ਹੈ। ਅਜਿਹਾ ਕੁਦਰਤ ਦਾ ਨਿਯਮ ਹੈ।

**ਮੋਬਾਈਲ ਨੰਬਰ-92178-45812**

# ਅਖੌਤੀ ਵਿਕਾਸ ਨਾਲ ਵੱਧ ਰਹੇ ਨੇ ਮਾਨਸਿਕ ਰੋਗੀ

**ਇੰਦਰਜੀਤ ਸਿੰਘ ਘੁੰਗਰਾਲੀ**

ਆਰਥਿਕ, ਪਰਿਵਾਰਕ ਤੇ ਸਮਾਜਿਕ ਕਾਰਨਾਂ ਕਰਕੇ ਅੱਜਕਲ੍ਹ ਬੇਸ਼ੁਮਾਰ ਲੋਕ ਮਾਨਸਿਕ ਰੋਗਾਂ ਦਾ ਸ਼ਿਕਾਰ ਹੋ ਰਹੇ ਹਨ। ਕਈ ਲੋਕ ਆਪਣੀ ਸਾਰੀ ਉਮਰ ਇਕ ਜਾਂ ਇਕ ਤੋਂ ਵੱਧ ਮਾਨਸਿਕ ਰੋਗਾਂ ਤੋਂ ਪੀੜ੍ਹਤ ਹੋ ਕੇ ਉਂਜ ਹੀ ਗੁਜ਼ਾਰ ਦਿੰਦੇ ਹਨ। ਉਹ ਇਹ ਮੰਨਣ ਨੂੰ ਤਿਆਰ ਹੀ ਨਹੀਂ ਹੁੰਦੇ ਕਿ ਉਨ੍ਹਾਂ ਨੂੰ ਕੋਈ ਮਾਨਸਿਕ ਰੋਗ ਹੈ ਤੇ ਨਾ ਹੀ ਉਹ ਆਪਣਾ ਮੁਆਇਨਾ ਕਿਸੇ ਮਾਹਿਰ ਡਾਕਟਰ ਕੋਲੋਂ ਕਰਵਾਉਂਦੇ ਹਨ। ਇਲਾਜ ਤਾਂ ਉਨ੍ਹਾਂ ਨੇ ਕੀ ਕਰਵਾਉਣਾ ਹੋਇਆ? ਇਹ ਉਨ੍ਹਾਂ ਲੋਕਾਂ ਦੀ ਗੱਲ ਹੈ, ਜਿਹੜੇ ਧਨ ਖਰਚ ਕਰਕੇ ਆਪਣਾ ਇਲਾਜ ਕਰਵਾ ਸਕਦੇ ਹਨ ਤੇ ਕਾਊਂਸਲਿੰਗ ਦੀ ਸਹੂਲਤ ਵੀ ਲੈ ਸਕਦੇ ਹਨ। ਜਿਨ੍ਹਾਂ ਲੋਕਾਂ ਕੋਲ ਢਿੱਡ ਭਰ ਕੇ ਰੋਟੀ ਖਾਣ ਲਈ, ਤਨ ਢੱਕਣ ਲਈ ਕੱਪੜੇ, ਹੋਰ ਬੁਨਿਆਦੀ ਸਹੂਲਤਾਂ ਖਰੀਦਣ ਲਈ ਧਨ ਹੀ ਨਹੀਂ ਹੁੰਦਾ, ਉਹ ਨਾ ਤਾਂ ਆਪਣੇ ਸਰੀਰਕ ਰੋਗਾਂ ਦਾ ਸਹੀ ਇਲਾਜ ਕਰਵਾ ਸਕਦੇ ਹਨ ਤੇ ਨਾ ਹੀ ਮਾਨਸਿਕ ਰੋਗਾਂ ਦਾ।

ਜਿਵੇਂ-ਜਿਵੇਂ ਸਾਡਾ ਮੁਲਕ ਵਿਕਸਿਤ ਹੁੰਦਾ ਜਾ ਰਿਹਾ ਹੈ, ਉਵੇਂ-ਉਵੇਂ ਇਥੇ ਵੱਡੀ ਗਿਣਤੀ ਵਿਚ ਲੋਕ ਮਾਨਸਿਕ ਰੋਗਾਂ ਤੋਂ ਪੀੜ੍ਹਤ ਹੋ ਰਹੇ ਹਨ। ਇਨ੍ਹਾਂ 'ਚ ਜ਼ਿਆਦਾ ਗਿਣਤੀ ਨੌਜਵਾਨ ਵਰਗ ਦੇ ਲੋਕਾਂ ਦੀ ਹੈ ਕਿਉਂਕਿ ਇਸ ਵਰਗ ਦੇ ਲੋਕਾਂ ਸਾਹਮਣੇ ਉਚੀ ਸਿੱਖਿਆ ਹਾਸਲ ਕਰਨ ਤੋਂ ਬਾਅਦ ਢੁਕਵੇਂ ਰੁਜ਼ਗਾਰ 'ਤੇ ਨੌਕਰੀਆਂ ਹਾਸਲ ਕਰਨ ਦੀ ਚੁਣੌਤੀ ਹੁੰਦੀ ਹੈ। ਮੁਕਾਬਲੇਬਾਜ਼ੀ, ਹਫੜਾ ਦਫੜੀ ਦਾ ਇਹ ਯੁੱਗ ਮਾਨਸਿਕ ਬੀਮਾਰੀਆਂ ਦਾ ਯੁੱਗ ਸਿੱਧ ਹੋ ਰਿਹਾ ਹੈ। ਜ਼ਿੰਦਗੀ ਨੂੰ ਸੁਖਾਵਾਂ ਤੇ ਬਿਹਤਰ ਬਣਾਉਣ ਲਈ ਚੁਣੌਤੀ ਸਮੱਸਿਆ ਦਾ ਰੂਪ ਧਾਰਨ ਕਰਦੀ ਜਾ ਰਹੀ ਹੈ। ਘੱਟ ਪੜ੍ਹੇ-ਲਿਖੇ, ਤਕਨੀਕੀ ਸਿੱਖਿਆ ਪ੍ਰਾਪਤ ਛੋਟੇ-ਛੋਟੇ ਕਾਰੋਬਾਰ ਕਰਨ ਵਾਲਿਆਂ ਨੂੰ ਵੀ ਇਸ ਚੁਣੌਤੀ ਬਨਾਮ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਸ਼ਿਜ਼ੋਫਿਰੇਨੀਆ, ਮੈਂਟਲ ਡਿਸਆਰਡਰ, ਡਿਪ੍ਰੈਸ਼ਨ, ਇਨਸੋਮਨੀਆਂ, ਡਰ ਲੱਗਣਾ, ਚਿੜਚਿੜਾਪਨ, ਝੱਟ ਗੁੱਸੇ 'ਚ ਆ ਜਾਣਾ ਤੇ ਇਕਦਮ ਸ਼ਾਂਤ ਹੋ ਜਾਣਾ। ਉਦਾਸ ਤੇ ਚੁੱਪ ਚੁੱਪ ਰਹਿਣਾ, ਇਕੱਲੇ ਰਹਿਣਾ ਪਸੰਦ ਕਰਨਾ ਆਦਿ ਬੇਸ਼ੁਮਾਰ ਮਾਨਸਿਕ ਰੋਗ ਹਨ, ਜਿਨ੍ਹਾਂ ਦਾ ਇਲਾਜ ਫੌਰੀ ਤੌਰ 'ਤੇ ਹੋਣਾ ਬੇਹੱਦ ਜ਼ਰੂਰੀ ਹੁੰਦਾ ਹੈ। ਕਤਲ ਕਰਨਾ, ਖੁਦਕੁਸ਼ੀ ਕਰਨੀ, ਜਬਰ ਜਨਾਹ ਕਰਨਾ, ਸਾੜਾ, ਈਰਖਾ ਕਰਨੀ, ਇਥੋਂ ਤੱਕ ਕਿ ਭ੍ਰਿਸ਼ਟਾਚਾਰ ਤੇ ਹੋਰ ਨਜਾਇਜ਼ ਢੰਗਾਂ ਨਾਲ ਦੌਲਤ ਇਕੱਠੀ ਕਰਨੀ ਵੀ ਮਾਨਸਿਕ ਰੋਗਾਂ ਕਾਰਨ ਹੀ ਹੁੰਦਾ ਹੈ। ਇਸ ਬਾਰੇ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਤੇ ਮਨੋਵਿਗਿਆਨੀਆਂ ਨੂੰ ਹੋਰ ਖੋਜ ਕਰਨ ਦੀ ਲੋੜ ਹੈ। ਇਹ ਗੱਲ ਤਾਂ ਸਿੱਧ ਹੋ ਚੁੱਕੀ ਹੈ ਕਿ ਅਸ਼ਾਂਤ ਚਿੱਤ ਲੋਕ ਅਤੇ ਮਾਨਸਿਕ ਵਿਕਾਰਾਂ ਤੋਂ ਪੀੜ੍ਹਤ ਲੋਕ ਜਾਇਜ਼ ਜਾਂ ਨਜਾਇਜ਼ ਢੰਗਾਂ ਨਾਲ ਦੌਲਤ ਇਕੱਠੀ ਕਰਨ 'ਚ ਦਿਨ ਰਾਤ ਲੱਗੇ ਰਹਿੰਦੇ ਹਨ। ਉਹ ਕਦੇ ਸੰਤੁਸ਼ਟ ਨਹੀਂ ਹੁੰਦੇ ਤੇ ਮਾਨਸਿਕ ਸਕੂਨ, ਚੈਨ ਉਨ੍ਹਾਂ ਤੋਂ ਕੋਹਾਂ ਦੂਰ ਰਹਿੰਦਾ ਹੈ।

ਵਿਕਸਿਤ ਮੁਲਕਾਂ ਦੇ ਮੁਕਾਬਲੇ ਸਾਡੇ ਮੁਲਕ ਵਿਚ ਮਾਨਸਿਕ ਰੋਗਾਂ ਦੇ ਮਾਹਿਰ ਡਾਕਟਰਾਂ ਦੀ, ਮਨੋਵਿਗਿਆਨੀਆਂ ਅਤੇ ਨਿਊਰੋ ਸਰਜਨ ਡਾਕਟਰਾਂ ਦੀ ਬੇਹੱਦ ਕਮੀ ਹੈ। ਬਹੁਤ ਘੱਟ ਸਰਕਾਰੀ ਹਸਪਤਾਲਾਂ ਵਿਚ ਇਨ੍ਹਾਂ ਮਾਹਿਰਾਂ ਦੀ ਨਿਯੁਕਤੀ ਕੀਤੀ ਗਈ ਹੈ। ਦਿਮਾਗ਼ 'ਚ ਟਿਊਮਰ, ਟੀ.ਬੀ. ਹੋਣਾ, ਕੈਂਸਰ ਆਦਿ ਭਿਆਨਕ ਬੀਮਾਰੀਆਂ ਹੁੰਦੀਆਂ ਹਨ। ਇਨ੍ਹਾਂ ਦਾ ਇਲਾਜ, ਆਪ੍ਰੇਸ਼ਨ ਆਦਿ ਨਿਊਰੋਸਰਜਨ ਹੀ ਕਰ ਸਕਦੇ ਹਨ। ਪ੍ਰਾਈਵੇਟ ਹਸਪਤਾਲਾਂ 'ਚ ਮਹਿੰਗਾ ਇਲਾਜ ਤੇ ਆਪ੍ਰੇਸ਼ਨ ਹਰੇਕ ਨਾਗਰਿਕ ਨਹੀਂ ਕਰਵਾ ਸਕਦਾ। ਨਤੀਜਨ ਕਈ ਪੀੜਤ ਲੋਕ ਅਣਿਆਈ ਮੌਤ ਮਰ ਜਾਂਦੇ ਹਨ।

ਸਰਕਾਰੀ ਅਤੇ ਗੈਰ ਸਰਕਾਰੀ ਸੰਗਠਨਾਂ, ਮਹਿਕਮਿਆਂ ਨੂੰ ਸਮੇਂ-ਸਮੇਂ ਸਿਰ ਬਾਕੀ ਆਯੋਜਿਤ ਕੀਤੇ ਜਾਂਦੇ ਮੈਡੀਕਲ ਕੈਂਪਸ ਵਾਂਗ ਹੀ ਮਾਨਸਿਕ ਰੋਗਾਂ ਤੋਂ ਪੀੜ੍ਹਤ ਲੋਕਾਂ ਦੇ ਮੁਫ਼ਤ ਇਲਾਜ ਜਾਂ ਸਸਤੇ ਇਲਾਜ ਲਈ ਮਾਨਸਿਕ ਸਿਹਤ ਸਹੂਲਤਾਂ ਕੈਂਪ ਜ਼ਰੂਰ ਲਾਉਣੇ ਚਾਹੀਦੇ ਹਨ। ਇਹੋ ਜਿਹੇ ਕੈਂਪਸ ਅੱਜ ਸਮੇਂ ਦੀ ਲੋੜ ਹਨ।

ਪੰਜਾਬ ਤੇ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਹਰ ਵੱਡੇ ਸਰਕਾਰੀ ਹਸਪਤਾਲ 'ਚ ਮਾਨਸਿਕ ਰੋਗਾਂ ਦੇ ਮਾਹਿਰ ਤੇ ਨਿਊਰੋ ਸਰਜਨ ਡਾਕਟਰਾਂ ਦੀ ਨਿਯੁਕਤੀ ਕਰੇ। ਮਾਨਸਿਕ ਸਿਹਤ ਸਹੂਲਤਾਂ ਹਾਸਲ ਕਰਨਾ ਵੀ ਹਰੇਕ ਦਾ ਬੁਨਿਆਦੀ ਹੱਕ ਹੈ।

● ● ●

**ਮੌਕੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਲੱਭਣਾ ਚਾਹੀਦਾ ਹੈ।**

# ਹੋਰ ਦੇਸੀ ਮਹੀਨਿਆਂ ਦਾ ਮਹੱਤਵ

ਜਰਨੈਲ ਸਿੰਘ ਮੱਖਣ
ਫ਼ੋਨ - 94174-03359

ਦੇਸੀ ਕੈਲੰਡਰ ਦੇ ਸਾਰੇ ਹੀ ਮਹੀਨੇ ਅਤੇ ਉਨ੍ਹਾਂ ਮਹੀਨਿਆਂ ਦੌਰਾਨ ਮਨਾਏ ਜਾਣ ਵਾਲੇ ਤਿਉਹਾਰਾਂ ਦਾ ਸਾਡੇ ਜੀਵਨ ਵਿੱਚ ਬਹੁਤ ਮਹੱਤਵ ਹੈ। ਇਹ ਵੱਖਰੀ ਗੱਲ ਹੈ ਕਿ ਪੰਜਾਬ ਦੇ ਲੋਕਾਂ ਅੰਦਰ ਮਹੀਨਾ ਵਿਸਾਖ ਵਿਸਾਖੀ ਦੇ ਤਿਉਹਾਰ ਅਤੇ ਹਾੜ੍ਹੀ ਦੀ ਫਸਲ ਕਾਰਨ ਬਹੁਤ ਜ਼ਿਆਦਾ ਮਹੱਤਵ ਰੱਖਦਾ ਹੈ। ਇਸੇ ਤਰ੍ਹਾਂ ਸਾਉਣ ਦਾ ਮਹੀਨਾ ਬਰਸਾਤਾਂ ਕਾਰਨ ਗਰਮੀ ਤੋਂ ਰਾਹਤ ਦੇਣ, ਖੇਤਾਂ ਵਿੱਚ ਹਰ ਪਾਸੇ ਹਰਿਆਲੀ ਛਾ ਜਾਣ ਕਾਰਨ ਅਤੇ ਤੀਆਂ ਦੇ ਤਿਉਹਾਰ ਕਾਰਨ ਵੱਡੇ ਮਹੱਤਵ ਦਾ ਮਾਲਕ ਹੈ। ਇਸੇ ਲਈ ਇਨ੍ਹਾਂ ਦੋਹਾਂ ਮਹੀਨਿਆਂ ਦਾ ਜ਼ਿਕਰ ਵੱਖਰੇ ਲੇਖ ਲਿਖ ਕੇ ਕੀਤਾ ਗਿਆ ਹੈ। ਇਸ ਤੋਂ ਇਲਾਵਾ ਅੱਸੂ ਦਾ ਮਹੀਨਾ ਸਾਉਣੀ ਦੀ ਫ਼ਸਲ ਘਰ ਆਉਣ ਅਤੇ ਦੁਸਹਿਰੇ ਦੇ ਤਿਉਹਾਰ ਕਾਰਨ ਪੰਜਾਬ ਦੇ ਲੋਕਾਂ ਅੰਦਰ ਵਿਸ਼ੇਸ਼ ਮਹੱਤਵ ਰੱਖਦਾ ਹੈ। ਇਸ ਦਾ ਜ਼ਿਕਰ ਇਸੇ ਲੇਖ ਅੰਦਰ ਅੱਗੇ ਚੱਲ ਕੇ ਕੀਤਾ ਜਾਵੇਗਾ। ਇਸੇ ਤਰ੍ਹਾਂ ਬਾਕੀ ਦੇਸੀ ਮਹੀਨਿਆਂ ਬਾਰੇ ਵੀ ਇਸ ਲੇਖ ਵਿੱਚ ਸੰਖੇਪ ਜ਼ਿਕਰ ਕੀਤਾ ਜਾ ਰਿਹਾ ਹੈ।

ਗੱਲ ਸ਼ੁਰੂ ਕਰਦੇ ਹਾਂ ਮਹੀਨੇ ਚੇਤਰ ਤੋਂ। ਇਹ ਮਹੀਨਾ ਦੇਸੀ ਸਾਲ ਦਾ ਪਹਿਲਾ ਮਹੀਨਾ ਮੰਨਿਆ ਜਾਂਦਾ ਹੈ। ਇਹ ਮਹੀਨਾ ਅਤਿ ਠੰਡੇ ਅਤੇ ਅਤਿ ਗਰਮ ਦੋ ਮੌਸਮਾਂ ਦਾ ਬਹੁਤ ਵਧੀਆ ਅਤੇ ਖੁਸ਼ਗਵਾਰ ਸੰਤੁਲਨ ਹੈ। ਇਸ ਮਹੀਨੇ ਫੁੱਲ ਬੂਟੇ ਭਰ ਜੋਬਨ ਵਿੱਚ ਹੁੰਦੇ ਹਨ ਅਤੇ ਹਰ ਪਾਸੇ ਫੁੱਲਾਂ ਦੀਆਂ ਮਹਿਕਾਂ, ਖੁਸ਼ਬੂਆਂ ਬੰਦੇ ਦੇ ਤਨ ਮਨ ਨੂੰ ਨਸ਼ਿਆ ਦਿੰਦੀਆਂ ਹਨ। ਤਨੋਂ ਮਨੋਂ ਖੀਵਾ ਹੋਇਆ ਬੰਦਾ ਝੂਮ ਉਠਦਾ ਹੈ। ਅੰਬਾਂ ਦੀਆਂ ਟਾਹਣੀਆਂ ਤੇ ਬੂਰ ਪੈ ਜਾਂਦਾ ਹੈ ਤੇ ਕੋਇਲ ਦੀ ਮਿੱਠੀ ਪਿਆਰੀ ਕੂ ਕੂ ਦੀ ਅਵਾਜ਼ ਮਨੁੱਖ ਦੇ ਕੰਨਾਂ ਵਿੱਚ ਅਗੰਮੀ ਰਸ ਘੋਲਦੀ ਪ੍ਰਤੀਤ ਹੁੰਦੀ ਹੈ। ਚੇਤ ਦੇ ਮਹੀਨੇ ਹੀ ਕਣਕਾਂ ਦਾ ਰੰਗ ਵੀ ਪੀਲਾ ਪੈ ਜਾਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਆਖਿਆ ਗਿਆ ਹੈ—

**ਚੇਤ ਮਹੀਨਾ ਚੜ੍ਹਦਾ ਹੈ, ਕਣਕੀਂ ਸੋਨਾ ਮੜ੍ਹਦਾ ਹੈ...**

ਚੇਤਰ ਦਾ ਮਹੀਨਾ ਮਨੁੱਖ ਨੂੰ ਇਹ ਅਹਿਸਾਸ ਵੀ ਕਰਵਾਉਂਦਾ ਹੈ ਕਿ ਉਸ ਦਾ ਇੱਕ ਹੋਰ ਸਾਲ ਬੀਤੇ ਦਾ ਹਿੱਸਾ ਬਣ ਗਿਆ ਹੈ। ਅੰਮ੍ਰਿਤਾ ਪ੍ਰੀਤਮ ਪ੍ਰਸਿੱਧ ਪੰਜਾਬੀ ਕਵਿੱਤਰੀ ਨੇ ਆਪਣੀ ਕਵਿਤਾ ਚੇਤਰ ਵਿੱਚ ਇਸ ਦਾ ਜ਼ਿਕਰ ਇਸ ਤਰ੍ਹਾਂ ਕੀਤਾ ਹੈ—

**ਅੱਜ ਬੇਲੇ ਵਗਦੀ ਪੌਣ ਵੇ,**
**ਖੂਹ ਦੀਆਂ ਟਿੰਡਾਂ ਵਾਕਰਾਂ,**
**ਪਏ ਸਾਲ ਮਹੀਨੇ ਭੌਣ ਵੇ**
**ਅੱਜ ਚੇਤਰ ਚੜ੍ਹਿਆ।**
..........
**ਅੱਜ ਮੌਲੇ ਪੱਤਰ ਟਾਹਣ ਵੇ**
**ਉਮਰਾਂ ਦੀ ਇਸ ਚਰਖੀ ਉੱਤੇ**
**ਗੇੜੇ ਗਿੜਦੇ ਜਾਣ ਵੇ**
**ਅੱਜ ਚੇਤਰ ਚੜ੍ਹਿਆ।**

ਚੇਤ ਮਹੀਨਾ ਬਸੰਤ ਰੁੱਤ ਦਾ ਮਹੀਨਾ ਹੁੰਦਾ ਹੈ। ਕੁਦਰਤ ਪ੍ਰੇਮੀ ਕਾਦਰ ਦੇ ਰੰਗ ਵਿੱਚ ਧੁਰ ਅੰਦਰ ਤੱਕ ਖੀਵੇ ਹੋਏ ਹੁੰਦੇ ਹਨ। ਅਜਿਹੇ ਮਨ ਮਾਫਕ ਮੌਸਮ ਵਿੱਚ ਦੋ ਹਮਰਾਜ਼, ਹਮਜੋਲੀਆਂ ਅਤੇ ਪ੍ਰੇਮੀਆਂ ਨੂੰ ਇੱਕ ਦੂਜੇ ਦੀ ਯਾਦ ਆਉਣੀ ਸੁਭਾਵਕ ਹੈ। ਦੋਹਾਂ ਦੇ ਨਾ ਮਿਲ ਸਕਣ ਦੀ ਸੂਰਤ ਵਿੱਚ ਦੋਹਾਂ ਦਾ ਵਿਛੋੜਾ ਜ਼ਿਆਦਾ ਦੁੱਖਦਾਈ ਮਹਿਸੂਸ ਹੁੰਦਾ ਹੈ। ਅਜਿਹੀ ਹਾਲਤ ਵਿੱਚ ਬਿਰਹਣ ਆਪਣੇ ਪਿਆਰੇ ਨੂੰ ਸੁਆਲ ਕਰਦੀ ਪੁੱਛਦੀ ਹੈ—

**ਕਿੱਥੇ ਸਉ ਜਦ ਸਾਹ ਵਿੱਚ ਚੰਬਾ**
**ਚੇਤਰ ਬੀਜਣ ਆਏ**
**ਮੇਰੇ ਰਾਮ ਜੀਉ।**
**ਤੁਸੀਂ ਕਿਹੜੀ ਰੁੱਤੇ ਆਏ**
**ਮੇਰੇ ਰਾਮ ਜੀਉ।(ਸ਼ਿਵ ਕੁਮਾਰ ਬਟਾਲਵੀ)**

ਇਸੇ ਤਰ੍ਹਾਂ ਬਾਬੂ ਫਿਰੋਜ਼ਦੀਨ ਸ਼ਰਫ਼ ਨੇ ਵੀ ਵਿਛੋੜੇ ਦੀ ਬੇਚੈਨੀ ਦਾ ਜ਼ਿਕਰ ਕੀਤਾ ਹੈ—

**ਚੇਤਰ ਚੈਨ ਨਾ ਆਵੇ ਦਿਲ ਨੂੰ, ਤੇਰੇ ਬਾਝ ਪਿਆਰੇ ਜੀ।**
**ਮੈਂ ਹਾਂ ਤੇਰੇ ਦਰ ਦੀ ਬਰਦੀ, ਮੱਲੇ ਤੇਰੇ ਦੁਆਰੇ ਜੀ।**
**ਤੇਰੇ ਬਾਝੋਂ ਡੁੱਬਦੀ ਬੇੜੀ, ਕਿਹੜਾ ਮੇਰੀ ਤਾਰੇ ਜੀ।**
**ਸ਼ਰਫ਼ ਬੰਦੀ ਦੀ ਆਸ ਪੁਜਾਈਂ, ਦੇਵੀਂ ਝੱਬ ਦੀਦਾਰੇ ਜੀ।**

ਵਿਛੋੜੇ ਦੇ ਸੱਲ ਨੂੰ ਚੇਤਰ ਮਹੀਨੇ ਵਿੱਚ ਮਹਿਸੂਸ ਕਰਦੀ ਹੋਈ ਪੰਜਾਬਣ ਮੁਟਿਆਰ ਆਪਣੇ ਹਾਣੀ ਨੂੰ ਛੱਡ ਕੇ ਨਾ ਜਾਣ ਲਈ 'ਚੇਤਰ ਨਾ ਜਾਈਂ ਚੰਨਾ ਖਿੜੀ ਬਹਾਰ ਵੇ' ਆਖ ਕੇ ਪ੍ਰੇਰਦੀ ਹੈ। ਪਰ ਜੇਕਰ ਵਿਛੋੜਾ ਪਿਆ ਹੋਇਆ ਹੈ ਤਾਂ ਦਿਲ ਦੇ ਵਲਵਲੇ ਇੰਝ ਪ੍ਰਗਟ ਕਰਦੀ ਹੈ—

**ਚੜ੍ਹਿਆ ਮਹੀਨਾ ਚੇਤ ਦਿਲਾਂ ਦੇ ਭੇਤ ਕੋਈ ਨਹੀਂ ਜਾਣਦਾ**
**ਉਹ ਗਿਆ ਪਰਦੇਸ ਜੋ ਸਾਡੇ ਹਾਣ ਦਾ...**

ਇਸ ਤਰ੍ਹਾਂ ਚੇਤ ਦਾ ਮਹੀਨਾ ਸਾਲ ਦਾ ਸ਼ੁਰੂਆਤੀ ਮਹੀਨਾ ਹੋਣ ਅਤੇ ਬਸੰਤ ਰੁੱਤ ਦਾ ਮਹੀਨਾ ਹੋਣ ਅਤੇ ਫਸਲਾਂ ਦੇ ਪੱਕਣ ਦਾ ਮਹੀਨਾ ਹੋਣ ਕਾਰਨ ਵਿਸ਼ੇਸ਼ ਮਹੱਤਵ ਰੱਖਦਾ ਹੈ।

**ਵਿਸਾਖ** ਦੇ ਮਹੀਨੇ ਬਾਰੇ ਇੱਕ ਵੱਖਰਾ ਲੇਖ ਲਿਖਿਆ ਜਾ ਚੁੱਕਾ ਹੈ।

**ਜੇਠ ਹਾੜ** ਦਾ ਮਹੀਨਾ ਕੜਾਕੇ ਦੀ ਗਰਮੀ ਦੇ ਦੋ ਮਹੀਨਿਆਂ ਵਿਚੋਂ ਪਹਿਲਾ ਅਤੇ ਦੂਜਾ ਉਂਝ ਦੇਸੀ ਕੈਲੰਡਰ ਦਾ ਤੀਜਾ ਤੇ ਚੌਥਾ ਮਹੀਨਾ ਹੁੰਦਾ ਹੈ। ਗਰਮੀ ਦੀ ਰੁੱਤ ਨੂੰ ਇਨ੍ਹਾਂ ਮਹੀਨਿਆਂ ਦੇ ਨਾਂਅ ਕਾਰਨ ਹੀ ਸੰਕੇਤਕ ਤੌਰ ਤੇ ਜੇਠ ਹਾੜ੍ਹ ਆਖ ਦਿੱਤਾ ਜਾਂਦਾ ਹੈ। ਇਸ ਮਹੀਨੇ ਦੀ ਗਰਮੀ ਨੂੰ ਦੇਖਦਿਆਂ ਹੀ ਆਖਿਆ ਗਿਆ ਹੈ –

**ਜੇਠ ਚੱਲਣ ਲੂੰਆਂ, ਪਾਣੀ ਸੁਕਿਆ ਖੂਹਾਂ...**

ਜੇਠ ਮਹੀਨੇ ਦੀ ਗਰਮੀ ਨੂੰ ਦੇਖਦਿਆਂ ਹੀ ਕਹਾਵਤ ਬਣੀ ਕਿ 'ਜੇਠ ਹਾੜ ਕੁੱਖੀਂ, ਸਾਉਣ ਭਾਦੋਂ ਰੁੱਖੀਂ'। ਭਾਵ ਅਰਥ ਹੈ ਕਿ ਜੇਠ ਹਾੜ ਦੀ ਗਰਮੀ ਤੋਂ ਬਚਣ ਲਈ ਘਰਾਂ ਦੇ ਅੰਦਰ ਰਹਿਣਾ ਹੀ ਚੰਗਾ ਹੈ ਅਤੇ ਸਾਵਣ ਭਾਦੋਂ ਦੇ ਮੀਹਾਂ ਕਾਰਨ ਹੁੰਮਸ ਤੋਂ ਬਚਣ ਲਈ ਰੁੱਖਾਂ ਹੇਠ ਬੈਠਣਾ ਚਾਹੀਦਾ ਹੈ। ਇਹ ਗੱਲ ਵੱਖਰੀ ਹੈ ਕਿ ਵਿਗਿਆਨ ਅਤੇ ਤਕਨਾਲੋਜੀ ਕਾਰਨ ਅੱਜ ਕੱਲ੍ਹ ਅਜਿਹੇ ਉਪਕਰਨ ਮੌਜੂਦ ਹਨ ਕਿ ਤੁਸੀਂ ਘਰਾਂ ਦੇ ਅੰਦਰ ਬੈਠ ਕੇ ਹੁੰਮਸ ਤੋਂ ਬਚਾਓ ਕਰ ਸਕਦੇ ਹੋ। ਇਸ ਲਈ ਹੁਣ ਅਜਿਹੀਆਂ ਕਹਾਵਤਾਂ ਬੇ-ਮਾਅਨੀਆਂ ਹੋ ਗਈਆਂ ਹਨ। ਪਰ ਪੰਜਾਬੀਆਂ ਦੀ ਆਰਥਿਕ ਤੰਗੀਆਂ ਤੋਂ ਬਚਣ ਲਈ ਪਰਦੇਸ ਜਾਣ ਦੀ ਲਿਲ੍ਹਕ ਨੂੰ ਪੰਜਾਬਣ ਮੁਟਿਆਰ ਜਾਣਦੀ ਹੈ। ਉਹ ਵਿਛੋੜੇ

ਦੇ ਸੱਲ ਤੋਂ ਬਚਣ ਲਈ ਆਪਣੇ ਮਾਹੀ ਨੂੰ ਜੇਠ ਮਹੀਨੇ ਦੀਆਂ ਧੁੱਪਾਂ ਦਾ ਵਾਸਤਾ ਪਾਉਂਦੀ ਹੋਈ ਪ੍ਰੇਰਦੀ ਹੋਈ ਆਖਦੀ ਹੈ—

**ਜੇਠ ਹਾੜ ਦੀਆਂ ਧੁੱਪਾਂ ਵੇ ਚੰਨਾ, ਏਥੇ ਪੈਣ ਬਲਾਈਂ,**

**ਵੇ ਲਾਲ ਦੰਮਾਂ ਦਿਆ ਲੋਭੀਆ, ਪਰਦੇਸ ਨਾ ਜਾਈਂ।**

**ਮੈਂ ਕੱਤੂੰਗੀ ਨਿੱਕੜਾ, ਵੇ ਤੂੰ ਬਹਿ ਕੇ ਖਾਈਂ...**

ਪਰ ਗਭਰੂ ਜੋ ਕਿ ਪਰਦੇਸ ਜਾਣ ਲਈ ਬਜ਼ਿਦ ਹੈ ਅਤੇ ਉਸ ਦੀ ਗੱਲ ਨੂੰ ਇਨ੍ਹਾਂ ਸ਼ਬਦਾਂ ਨਾਲ ਕੱਟਦਾ ਹੈ—

**ਨਾਰਾਂ ਦੀ ਖੱਟੀ ਵਿੱਚ ਕੋਈ ਬਰਕਤ ਨਾਹੀਂ ਨੀ ਲਾਜੋ ਮੇਰੀਏ**

**ਨੀ ਗੋਰੀਏ ਮਰਦਾਂ ਦੀ ਖੱਟੀ, ਚੂੜੇ ਛਣਕਣ ਬਾਹੀਂ ਨੀ ਲਾਜੋ ਮੇਰੀਏ...**

ਦੇਸੀ ਮਹੀਨਿਆਂ ਦੇ ਇਨ੍ਹਾਂ ਮਹੀਨਿਆਂ ਦੇ ਫਲਾਂ ਬਾਰੇ ਵੀ ਸਾਡੀਆਂ ਪੰਜਾਬੀ ਬੋਲੀਆਂ ਵਿੱਚ ਬਾ-ਖੂਬੀ ਜ਼ਿਕਰ ਹੈ—

**ਜੇਠ ਹਾੜ ਵਿੱਚ ਅੰਬ ਬਥੇਰੇ, ਸੌਣ ਜਾਮਨੂੰ ਪੀਲਾਂ**

**ਰਾਂਝਿਆ ਆ ਜਾ ਵੇ ਪਾ ਕੇ ਪਟਾਰੀ ਵਿੱਚ ਕੀਲਾਂ...**

ਭਾਵੇਂ ਜੇਠ ਦੇ ਮਹੀਨੇ ਵਿੱਚ ਧਰਤੀ ਭੱਠ ਵਾਂਗ ਤਪ ਰਹੀ ਹੁੰਦੀ ਹੈ ਪਰ ਇਸ ਦੇ ਬਾਵਜੂਦ ਪੰਜਾਬੀ ਜਨ ਮਾਨਸ ਇਸ ਮਹੀਨੇ ਤਪਸ਼ ਤੋਂ ਰਾਹਤ ਵਾਸਤੇ ਮੀਂਹ ਨਹੀਂ ਮੰਗਦਾ ਸੀ। ਇਸ ਦਾ ਕਾਰਨ ਇਹ ਹੋ ਸਕਦਾ ਹੈ ਕਿ ਖੇਤੀਬਾੜੀ ਦਾ ਸਾਰਾ ਦਾਰੋਮਦਾਰ ਹੱਥੀਂ ਮਿਹਨਤ ਅਤੇ ਪਸ਼ੂਆਂ ਤੇ ਨਿਰਭਰ ਕਰਦਾ ਸੀ। ਯੁਗ ਤਕਨਾਲੋਜੀ ਦਾ ਹੈ ਨਹੀਂ ਸੀ ਅਤੇ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਖੇਤੀਬਾੜੀ ਹੀ ਸੀ। ਅਜਿਹੇ ਵਿੱਚ ਹਾੜੀ ਦੀ ਫਸਲ ਨਜਿੱਠਣ ਲਈ ਜੇਠ ਦੇ ਅਖੀਰ ਤੱਕ ਦਾ ਸਮਾਂ ਲੱਗ ਜਾਂਦਾ ਸੀ। ਇਸ ਗੱਲ ਨੂੰ ਪੰਜਾਬੀ ਦੇ ਸਿਰਮੌਰ ਕਵੀ ਵਾਰਿਸ ਸ਼ਾਹ ਵੀ ਬਾ-ਖੂਬੀ ਜਾਣਦੇ ਸਨ—

**ਜੇਠ ਮੀਂਹ ਤੇ ਸਿਆਲ ਨੂੰ ਵਾਉ ਮੰਦੀ,**

**ਕੱਤਕ ਮਾਘ ਵਿੱਚ ਮਨ੍ਹਾਂ ਹਨੇਰੀਆਂ ਨੀ...**

ਹਾੜ ਦੇ ਮਹੀਨੇ ਦੀ ਗਰਮੀ ਦਾ ਏਨਾ ਕਹਿਰ ਹੁੰਦਾ ਹੈ ਕਿ ਹਰ ਜੀਵ ਜੰਤੂ, ਪਸ਼ੂ ਪਰਿੰਦਾ ਰੁੱਖਾਂ ਦੀ ਛਾਂ ਭਾਲਦਾ। ਬੀਂਡੇ ਅਤੇ ਹੋਰ ਕੀਟ ਪਤੰਗੇ ਵੀ ਰੁੱਖਾਂ ਦੀ ਛਾਂ ਹੇਠ ਦੁਪਹਿਰ ਵੇਲੇ ਗਰਮੀ ਦੇ ਸਤਾਏ ਹੋਏ ਭਾਂਤ-ਭਾਂਤ ਦੀਆਂ ਅਵਾਜ਼ਾਂ ਕੱਢਦੇ। 'ਹਾੜ ਬੋਲਦਾ' ਮੁਹਾਵਰੇ ਦੀਆਂ ਜੜ੍ਹਾਂ ਸ਼ਾਇਦ ਇਨ੍ਹਾਂ ਅਵਾਜ਼ਾਂ ਵਿੱਚ ਹੀ ਹੋਣ। ਹਾੜ ਦੀ ਗਰਮੀ ਕਾਰਨ ਹੀ ਇੱਕ ਹੋਰ ਮੁਹਾਵਰਾ 'ਹਾੜ ਕੱਢਾਵੇ ਹਾੜੇ' ਵੀ ਪ੍ਰਚਿੱਲਤ ਹੈ। ਸ਼ਿਵ ਕੁਮਾਰ ਬਟਾਲਵੀ ਨੇ ਵੀ ਆਪਣੀ ਪ੍ਰਸਿੱਧ ਰਚਨਾ ਵਿੱਚ 'ਲੂਣਾ' ਦਾ ਸੰਤਾਪ ਬਿਆਨਦੇ ਹੋਏ ਇੰਦਰਾਣੀ ਬਿੰਬ ਵਰਤਦਿਆਂ ਜੇਠ ਤੇ ਹਾੜ ਦੇ ਮਹੀਨਿਆਂ ਨਾਲ ਤਸ਼ਬੀਹ ਦਿੱਤੀ ਹੈ—

**ਇੱਕ ਛਾਤੀ ਮੇਰਾ ਹਾੜ ਤਪੰਦਾ,**

**ਇੱਕ ਤਪੰਦਾ ਜੇਠ।**

**ਮੈਂ ਅੱਗ ਤੁਰੀ ਪਰਦੇਸ।**

**ਨੀ ਮੈਂ ਅੱਗ ਤੁਰੀ ਪਰਦੇਸ।**

ਉੱਪਰ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਜੇਠ ਹਾੜ ਦੇ ਮਹੀਨਿਆਂ ਵਿੱਚ ਅੰਬਾਂ ਦੇ ਫਲ ਦੀ ਭਰਮਾਰ ਹੁੰਦੀ ਹੈ। ਇਸ ਲਈ ਲੋਕ ਫਲਾਂ ਦੇ ਇਸ ਰਾਜੇ ਫਲ ਅੰਬ ਦਾ ਸੁਆਦ ਵੀ ਮਾਣਦੇ ਹਨ ਅਤੇ ਧੁੱਪ ਤੋਂ ਬਚਣ ਦਾ ਉਪਰਾਲਾ ਵੀ ਕਰਦੇ ਹਨ। ਦੇਖੋ ਇਨ੍ਹਾਂ ਪੰਕਤੀਆਂ ਵਿੱਚ ਇੱਕ ਮੁਟਿਆਰ ਜੋ ਆਪਣੇ ਮਾਹੀ ਨਾਲ ਤੁਰੀ ਜਾ ਰਹੀ ਹੈ, ਕੀ ਕਹਿੰਦੀ ਹੈ—

**ਹਾੜ ਮਹੀਨਾ ਚੋ, ਚੋ ਪੈਂਦਾ ਭਿੱਜ ਗਈ ਲਾਲ ਪਰਾਂਦੀ**

**ਛਤਰੀ ਦੀ ਛਾਂ ਕਰ ਵੇ, ਵੇ ਮੈਂ ਅੰਬ ਚੂਪਦੀ ਜਾਂਦੀ...**

ਜੇਠ ਹਾੜ ਦੇ ਮਹੀਨੇ ਵਿੱਚ ਕਾਂ ਦੀ ਅੱਖ ਨਿਕਲਣ ਵਾਲੀ ਗਰਮੀ ਪੈਣ ਕਾਰਨ ਖਾਲੀ ਹੋ ਗਈ ਜ਼ਮੀਨ ਤਪ ਕੇ ਰੱਕੜ ਹੋ ਜਾਂਦੀ ਹੈ। ਇਸ ਨੂੰ ਤੋੜਨ ਲਈ ਹਾੜ ਵਿੱਚ ਜ਼ਮੀਨ ਦੀ ਵਹਾਈ ਕਰਨੀ ਜ਼ਰੂਰੀ ਹੋ ਜਾਂਦੀ ਹੈ। ਇੱਕ ਕਹਾਵਤ ਹੈ ਕਿ 'ਹਾੜ ਦਾ ਇੱਕ', ਸਾਵਣ ਦੇ ਦੋ, ਭਾਦੋਂ ਦੇ ਤਿੰਨ ਤੇ ਅੱਸੂ ਦਾ ਸੌ' ਭਾਵ ਕਿ ਹਾੜ ਦੇ ਮਹੀਨੇ ਇੱਕ ਵਾਰ ਦਾ ਹਲ ਵਾਹਿਆ ਅੱਸੂ ਦੇ ਮਹੀਨੇ ਸੌ ਵਾਰ ਹਲ ਵਾਹੁਣ ਦੇ ਬਰਾਬਰ ਹੈ। ਇਸੇ ਤਰ੍ਹਾਂ ਇੱਕ ਹੋਰ ਅਖਾਣ ਹੈ" ਹਾੜ ਨਾ ਵਾਹੀ ਹਾੜੀ, ਫਿਰ ਭੜੂਏ ਦੀ ਦਾਹੜੀ'। ਇਸ ਦਾ ਅਰਥ ਹੈ ਕਿ ਜਿਸ ਕਿਸਾਨ ਨੇ ਹਾੜ ਵਿੱਚ ਪੈਲੀ ਦੀ ਵਹਾਈ ਨਹੀਂ ਕੀਤੀ ਉਹ ਵਧੀਆ ਝਾੜ ਹਾਸਲ ਨਹੀਂ ਕਰ ਸਕਦਾ।

**ਭਾਦੋਂ** ਹਾੜ ਤੋਂ ਅਗਲਾ ਮਹੀਨਾ ਸੌਣ ਦਾ ਮਹੀਨਾ ਹੁੰਦਾ ਹੈ। ਇਸ ਮਹੀਨੇ ਬਾਰੇ ਜ਼ਿਕਰ ਇੱਕ ਵੱਖਰੇ ਲੇਖ ਵਿੱਚ ਕੀਤਾ ਜਾ ਚੁੱਕਾ ਹੈ। ਸਾਵਣ ਤੋਂ ਬਾਅਦ ਆਉਂਦਾ ਹੈ ਮਹੀਨਾ ਭਾਦੋਂ। ਇਸ ਮਹੀਨੇ ਆਖਿਆ ਜਾਂਦਾ ਹੈ ਕਿ ਮੀਂਹ ਬੰਨੇ ਨਾਲ ਬੰਨਾ ਛੱਡ ਜਾਂਦੈ। ਧਰਤੀ ਗਿੱਲੀ ਹੋਈ ਹੁੰਦੀ ਹੈ। ਹਵਾ ਵਿੱਚ ਨਮੀ ਹੁੰਦੀ ਹੈ। ਧੁੱਪ ਨਿਕਲਣ ਨਾਲ ਧਰਤੀ ਭੜਾਸ ਛੱਡਦੀ ਹੈ ਤਾਂ ਹੁੰਮਸ ਵਧ ਜਾਂਦਾ ਹੈ। ਇਸ ਮਹੀਨੇ ਮੌਸਮ ਕਈ-ਕਈ ਰੰਗ ਬਦਲਦਾ ਹੈ। ਭਾਦੋਂ ਦੀਆਂ ਤਿੱਖੀਆਂ ਧੁੱਪਾਂ ਦੇ ਤਾੜਕੇ ਬੰਦੇ ਨੂੰ ਜੇਠ ਹਾੜ ਦੀ ਗਰਮੀ ਨਾਲੋਂ ਕਿਤੇ ਵੱਧ ਦੁੱਖਦਾਈ ਮਹਿਸੂਸ ਹੁੰਦੇ ਹਨ। ਇਸੇ ਲਈ ਆਖਿਆ ਗਿਆ ਹੈ ਕਿ ਭਾਦੋਂ ਦੀਆਂ ਧੁੱਪਾਂ ਦਾ ਸਤਾਇਆ ਜੱਟ ਸਾਧ ਹੋ ਜਾਂਦੈ। ਅਚਾਨਕ ਮੀਂਹ ਦਾ ਆ ਜਾਣਾ ਇਸ ਮਹੀਨੇ ਦੀ ਵਿਸ਼ੇਸ਼ਤਾ ਹੈ। ਇਸੇ ਕਾਰਨ 'ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ' ਕਹਾਵਤ ਦਾ ਜਨਮ ਹੋਇਆ। ਪਹਿਲੇ ਸਮਿਆਂ ਵਿੱਚ ਅੱਜਕੱਲ ਵਾਂਗ ਰਸੋਈਆਂ ਨਹੀਂ ਸਨ ਹੁੰਦੀਆਂ। ਘਰ ਦੇ ਖੁੱਲ੍ਹੇ ਵਿਹੜੇ ਵਿੱਚ ਵੀ ਓਟਾ ਜਿਹਾ ਕਰਕੇ ਚੁੱਲ੍ਹਾ ਚੌਂਕਾ ਤਿਆਰ ਕਰ ਲਿਆ ਜਾਂਦਾ ਸੀ। ਕਈ ਵਾਰ ਆਟਾ ਗੁੰਨ੍ਹ ਕੇ ਰੋਟੀ ਪਕਾਉਣ ਲਈ ਤਿਆਰ ਹੋਣਾ ਤਾਂ ਅਚਾਨਕ ਮੀਂਹ ਦਾ ਆ ਜਾਣਾ ਰੋਟੀ ਬਨਾਉਣ ਵਿੱਚ ਵਿਘਨ ਪੈ ਜਾਂਦਾ ਜਿਸ ਕਾਰਨ ਉਕਤ ਕਹਾਵਤ ਨੇ ਜਨਮ ਲਿਆ। ਕਈ ਵਾਰ ਧੁੱਪ ਵੀ ਨਿਕਲੀ ਹੁੰਦੀ ਅਤੇ ਮੀਂਹ ਵੀ ਪੈ ਜਾਂਦਾ ਤਾਂ ਆਖਿਆ ਜਾਂਦਾ ਕਿ ਗਿੱਦੜ ਗਿਦੜੀ ਦਾ ਵਿਆਹ ਹੋ ਰਿਹੈ।

ਸਾਉਣ ਦੇ ਮਹੀਨੇ ਤੋਂ ਹੀ ਮੀਂਹਾਂ ਕਾਰਨ ਖੁੱਡਾ ਆਦਿ ਵਿੱਚ ਪਾਣੀ ਭਰ ਜਾਂਦਾ ਤਾਂ ਸੱਪ ਸਪੋਲੀਏ ਅਤੇ ਹੋਰ ਰੀਂਗਣ ਵਾਲੇ ਜੀਵ ਜੰਤੂ ਖੁੱਡਾਂ ਵਿਚੋਂ ਬਾਹਰ ਨਿਕਲ ਆਉਂਦੇ। ਇਸੇ ਮਹੀਨੇ ਹੀ ਗੁੱਗੇ ਨੌਂਵੀ ਦਾ ਤਿਉਹਾਰ ਆਉਂਦਾ ਹੈ। ਲੁਧਿਆਣੇ ਨੇੜਲੇ ਪਿੰਡ ਛਪਾਰ ਵਿਖੇ ਗੁੱਗੇ ਨੌਂਵੀਂ ਤੇ ਬਹੁਤ ਭਾਰੀ ਮੇਲਾ ਲਗਦਾ ਹੈ।

**ਅੱਸੂ ਕੱਤਾ**—ਭਾਦੋਂ ਤੋਂ ਬਾਅਦ ਆਉਂਦੇ ਅੱਸੂ ਦੇ ਮਹੀਨੇ ਦਾ ਦੇਸੀ ਕੈਲੰਡਰ ਵੈਸਾਖ ਮਹੀਨੇ ਵਾਂਗ ਹੀ ਮਹੱਤਵ ਹੈ। ਜਿਵੇਂ ਵਿਸਾਖ ਵਿੱਚ ਹਾੜੀ ਦੀ ਫਸਲ ਘਰ ਆਉਂਦੀ ਹੈ। ਇਸੇ ਤਰ੍ਹਾਂ ਅੱਸੂ ਦੇ ਮਹੀਨੇ ਸਾਉਣੀ ਦੀ ਫ਼ਸਲ ਭਾਵ ਝੋਨਾ, ਮੱਕੀ ਕਪਾਹ ਆਦਿ ਘਰ ਆਉਂਦੇ ਹਨ। ਅਤਿ ਦੀ ਪਸੀਨੇ ਛੁਡਾਊ ਗਰਮੀ ਤੋਂ ਬਾਅਦ ਅੱਸੂ ਦਾ ਮਹੀਨਾ ਰਾਹਤ ਦੇਣ ਵਾਲਾ ਹੁੰਦਾ ਹੈ। ਮੌਸਮ ਖੁਸ਼ਗਵਾਰ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਮਹੀਨੇ ਸਵੇਰ ਸ਼ਾਮ ਠੰਡੇ ਅਤੇ ਮਨ ਲੁਭਾਉਣੇ ਹੁੰਦੇ ਹਨ। ਇਸ ਨੂੰ ਸਰਦ ਰੁੱਤ ਦਾ ਸ਼ੁਰੂਆਤੀ ਮਹੀਨਾ ਮੰਨਿਆ ਜਾਂਦਾ ਹੈ ਅਤੇ ਇਸੇ ਲਈ ਕਹਾਵਤ ਬਣੀ 'ਅੱਸੂ ਪੁੱਤ ਸਿਆਲੇ ਦਾ'। ਦੇਸੀ ਕੈਲੰਡਰ ਦਾ ਸੱਤਵਾਂ ਮਹੀਨਾ ਹੋਣ ਕਾਰਨ ਸਾਲ ਦੇ ਦੂਜੇ ਅੱਧ ਦੀ ਸ਼ੁਰੂਆਤ ਮੰਨੀ ਜਾਂਦੀ ਹੈ। ਬਦਲਦੇ ਮੌਸਮ ਕਾਰਨ ਆਖਿਆ ਜਾਂਦਾ ਹੈ—

**ਅੱਸੂ ਮਾਹ ਨਿਰਾਲਾ, ਦਿਨ ਨੂੰ ਧੁਪਾਂ ਰਾਤੀਂ ਪਾਲਾ**

ਬਰਸਾਤ ਇਸ ਮਹੀਨੇ ਤੱਕ ਖਤਮ ਹੋ ਚੁੱਕੀ ਹੁੰਦੀ ਹੈ। ਮਿੱਟੀ ਘੱਟਾ ਬੈਠ ਗਿਆ ਹੁੰਦਾ ਹੈ। ਇਸ ਲਈ ਵਾਤਾਵਰਣ ਸ਼ੁਧ ਤੇ ਸਾਫ਼ ਨਜ਼ਰ ਆਉਂਦਾ ਹੈ। ਮੱਖੀ ਮੱਛਰ ਦੇ ਵੀ ਘਟ ਜਾਣ ਕਾਰਨ ਬੰਦਾ ਬਹੁਤ ਰਾਹਤ ਮਹਿਸੂਸ ਕਰਦਾ ਹੈ। ਸਾਫ਼ ਵਾਤਾਵਰਣ ਵਿੱਚ ਖੁਲ੍ਹੇ ਨੀਲੇ ਅੰਬਰ ਥੱਲੇ ਪੰਛੀਆਂ ਦੀਆਂ ਉਡਾਰੀਆਂ ਮਨੁੱਖੀ ਮਨ ਅੰਦਰ ਇੱਕ ਵਿਸ਼ੇਸ਼ ਤਰ੍ਹਾਂ ਦਾ ਸਕੂਨ ਅਤੇ ਹੁਲਾਸ ਭਰਦੀਆਂ ਹਨ। ਅੱਸੂ ਦੇ ਮਹੀਨੇ ਵਿੱਚ ਨਾ ਬਹੁਤੀ ਗਰਮੀ ਤੇ ਨਾ ਬਹੁਤੀ ਸਰਦੀ ਹੁੰਦੀ ਹੈ। ਇਸ ਲਈ ਖਾਣ-ਪੀਣ ਦੀਆਂ ਚੀਜ਼ਾਂ ਖਰਾਬ ਹੋਣ ਦਾ ਡਰ ਨਹੀਂ ਹੁੰਦਾ। ਸ਼ਾਇਦ ਇਸੇ ਕਾਰਨ ਅੱਸੂ ਦਾ ਮਹੀਨਾ ਵਿਆਹ ਸ਼ਾਦੀਆਂ ਆਦਿ ਕਾਰਜਾਂ ਲਈ ਸ਼ੁਭ ਮੰਨਿਆ ਜਾਂਦਾ ਹੈ। ਪੰਜਾਬ ਦੀ ਜੰਮੀ ਜਾਈ ਇੱਕ ਧੀ ਆਪਣੇ ਧਰਮੀ ਬਾਬਲ ਨੂੰ ਵਿਆਹ ਵਰਗਾ ਕਾਰਜ ਅੱਸੂ ਦੇ ਮਹੀਨੇ ਕਰਨ ਦੀ ਨੇਕ ਸਲਾਹ ਦਿੰਦੀ ਆਖਦੀ ਹੈ—

**ਮੇਰਾ ਅੱਸੂ ਦਾ ਕਾਜ ਰਚਾ ਮੇਰੇ ਬਾਬਲਾ**
**ਤੇਰਾ ਅੰਨ ਨਾ ਤਰੱਕੇ ਕੋਠੜੀ,**
**ਤੇਰਾ ਦਹੀਂ ਨਾ ਅਮਲਾ ਜਾ,**
**ਬਾਬਲ ਮੈਂ ਬੇਟੀ ਪਰਨਾ,**
**ਵੇ ਧਰਮੀ ਬਾਬਲਾ, ਤੇਰਾ ਪੁੰਨ ਹੋਵੇ।**

ਇਸ ਮਹੀਨੇ ਨੂੰ ਵਿਆਹ ਸ਼ਾਦੀਆਂ ਲਈ ਸ਼ੁਭ ਮੰਨੇ ਜਾਣ ਦਾ ਇੱਕ ਹੋਰ ਕਾਰਨ ਇਸ ਮਹੀਨੇ ਦੀ ਠੰਡੀ ਮਿੱਠੀ ਰੁੱਤ ਦਾ ਸਮਾਗਮੀ ਪੱਖੋਂ ਅਨੁਕੂਲ ਹੋਣਾ ਹੈ। ਇਸ ਕਰਕੇ ਤਾਂ ਸ਼ਿਵ ਕੁਮਾਰ ਬਟਾਲਵੀ ਵੀ ਆਪਣੀ ਕਵਿਤਾ ਵਿੱਚ ਇੱਕ ਧੀ ਦੇ ਮੂੰਹੋਂ ਅਖਵਾਉਂਦਾ ਹੈ—

**ਜਦ ਪੈਣ ਕਪਾਹੀਂ ਫੁੱਲ ਵੇ,**
**ਸਾਨੂੰ ਉਹ ਰੁੱਤ ਲੈ ਦਈਂ ਮੁੱਲ ਵੇ**
**ਧਰਮੀਂ ਬਾਬਲਾ**

ਅੱਸੂ ਦੇ ਮਹੀਨੇ ਰਾਤਾਂ ਨੂੰ ਤਰੇਲ ਪੈਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ ਇਸ ਮਹੀਨੇ ਵਿੱਚ ਸਵੇਰ ਦੀ ਸੈਰ ਵੇਲੇ ਬਨਸਪਤੀ ਅਤੇ ਖਾਸ ਕਰਕੇ ਫੁੱਲਾਂ ਦੀਆਂ ਪੱਤੀਆਂ ਤੇ ਪਏ ਤ੍ਰੇਲ ਦੇ ਤੁਪਕੇ ਰੂਹ ਨੂੰ ਤਾਜ਼ਗੀ ਬਖਸ਼ਦੇ ਹਨ ਅਤੇ ਅੱਖਾਂ ਨੂੰ ਤ੍ਰਿਪਤੀ। ਸਵੇਰ ਵੇਲੇ ਤਰੇਲੇ ਹੋਏ ਘਾਹ ਉੱਤੇ ਤੁਰਨਾ ਅੱਖਾਂ ਦੀ ਰੌਸ਼ਨੀ ਲਈ ਵੀ ਲਾਭਦਾਇਕ ਮੰਨਿਆ ਜਾਂਦਾ ਹੈ।

ਪਿੱਤਰਾਂ ਦੇ ਸਰਾਧਾਂ, ਅੱਸੂ ਦੇ ਨਰਾਤਿਆਂ ਅਤੇ ਦੁਸਹਿਰੇ ਦੇ ਤਿਉਹਾਰ ਕਾਰਨ ਇਸ ਮਹੀਨੇ ਦੀ ਵਿਸ਼ੇਸ਼ ਮਹਾਨਤਾ ਹੈ। ਦੁਸਹਿਰੇ ਦੇ ਤਿਉਹਾਰ ਮੌਕੇ ਨਰਾਤਿਆਂ ਦੌਰਾਨ ਵੱਡੇ ਪਿੰਡਾਂ, ਕਸਬਿਆਂ ਅਤੇ ਸ਼ਹਿਰਾਂ ਵਿੱਚ ਰਾਮ ਲੀਲ੍ਹਾ ਦਾ ਆਯੋਜਨ ਕੀਤਾ ਜਾਂਦਾ ਹੈ ਜੋ ਰਾਮ ਲੀਲ੍ਹਾ ਖੇਡੇ ਜਾਣ ਵਾਲੇ ਅਸਥਾਨ ਤੇ ਵੱਡੇ ਰੌਣਕ ਮੇਲੇ ਦਾ ਸਬੱਬ ਬਣਦਾ ਹੈ। ਨੌਂ ਨਰਾਤਿਆਂ ਤੋਂ ਬਾਅਦ ਦਸਵੇਂ ਦਿਨ ਨੂੰ ਵਿਜੈ ਦਸ਼ਮੀ ਅਰਥਾਤ ਦੁਸਹਿਰੇ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਤਿਉਹਾਰ ਨੂੰ ਬਦੀ ਉੱਤੇ ਨੇਕੀ ਦੀ ਜਿੱਤ ਦੇ ਸੰਕੇਤ ਵਜੋਂ ਮਾਨਤਾ ਪ੍ਰਾਪਤ ਹੈ। ਇਸ ਦਿਨ ਮੇਲੇ ਤੇ ਜੁੜੇ ਵੱਡੇ ਭਾਰੀ ਲੋਕ ਇਕੱਠਾਂ ਦੀ ਹਾਜ਼ਰੀ ਵਿੱਚ ਬਦੀ ਦੇ ਪ੍ਰਤੀਕ ਰਾਵਣ ਮੇਘਨਾਥ ਅਤੇ ਕੁੰਭਕਰਨ ਦੇ ਪੁਤਲਿਆਂ ਨੂੰ ਅਗਨ ਭੇਟ ਕੀਤਾ ਜਾਂਦਾ ਹੈ।ਅੱਸੂ ਤੋਂ ਅਗਲਾ ਮਹੀਨਾ ਕੱਤਕ ਦਾ ਆਉਂਦਾ ਹੈ।

ਅੱਧ ਅਕਤੂਬਰ ਤੋਂ ਅੱਧ ਨਵੰਬਰ ਤੱਕ ਦੇ ਦਿਨਾਂ ਵਿੱਚ ਦੇਸੀ ਕੈਲੰਡਰ ਅਨੁਸਾਰ **ਕੱਤਕ** ਦਾ ਮਹੀਨਾ ਚੱਲਦਾ ਹੈ। ਇਹ ਮਹੀਨਾ ਰੁਝੇਵਿਆਂ ਭਰਪੂਰ ਹੁੰਦਾ ਹੈ। ਸਾਉਣੀ ਦੀਆਂ ਫਸਲਾਂ ਸਾਂਭਣ ਦੇ ਨਾਲ-ਨਾਲ ਹਾੜੀ ਦੀਆਂ ਫਸਲਾਂ ਦੀ ਬਿਜਾਈ ਵੀ ਇਸੇ ਮਹੀਨੇ ਕੀਤੀ ਜਾਂਦੀ ਹੈ। ਇਸ ਲਈ ਕਿਸਾਨ ਭਰਾਵਾਂ ਦਾ ਇਸ ਮਹੀਨੇ ਉੱਕਾ ਹੀ ਵੇਹਲ ਨਹੀਂ ਹੁੰਦਾ। ਕਹਿੰਦੇ ਹਨ ਇਸ ਮਹੀਨੇ ਤਾਂ ਜੱਟ ਨੇ ਆਪਣੀ ਮਰੀ ਮਾਂ ਵੀ ਭੜੋਲੇ ਵਿੱਚ ਪਾ ਕੇ ਰੱਖ ਲਈ ਸੀ ਤੇ ਆਖ ਦਿੱਤਾ ਸੀ ਕਿ ਵੇਹਲ ਲੱਗਣ ਤੇ ਲਾਸ਼ ਕਿਉਂਟ ਲਈ ਜਾਵੇਗੀ। ਇਹ ਸਿਰਫ਼ ਇੱਕ ਇਸ਼ਾਰਾ ਹੈ ਕਿ ਕਿਸਾਨੀ ਦਾ ਕਿੱਤਾ ਕਰਨ ਵਾਲਿਆਂ ਕੋਲ ਇਸ ਮਹੀਨੇ ਕਰਨ ਵਾਲੇ ਕਿੰਨੇ ਕੰਮ ਹੁੰਦੇ ਹਨ। ਇਸ ਮਹੀਨੇ ਵਿੱਚ ਮਨਾਏ ਜਾਣ ਵਾਲੇ ਤਿਉਹਾਰ ਵੀ ਕਾਫੀ ਗਿਣਤੀ ਵਿੱਚ ਆਉਂਦੇ ਹਨ। ਕੱਤਕ ਮਹੀਨੇ ਦੀ ਮੱਸਿਆ ਨੂੰ ਦਿਵਾਲੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਹਿੰਦੂ ਇਸ ਤਿਉਹਾਰ ਨੂੰ ਸ੍ਰੀ ਰਾਮ ਚੰਦਰ ਜੀ ਦੇ ਲਛਮਣ ਅਤੇ ਸੀਤਾ ਸਮੇਤ ਅਯੁੱਧਿਆ ਵਾਪਸ ਪਹੁੰਚਣ ਦੀ ਖੁਸ਼ੀ ਵਿੱਚ ਮਨਾਉਂਦੇ ਹਨ ਜਦ ਕਿ ਸਿੱਖ ਇਸ ਤਿਉਹਾਰ ਨੂੰ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਗਵਾਲੀਅਰ ਜੇਲ੍ਹ ਤੋਂ ਰਿਹਾਈ ਅਤੇ ਉਨ੍ਹਾਂ ਵਲੋਂ ਬਵੰਜਾ ਰਾਜਿਆਂ ਨੂੰ ਜੇਲ੍ਹ ਵਿਚੋਂ ਬਾਹਰ ਲੈ ਕੇ ਆਉਣ ਦੀ ਖੁਸ਼ੀ ਵਿੱਚ ਬੰਦੀ ਛੋੜ ਦਿਵਸ ਵਜੋਂ ਮਨਾਉਂਦੇ ਹਨ। ਕੱਤਕ ਦੀ ਪੂਰਨਮਾਸ਼ੀ ਨੂੰ ਸਿੱਖਾਂ ਵੱਲੋਂ ਪਹਿਲੇ ਪਾਤਿਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ ਦੇ ਤੌਰ ਤੇ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ ਕਰਵਾ ਚੌਥ ਦਾ ਵਰਤ ਵੀ ਇਸੇ ਮਹੀਨੇ ਸੁਹਾਗਣ ਔਰਤਾਂ ਵਲੋਂ ਰੱਖਿਆ ਜਾਂਦਾ ਹੈ ਜੋ ਉਨ੍ਹਾਂ ਦੇ ਪਤੀ ਦੀ ਲੰਮੀ ਉਮਰ ਲਈ ਰੱਖਿਆ ਜਾਂਦਾ ਹੈ। ਮੌਸਮ ਦੇ ਲਿਹਾਜ਼ ਨਾਲ ਇਹ ਮਹੀਨਾ ਬਹੁਤ ਸੁਹਾਵਣਾ ਗਿਣਿਆ ਜਾਂਦਾ ਹੈ। ਮੱਠੀ ਮੱਠੀ ਠੰਢ ਗਰਮੀਆਂ ਤੋਂ ਬਾਅਦ ਬਹੁਤ ਚੰਗੀ ਤੇ ਪਿਆਰੀ ਲੱਗਦੀ ਹੈ। ਹਾਲਾਂਕਿ ਇਸ ਮਹੀਨੇ ਦਰਖਤਾਂ ਦੇ ਪੱਤੇ ਝੜਨ ਲੱਗ ਪੈਂਦੇ ਹਨ ਪਰ ਮੌਸਮ ਬਸੰਤ ਵਾਂਗ ਹੀ ਖੁਸ਼ਗਵਾਰ ਹੁੰਦਾ ਹੈ। ਰਾਤਾਂ ਦੀ ਲੰਬਾਈ ਵਧਣ ਲੱਗਦੀ ਹੈ। ਅਕਾਸ਼ ਨਿਰਮਲ ਤੇ ਸਾਫ਼ ਹੁੰਦਾ ਹੈ। ਪਹਿਲੇ ਸਮਿਆਂ ਵਿੱਚ ਕੱਤਕ ਦੇ ਮਹੀਨੇ ਪਿੰਡਾਂ ਦੇ ਛਪੜਾਂ ਅਤੇ ਛੰਭਾਂ ਅਤੇ ਨਦੀਆਂ ਨਾਲਿਆਂ ਦੇ ਕੰਢਿਆਂ ਤੇ ਕੂੰਜਾਂ ਡੇਰੇ ਆ ਲਾਉਂਦੀਆਂ ਸਨ ਜੋ ਸਥਾਨਕ ਵਾਸੀਆਂ ਦਾ ਧਿਆਨ ਆਪਣੇ ਵੱਲ ਖਿੱਚਦੀਆਂ ਸ਼ੇਖ ਫਰੀਦ ਜੀ ਨੇ ਵੀ ਇਸ ਸੰਬੰਧੀ ਗਵਾਹੀ ਭਰਦਿਆਂ 'ਕਤਿਕ ਕੂੰਜਾਂ ਚੇਤਿ ਡਉ' ਲਿਖਿਆ ਹੈ। ਪੰਜਾਬੀ ਸਾਹਿਤ ਦੀਆਂ ਬਹੁਤ ਸਾਰੀਆਂ ਰਚਨਾਵਾਂ ਵਿੱਚ ਅਨੇਕਾਂ ਲਿਖਾਰੀਆਂ ਵਲੋਂ ਕੱਤਕ ਦੀ ਮਹਿਮਾ ਗਾਇਨ ਕੀਤੀ ਗਈ ਹੈ।

**ਮੱਘਰ, ਪੋਹ**—ਮੱਘਰ ਦੇ ਮਹੀਨੇ ਸਰਦੀ ਸ਼ੁਰੂ ਹੋ ਜਾਂਦੀ ਹੈ। ਦਿਨ ਛੋਟੇ ਹੋ ਜਾਂਦੇ ਹਨ ਅਤੇ ਰਾਤਾਂ ਲੰਮੀਆਂ। ਫਸਲਾਂ ਬੀਜੀਆਂ ਜਾ ਚੁੱਕੀਆਂ ਹੁੰਦੀਆਂ ਹਨ। ਇਸ ਲਈ ਕਿਸਾਨ ਘਰਾਂ ਵਿੱਚ ਮੁਖ ਕੰਮ ਪਸ਼ੂਆਂ ਨੂੰ ਸਾਂਭਣ, ਉਨ੍ਹਾਂ ਨੂੰ ਅੰਦਰ ਬਾਹਰ ਕਰਨ, ਕੱਖ ਪੱਠਾ ਪਾਉਣ ਅਤੇ ਧਾਰਾਂ ਚੋਣ ਆਦਿ ਦਾ ਹੀ ਹੁੰਦਾ ਹੈ। ਇਸ ਲਈ ਇਹ ਦਿਨ ਸੁਖ ਲੈਣ ਦੇ ਹੁੰਦੇ ਹਨ। ਪੰਜਾਬ ਦੇ ਪਿੰਡਾਂ ਵਿੱਚ ਇਸ ਮਹੀਨੇ ਸਰੀਰ ਨੂੰ ਗਰਮ ਰੱਖਣ ਅਤੇ ਤਾਕਤ ਵਧਾਉਣ ਵਾਲੇ ਪਦਾਰਥ ਜਿਵੇਂ ਅਲਸੀ, ਮੇਥੇ, ਖੋਆ ਆਦਿ ਪਾ ਕੇ ਪਿੰਨੀਆਂ ਬਣਾਏ ਜਾਂਦੇ ਹਨ। ਦੁੱਧ ਇਸ ਮਹੀਨੇ ਵਾਧੂ ਹੁੰਦਾ ਹੈ ਕਿਉਂਕਿ ਹਰਾ ਚਾਰਾ ਆਮ ਹੋ ਜਾਂਦਾ ਹੈ। ਬਜ਼ਾਰਾਂ ਵਿੱਚ ਰੇੜ੍ਹੀਆਂ ਆਦਿ ਤੇ ਗੈਰ ਸ਼ਾਕਾਹਾਰੀ ਚੀਜ਼ਾਂ ਜਿਵੇਂ ਮੱਛੀ, ਮੁਰਗਾ ਆਂਡੇ ਆਦਿ ਆਮ ਮਿਲਣ ਲੱਗਦੇ ਹਨ ਅਤੇ ਇਨ੍ਹਾਂ ਦਾ ਜ਼ੋਰ ਦਿਨ-ਬ-ਦਿਨ ਵਧਦਾ ਹੈ। ਪੰਜਾਬੀ ਇਨ੍ਹਾਂ ਦਿਨਾਂ ਵਿੱਚ ਵਧੀਆ ਖੁਰਾਕਾਂ ਖਾ ਕੇ ਆਪਣੀ ਸਿਹਤ ਵੱਲ ਵਿਸ਼ੇਸ਼ ਧਿਆਨ ਦਿੰਦੇ ਹਨ। ਵਿਆਹ ਸ਼ਾਦੀਆਂ ਵਾਸਤੇ ਵੀ ਇਹ ਮਹੀਨਾ ਵਧੀਆ ਗਿਣਿਆ ਗਿਆ ਹੈ। ਮਿਲਾਪੜੇ ਅਤੇ ਸਮਾਗਮੀ ਦਿਨ ਗਿਣੇ ਜਾਂਦੇ ਹਨ ਇਸ ਮਹੀਨੇ ਦੇ। ਲੋਕ ਸਵੈਟਰ ਜਰਸੀਆਂ ਅਤੇ ਹੋਰ ਗਰਮ ਕੱਪੜੇ ਪਹਿਨਣੇ ਸ਼ੁਰੂ ਕਰ ਦਿੰਦੇ ਹਨ। ਰਾਤਾਂ ਨੂੰ ਉੱਪਰ ਲੈਣ ਵਾਸਤੇ ਰਜਾਈਆਂ ਅਤੇ

ਕੰਬਲ ਵਰਤੋਂ ਵਿੱਚ ਆਉਣ ਲੱਗਦੇ ਹਨ।

ਮੱਘਰ ਤੋਂ ਬਾਅਦ ਪੋਹ ਦਾ ਮਹੀਨਾ ਆਉਂਦਾ ਹੈ। ਇਹ ਮਹੀਨਾ ਭਰ ਸਰਦੀ ਦਾ ਗਿਣਿਆਂ ਜਾਂਦਾ ਹੈ। ਇਸ ਮਹੀਨੇ ਸਾਲ ਵਿੱਚ ਸਭ ਤੋਂ ਛੋਟੇ ਦਿਨ ਅਤੇ ਸਭ ਤੋਂ ਲੰਮੀਆਂ ਰਾਤਾਂ ਹੁੰਦੀਆਂ ਹਨ। ਕੋਰਾ ਅਤੇ ਧੁੰਦ ਇਸ ਮਹੀਨੇ ਦੀਆਂ ਵਿਸ਼ੇਸ਼ਤਾਵਾਂ ਹਨ। ਸਿੱਖ ਇਤਿਹਾਸ ਵਿੱਚ ਇਸ ਮਹੀਨੇ ਨੂੰ ਸ਼ਹੀਦੀਆਂ ਦਾ ਮਹੀਨਾ ਕਰਕੇ ਜਾਣਿਆ ਜਾਂਦਾ ਹੈ। ਇਸੇ ਮਹੀਨੇ ਜੰਗ ਚਮਕੌਰ ਵਿੱਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਜੀ ਅਤੇ ਜੁਝਾਰ ਸਿੰਘ ਜੀ, ਪੰਜਾਂ ਪਿਆਰਿਆਂ ਵਿਚੋਂ ਤਿੰਨ ਅਤੇ ਹੋਰ ਕਈ ਸਿੰਘ ਸ਼ਹੀਦ ਹੋਏ। ਇਸੇ ਤਰ੍ਹਾਂ ਛੋਟੇ ਸਾਹਿਬਜ਼ਾਦਿਆਂ ਨੂੰ ਸੂਬਾ ਸਰਹਿੰਦ ਨੇ ਨੀਹਾਂ ਵਿੱਚ ਚਿਣਵਾ ਕੇ ਸ਼ਹੀਦ ਕੀਤਾ। ਮਾਤਾ ਗੁਜਰੀ ਜੀ ਨੇ ਠੰਡੇ ਬੁਰਜ ਵਿੱਚ ਕੈਦ ਆਪਣੇ ਪ੍ਰਾਣਾਂ ਦੀ ਆਹੂਤੀ ਦਿੱਤੀ। ਛੋਟੇ ਸਾਹਿਬਜ਼ਾਦਿਆਂ ਦੀ ਦੁੱਧ ਨਾਲ ਸੇਵਾ ਕਰਨ ਵਾਲੇ ਬਾਬਾ ਮੋਤੀ ਰਾਮ ਮਹਿਰਾ ਨੂੰ ਪਰਿਵਾਰ ਸਮੇਤ ਕੋਹਲੂ ਵਿੱਚ ਪੀੜ ਕੇ ਸੂਬਾ ਸਰਹਿੰਦ ਦੇ ਹੁਕਮਾਂ ਨਾਲ ਸ਼ਹੀਦ ਕੀਤਾ ਗਿਆ। ਇਨ੍ਹਾਂ ਸ਼ਹੀਦੀਆਂ ਕਾਰਨ ਇਸ ਮਹੀਨੇ ਦੀ ਸਿੱਖ ਇਤਿਹਾਸ ਵਿੱਚ ਵਿਸ਼ੇਸ਼ ਮਹਾਨਤਾ ਹੈ। ਇਸ ਮਹੀਨੇ ਦੇ ਆਖਰੀ ਦਿਨ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ।

**ਮਾਘ ਫੱਗਣ**—ਮਾਘ ਮਹੀਨੇ ਦੀ ਸੰਗਰਾਂਦ ਨੂੰ ਮਾਘੀ ਕਿਹਾ ਜਾਂਦਾ ਹੈ। ਪੁਰਾਤਨ ਸਮਿਆਂ ਤੋਂ ਮਾਘੀ ਦਾ ਦਿਹਾੜਾ ਸ਼ੁੱਭ ਮੰਨਿਆ ਜਾਂਦਾ ਹੈ। ਇਸ ਦਿਨ ਵਿਸ਼ੇਸ਼ ਤੌਰ ਤੇ ਧਾਰਮਿਕ ਸਥਾਨਾਂ ਸਥਿਤ ਸਰੋਵਰਾਂ ਅਤੇ ਧਾਰਮਿਕ ਮਹੱਤਵ ਰੱਖਦੇ ਨਦੀਆਂ ਕੰਢੇ ਵਾਲੇ ਅਸਥਾਨਾਂ ਤੇ ਇਸ਼ਨਾਨ ਕਰਨ ਦਾ ਖਾਸ ਮਹੱਤਵ ਮੰਨਿਆ ਜਾਂਦਾ ਹੈ। ਲੋਹੜੀ ਅਤੇ ਮਾਘੀ ਦੇ ਤਿਉਹਾਰ ਕੇਵਲ ਇੱਕ ਦਿਨ ਦੇ ਫਰਕ ਨਾਲ ਇਕੱਠੇ ਹੀ ਆਉਂਦੇ ਹਨ। ਪਰ ਲੋਹੜੀ ਅੱਗ ਸੇਕ ਕੇ ਮਨਾਈ ਜਾਂਦੀ ਹੈ। ਮੂੰਗਫਲੀ ਰਿਉੜੀਆਂ ਆਦਿ ਗਰਮ ਤਾਸੀਰ ਦੇ ਪਦਾਰਥ ਖਾਧੇ ਜਾਂਦੇ ਹਨ। ਪਰ ਮਾਘ ਦੀ ਪਹਿਲੀ ਸਵੇਰ ਨੂੰ ਹੀ ਲੋਹੜੀ ਵਾਲੇ ਦਿਨ ਗੰਨੇ ਦੇ ਰਸ ਨਾਲ ਰਿੰਨੀ ਗਈ ਖੀਰ ਜੋ ਕਿ ਸਵੇਰ ਤੱਕ ਠੰਢੀ ਹੋ ਗਈ ਹੁੰਦੀ ਹੈ ਵਿੱਚ ਦਹੀਂ ਆਦਿ ਮਿਲਾ ਕੇ ਖਾਧੀ ਜਾਂਦੀ ਹੈ ਜਿਸ ਦੀ ਤਾਸੀਰ ਠੰਢੀ ਹੁੰਦੀ ਹੈ। ਪੰਜਾਬ ਵਿੱਚ ਮੁਕਤਸਰ ਦਾ ਮਾਘੀ ਮੇਲਾ ਬਹੁਤ ਮਸ਼ਹੂਰ ਹੈ। ਇਹ ਮੇਲਾ ਚਾਲ੍ਹੀ ਮੁਕਤਿਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ। ਪੰਜਾਬ ਦੇ ਲੋਕ ਦੂਰੋਂ ਦੂਰੋਂ ਆ ਕੇ ਮੁਕਤਸਰ ਸਾਹਿਬ ਵਿਖੇ ਪਹੁੰਚ ਚਾਲ੍ਹੀ ਮੁਕਤਿਆਂ ਦੀ ਕੁਰਬਾਨੀ ਨੂੰ ਆਪਣੀ ਸ਼ਰਧਾ ਅਤੇ ਅਕੀਦਤ ਦੇ ਫੁੱਲ ਭੇਟ ਕਰਦੇ ਹਨ। ਇਹ ਉਹੀ ਚਾਲ੍ਹੀ ਮੁਕਤੇ ਸਨ ਜੋ ਗੁਰੂ ਸਾਹਿਬ ਨੂੰ ਬੇਦਾਵਾ ਦੇ ਕੇ ਸਾਥ ਛੱਡ ਕੇ ਚਲੇ ਗਏ ਸਨ ਅਤੇ ਜਿਨ੍ਹਾਂ ਨੂੰ ਮਾਈ ਭਾਗੋ ਨੇ ਵੰਗਾਰ ਕੇ ਫਿਰ ਮੈਦਾਨ-ਇ-ਜੰਗ ਵਿੱਚ ਲਿਆਂਦਾ ਸੀ। ਮਾਈ ਭਾਗੋ ਖੁਦ ਵੀ ਇਸ ਜੰਗ ਵਿੱਚ ਸ਼ਹੀਦ ਹੋਈ। ਇਸ ਸਬੰਧੀ ਆਸਾ ਸਿੰਘ ਘੁਮਾਣ ਦੀ ਟਿੱਪਣੀ ਦਰਜ ਕਰਨੀ ਕੁਥਾਵੇਂ ਨਹੀਂ ਹੋਵੇਗਾ।—"ਇਹ ਚਿੰਤਾ ਜ਼ਾਹਰ ਕਰਨੀ ਵੀ ਜਾਇਜ਼ ਹੋਵੇਗੀ ਕਿ ਪੰਜਾਬੀ ਲੋਕ ਤਾਂ ਪਹਿਲਾਂ ਹੀ ਇਤਿਹਾਸ ਪੱਖੋਂ ਗਾਫ਼ਲ ਹਨ। ਮਸਲਨ, ਪੰਜਾਬੀ ਬੱਚੇ 'ਖੂਬ ਲੜੀ ਮਰਦਾਨੀ, ਵੋ ਤੋ ਝਾਂਸੀ ਵਾਲੀ ਰਾਣੀ ਥੀ' ਬਾਰੇ ਤਾਂ ਜਾਣਦੇ ਹੋਣਗੇ ਜੋ ਦੇਸ ਦੀ ਅਜ਼ਾਦੀ ਲਈ ਨਹੀਂ ਸਗੋਂ ਆਪਣੀ ਰਿਆਸਤ ਨੂੰ ਬਚਾਉਣ ਲਈ ਮੁਤਬੰਨਾ ਐਕਟ ਖਿਲਾਫ਼ ਲੜੀ ਪਰ ਮਾਈ ਭਾਗੋ ਇਤਿਹਾਸ ਵਿੱਚ ਇਕੱਲੀ ਐਸੀ ਮਿਸਾਲ ਹੈ, ਜਿਸ ਵਿੱਚ ਸ਼ਰਧਾ ਧਰਮ ਅਤੇ ਅਣਖ ਖਾਤਰ ਕਿਸੇ ਪੰਜਾਬਣ ਨੇ ਘੋੜ ਸਵਾਰ ਹੋ ਕੇ, ਹੱਥ ਤਲਵਾਰ ਫੜ ਮਰਦ ਭਰਾਵਾਂ ਦੇ ਟੁੱਟੇ ਹੌਂਸਲੇ ਬੁਲੰਦ ਕੀਤੇ ਅਤੇ ਆਪਣੀ ਜਾਨ ਵਾਰ ਦਿੱਤੀ।" ਪੰਜਾਬ ਵਿੱਚ ਹੋਰ ਵੀ ਕਈ ਥਾਵਾਂ ਤੇ ਲੋਕ ਮਾਘੀ ਦਾ ਤਿਉਹਾਰ ਮਨਾਉਂਦੇ ਹਨ। ਬਸੰਤ ਪੰਚਮੀ ਦਾ ਤਿਉਹਾਰ ਵੀ ਇਸ ਮਹੀਨੇ ਵਿੱਚ ਆ ਜਾਂਦਾ ਹੈ। ਸਰਦੀ ਦਾ ਮੌਸਮ ਜਾਣਾ ਸ਼ੁਰੂ ਹੋ ਜਾਂਦਾ ਹੈ। ਇਸੇ ਲਈ ਤਾਂ ਕਹਾਵਤ ਬਣੀ ਹੈ, 'ਆਈ ਬਸੰਤ ਪਾਲਾ ਉਡੰਤ।' ਬਸੰਤ ਰੁਤ ਦੇ ਹੁਲਾਰਿਆਂ ਦਾ ਅੰਦਾਜ਼ਾ ਇਸ ਲੋਕ ਅਖਾਣ ਤੋਂ ਭਲੀ ਭਾਂਤ ਲੱਗ ਜਾਂਦਾ ਹੈ 'ਸਦਾ ਦਿਵਾਲੀ ਸਾਧ ਦੀ ਅੱਠੇ ਪਹਿਰ ਬਸੰਤ।'

ਮਾਘ ਦੇ ਨਾਲ ਹੀ ਇਸ ਦੇ ਖਤਮ ਹੋਣ ਤੇ ਸਾਲ ਦਾ ਆਖਰੀ ਮਹੀਨਾ **ਫੱਗਣ** ਚੜ੍ਹ ਪੈਂਦਾ ਹੈ। ਬਹਾਰ ਦਾ ਮੌਸਮ ਹੋਣ ਕਰਕੇ ਇਹ ਮਹੀਨਾ ਮਨੁੱਖੀ ਮਨ ਵਾਸਤੇ ਮਿਲਾਪਾਂ ਵਾਲਾ ਮੰਨਿਆ ਜਾਂਦਾ ਹੈ। ਪੰਜਾਬੀ ਸਾਹਿਤ ਦੇ ਬਾਰਾਂ ਮਾਹਿਆਂ ਵਿੱਚ ਚੇਤ ਤੋਂ ਲੈ ਕੇ ਮਾਘ ਮਹੀਨੇ ਤੱਕ ਵਿਯੋਗ ਦੀ ਗੱਲ ਕੀਤੀ ਗਈ ਹੈ। ਹਾਲਾਂਕਿ ਮਹੀਨਾ ਚੇਤ ਦਾ ਵੀ ਬਸੰਤ ਰੁੱਤ ਦਾ ਭਾਗ ਹੀ ਗਿਣਿਆ ਜਾਂਦਾ ਹੈ। ਪਰ ਗੱਲ ਵਿਯੋਗ ਦੀ ਹੀ ਕੀਤੀ ਗਈ ਹੈ—

**ਚੜ੍ਹਿਆ ਚੇਤਰ ਨਹੀਂ ਘਰ ਜਾਨੀਂ, ਰੋ ਰੋ ਧਾਹਾਂ ਮਾਰਾਂ ਮੈਂ।**

ਪਰੰਤੂ ਫੱਗਣ ਜੋ ਕਿ ਸਾਲ ਦਾ ਆਖਰੀ ਮਹੀਨਾ ਹੈ ਇਸ ਨੂੰ ਪਿਆਰੇ ਨਾਲ ਮਿਲਾਪ ਦਾ ਮਹੀਨਾ ਮੰਨਿਆ ਹੈ। ਬਰਖੁਰਦਾਰ ਦੇ ਸ਼ਬਦਾਂ ਵਿੱਚ—

**ਜਬ ਚੜ੍ਹਿਆ ਮਹੀਨਾ ਫਾਗਣ**
**ਮਿਲਿਆ ਕੰਤ ਆਏ ਘਰ ਸਾਜਣ**
**ਲਾਗੇ ਦੂਖ ਦਰਦ ਸਭ ਭਾਗਣ**
**ਲਾਗੇ ਕਰਮ ਅਸਾਡੇ ਜਾਗਣ।**

ਗੁਰਬਾਣੀ ਵਿੱਚ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਫੁਰਮਾਇਆ ਹੈ—

**ਫਲਗੁਣਿ ਅਨੰਦ ਉਪਾਰਜਨਾ,**
**ਹਰਿ ਸਾਜਣ ਪ੍ਰਗਟੇ ਆਇ॥**

ਪੰਜਾਬੀ ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਨੇ ਫੱਗਣ ਦੇ ਮਹੀਨੇ ਦੀ ਇਨ੍ਹਾਂ ਸ਼ਬਦਾਂ ਨਾਲ ਵਡਿਆਈ ਕੀਤੀ ਹੈ—

**ਫੱਗਣ ਮਾਹ ਮੁਬਾਰਕ ਚੜ੍ਹਿਆ,**
**ਬੈਠੀ ਤਖਤ ਬਸੰਤੋ ਰਾਣੀ।**
**ਰੂਪ ਚੜ੍ਹ ਗਿਆ ਫੁੱਲਾਂ ਉੱਤੇ,**
**ਫਸਲ ਫਲਾਂ ਜਵਾਨੀ ਮਾਣੀ।**

ਹੋਲੀ, ਸ਼ਿਵਰਾਤਰੀ ਆਦਿ ਤਿਉਹਾਰ ਇਸ ਮਹੀਨੇ ਵਿੱਚ ਆਉਂਦੇ ਹਨ। ਇਸ ਮਹੀਨੇ ਚਾਰੇ ਪਾਸੇ ਸਰ੍ਹੋਂ ਦੇ ਫੁੱਲਾਂ ਦੀ ਖੁਸ਼ਬੋਈ ਅਤੇ ਪੀਲੇ ਫੁੱਲ ਦੇਖਣ ਨੂੰ ਨਜ਼ਰ ਆਉਂਦੇ ਹਨ।

**ਮਾਂ ਬੋਲੀ ਪੰਜਾਬੀ ਜੇ ਭੁੱਲ ਜਾਵੋਗੇ**
**ਕੱਖਾਂ ਵਾਂਗੂੰ ਰੁੱਲ ਜਾਵੋਗੇ**

# ਦਿਲ ਦੇ ਮਰੀਜ਼ ਹੋ? ਜੀਵਨਸ਼ੈਲੀ 'ਚ ਬਦਲਾਅ ਜ਼ਰੂਰੀ !

ਡਾ. ਹਰਚੰਦ ਸਿੰਘ ਸਰਹਿੰਦੀ

ਭਾਰਤ ਵਿਚ ਇਸ ਸਮੇਂ 8 ਕਰੋੜ ਲੋਕ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਹਨ, ਜਿਨ੍ਹਾਂ ਵਿਚੋਂ ਕਰੀਬ 25 ਫ਼ੀਸਦੀ, ਭਾਵ ਦੋ ਕਰੋੜ ਦੇ ਸਿਰ 'ਤੇ ਦਿਲ ਦੇ ਦੌਰੇ ਦਾ ਖ਼ਤਰਾ ਮੰਡਲਾ ਰਿਹਾ ਹੈ। ਹਰ ਸਾਲ 25 ਲੱਖ ਤੋਂ ਵੱਧ ਲੋਕ ਦਿਲ ਦੇ ਦੌਰੇ ਦੀ ਭੇਟ ਚੜ੍ਹ ਜਾਂਦੇ ਹਨ। ਜ਼ਿੰਦਗੀ ਦੇ ਰੰਗ-ਢੰਗ ਬਦਲਣ ਤੇ ਵਧਦੇ ਤਣਾਅ ਕਾਰਨ ਹੁਣ ਬੁੱਢੇ ਹੀ ਨਹੀਂ ਸਗੋਂ ਨੌਜਵਾਨ ਵੀ ਦਿਲ ਦੀਆਂ ਬਿਮਾਰੀਆਂ ਦੇ ਸ਼ਿਕਾਰ ਹੋ ਰਹੇ ਹਨ। ਇਸ ਸੰਬੰਧੀ ਤਾਜ਼ਾ ਅੰਕੜੇ ਦੱਸਦੇ ਹਨ ਕਿ ਭਾਰਤ ਵਿਚ ਦਿਲ ਦੇ ਦੌਰਿਆਂ ਤੋਂ ਪੀੜਤਾਂ ਵਿਚ 80 ਲੱਖ ਉਹ ਲੋਕ ਹਨ, ਜਿਨ੍ਹਾਂ ਦੀ ਉਮਰ 40 ਸਾਲ ਤੋਂ ਘੱਟ ਹੈ। ਭਾਰਤ ਦੇ ਉਘੇ ਦਿਲ ਰੋਗ ਮਾਹਰ ਡਾ. ਉਪਿੰਦਰ ਕੌਲ ਦਾ ਕਹਿਣਾ ਹੈ ਕਿ ਪੱਛਮੀ ਦੇਸ਼ਾਂ ਦੇ ਮੁਕਾਬਲੇ ਭਾਰਤ ਵਿਚ ਇਹ ਸਮੱਸਿਆ ਕੁਝ ਜ਼ਿਆਦਾ ਹੀ ਗੰਭੀਰ ਹੈ। ਭਾਰਤ ਵਿਚ ਦਿਲ ਦੇ ਦੌਰਿਆਂ ਤੋਂ ਪੀੜਤ 40 ਸਾਲ ਤੋਂ ਘੱਟ ਉਮਰ ਦੇ ਲੋਕਾਂ ਦੀ ਗਿਣਤੀ 40 ਫੀਸਦੀ ਹੈ, ਜਦੋਂ ਕਿ ਉਤਰੀ ਅਮਰੀਕਾ ਸਣੇ ਪੱਛਮੀ ਦੇਸ਼ਾਂ ਵਿਚ ਇਹ ਅੰਕੜਾ ਸਿਰਫ਼ ਚਾਰ ਫ਼ੀਸਦੀ ਹੈ। ਦਰਅਸਲ, ਭਾਰਤੀ ਮੂਲ ਦੇ ਲੋਕਾਂ ਵਿਚ, ਯੂਰਪ ਵਾਸੀਆਂ ਦੇ ਮੁਕਾਬਲੇ, ਦਿਲ ਦਾ ਦੌਰਾ ਪੈਣ ਦੀਆਂ ਵੱਧ ਸੰਭਾਵਨਾਵਾਂ ਹੁੰਦੀਆਂ ਹਨ। ਇਸ ਦਾ ਮੁੱਖ ਕਾਰਨ ਇਹ ਹੈ ਕਿ ਭਾਰਤ ਵਾਸੀਆਂ ਦੇ ਖ਼ੂਨ ਵਿਚ ਕੋਲੈਸਟਰਾਲ ਦੀ ਮਾਤਰਾ ਵਿਚ ਵਾਧਾ ਹੋਣ ਦਾ ਝੁਕਾਉ ਬਣਿਆ ਰਹਿੰਦਾ ਹੈ।



ਮਰਦਾਂ ਦੀ ਤੁਲਨਾ ਵਿਚ ਔਰਤਾਂ ਦਿਲ ਦੇ ਰੋਗਾਂ ਤੋਂ ਕਾਫ਼ੀ ਹੱਦ ਤੱਕ ਬਚੀਆਂ ਰਹਿੰਦੀਆਂ ਹਨ। ਇਸ ਦਾ ਕਾਰਨ ਇਹ ਹੈ ਕਿ ਔਰਤਾਂ ਦੇ ਸਰੀਰ ਵਿਚ ਰਜੋਨਵਿਰਤੀ (ਮੀਨੋਪਾਜ਼) ਤੋਂ ਪਹਿਲਾਂ, ਮਦੀਨ ਲਿੰਗ ਹਾਰਮੋਨਜ਼ (ਈਸਟਰੋਜਨ ਤੇ ਪ੍ਰੋਜੈਸਟਰਾਨ) ਦੀ ਭਰਪੂਰ ਮਾਤਰਾ, ਉਨ੍ਹਾਂ ਨੂੰ ਦਿਲ ਦੀਆਂ ਬਿਮਾਰੀਆਂ ਤੋਂ ਬਚਾਓ ਛਤਰ ਪ੍ਰਦਾਨ ਕਰਦੀ ਹੈ। ਕਿਵੇਂ? ਲਿੰਗ ਹਾਰਮੋਨਜ਼ ਦੀ ਮੌਜੂਦਗੀ, ਧਮਣੀਆਂ (ਆਰਟਰੀਜ਼) ਵਿਚ ਕੋਲੈਸਟਰਾਲ ਦੇ ਜਮਾਅ ਨੂੰ ਰੋਕਦੀ ਹੈ। ਪਰ ਤਾਜ਼ਾ ਅਧਿਐਨਾਂ ਦੇ ਅੰਕੜੇ ਦੱਸਦੇ ਹਨ ਕਿ ਪਿਛਲੇ ਕੁਝ ਸਾਲਾਂ ਤੋਂ ਔਰਤਾਂ ਵਿਚ ਦਿਲ ਦੇ ਰੋਗ ਤੇਜ਼ੀ ਨਾਲ ਵਧ ਰਹੇ ਹਨ। ਇਸ ਦਾ ਕਾਰਨ ਹੈ ਕਿ ਅੱਜ ਔਰਤਾਂ ਵੀ ਭੱਜ-ਦੌੜ ਤੇ ਤਣਾਅ ਭਰੀ ਜ਼ਿੰਦਗੀ ਵਿਚ ਪਿਸ ਰਹੀਆਂ ਹਨ।

ਦਿਲ ਦੀਆਂ ਬਿਮਾਰੀਆਂ ਦੇ ਬਹੁਤ ਸਾਰੇ ਕਾਰਨ ਹਨ, ਪਰ ਧਮਣੀਆਂ ਦਾ ਅੰਦਰੋਂ ਤੰਗ ਹੋ ਜਾਣਾ ਦਿਲ ਦੇ ਰੋਗਾਂ ਦਾ ਮੁੱਖ ਕਾਰਨ ਸਮਝਿਆ ਜਾਂਦਾ ਹੈ। ਗੱਲ ਨੂੰ ਹੋਰ ਸਪੱਸ਼ਟ ਕਰਦਿਆਂ, ਧਮਣੀਆਂ ਅੰਦਰ ਕੋਲੈਸਟਰਾਲ ਦਾ ਲੇਪ ਹੋ ਜਾਣ ਕਾਰਨ ਇਨ੍ਹਾਂ ਦਾ ਵਿਆਸ ਅੰਦਰੋਂ ਘੱਟ ਜਾਂਦਾ ਹੈ। ਫਿਰ, ਇਨ੍ਹਾਂ ਤੰਗ ਹੋਏ ਰਸਤਿਆਂ ਵਿਚੋਂ ਖ਼ੂਨ ਧੱਕਣ ਲਈ ਦਿਲ ਨੂੰ ਵਿਥੋਂ ਵੱਧ ਕੰਮ ਕਰਨਾ ਪੈਂਦਾ ਹੈ। ਫਲਸਰੂਪ, ਦਿਲ ਦੀ ਵਿਵਸਥਾ ਅਤੇ ਕ੍ਰਮਬੱਧਤਾ ਵਿਚ ਵਿਗਾੜ ਆ ਜਾਂਦਾ ਹੈ। ਇਹੋ ਜਿਹੇ ਹਾਲਾਤ ਹੀ ਦਿਲ ਦੇ ਦੌਰੇ ਦਾ ਕਾਰਨ ਬਣਦੇ ਹਨ। ਕਿਵੇਂ? ਸੰਖੇਪ ਵਿਚ, ਦਿਲ ਦੇ ਪੱਠਿਆਂ ਨੂੰ ਕਾਰੋਨਰੀ ਆਰਟਰੀਜ਼ ਰਾਹੀਂ ਸ਼ੁੱਧ ਖ਼ੂਨ ਦੀ ਨਿਰਵਿਘਨ ਸਪਲਾਈ ਬਣੀ ਰਹਿੰਦੀ ਹੈ। ਪਰ ਜਦੋਂ ਕਾਰੋਨਰੀ ਆਰਟਰੀਜ਼ 'ਚ ਕੋਲੈਸਟਰਾਲ ਦੇ ਜੰਮਣ ਕਾਰਨ ਰਸਤਾ ਅੰਦਰੋਂ ਤੰਗ ਹੋ ਜਾਂਦਾ ਹੈ ਤਾਂ ਦਿਲ ਦੇ ਪੱਠਿਆਂ ਨੂੰ ਖ਼ੂਨ ਦੀ ਲੋੜੀਂਦੀ ਸਪਲਾਈ ਵਿਚ ਵਿਘਨ ਪੈ ਜਾਂਦਾ ਹੈ। ਫਲਸਰੂਪ ਦਿਲ ਦਰਦ ਦੀ ਸ਼ਿਕਾਇਤ ਪੈਦਾ ਹੋ ਜਾਂਦੀ ਹੈ। ਦਿਲ ਦੀ ਇਸ ਤਕਲੀਫ਼ ਨੂੰ ਹੀ ਦਿਲ ਦਾ ਦੌਰਾ (ਹਾਰਟ ਅਟੈਕ) ਕਿਹਾ ਜਾਂਦਾ ਹੈ। ਭਾਰਤ ਵਿਚ, ਇਕ ਅੰਦਾਜ਼ੇ ਅਨੁਸਾਰ 1,000 ਵਿਅਕਤੀਆਂ ਪਿਛੇ 33 ਨੂੰ ਹਾਰਟ ਅਟੈਕ ਦਾ ਸੰਤਾਪ ਭੋਗਣਾ ਪੈਂਦਾ ਹੈ। ਇਨ੍ਹਾਂ ਵਿਚੋਂ 18 ਲੱਖ ਬਿਨਾਂ ਕਿਸੇ ਚਿਤਾਵਨੀ ਤੋਂ ਜਾਂ ਹਸਪਤਾਲ ਪਹੁੰਚਣ ਤੋਂ ਪਹਿਲਾਂ ਹੀ ਦਮ ਤੋੜ ਜਾਂਦੇ ਹਨ।

ਹਾਰਟ ਅਟੈਕ ਦੀਆਂ ਬਹੁਤੀਆਂ ਘਟਨਾਵਾਂ ਸਵੇਰ ਵੇਲੇ ਵਾਪਰਦੀਆਂ ਹਨ। ਇਸ ਲਈ ਸਵੇਰੇ ਤੜਕਸਾਰ ਛਾਤੀ 'ਚ ਉਠੇ ਦਰਦ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਹੈ। ਇਹੋ ਤੱਥ, ਡਾ. ਕੇ.ਕੇ. ਅੱਗਰਵਾਲ, ਪ੍ਰਧਾਨ ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਸ਼ਬਦਾਂ ਵਿਚ : Early Morning Chest Paing Should Never Be Ignored as most Heart Attacks Occur in the Morning ਚੇਤੇ ਰਹੇ ! ਛਾਤੀ 'ਚ ਖੱਬੇ ਪਾਸੇ ਉਠਿਆ ਦਰਦ ਜ਼ਰੂਰੀ ਨਹੀਂ ਹਾਰਟ ਅਟੈਕ ਹੀ ਹੋਵੇ ! ਦੂਜਾ, ਜੇਕਰ ਛਾਤੀ ਦਰਦ ਦੀ ਮਿਆਦ 30 ਸਕਿੰਟਾਂ ਤੋਂ ਘੱਟ ਹੋਵੇ ਤਾਂ ਸਮਝੋ, ਇਹ ਹਾਰਟ ਅਟੈਕ ਦੀ ਘਟਨਾ ਨਹੀਂ ਹੈ।

ਗੁੱਸਾ, ਉਦਾਸੀ, ਚਿੜਚਿੜਾਪਣ, ਤਣਾਅ ਆਦਿ ਵੀ ਦਿਲ ਦੀਆਂ ਬਿਮਾਰੀਆਂ ਲਈ ਰਾਹ ਪੱਧਰਾ ਕਰਦੇ ਹਨ। ਹੈਨਰੀ ਫੋਰਡ ਹਸਪਤਾਲ ਦੇ ਡਾ. ਮਾਰਕ ਕੈਟਰਰ ਵੱਲੋਂ ਕੀਤੀ ਗਈ ਖੋਜ ਅਨੁਸਾਰ ਗੁੱਸਾ ਦਿਲ ਦੀਆਂ ਬਿਮਾਰੀਆਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਉਸ ਨੇ ਆਪਣੇ ਖੋਜ-ਪੱਤਰ ਵਿਚ ਗੁੱਸੇ ਅਤੇ ਤਣਾਅ ਦਿਲ ਦੀਆਂ ਬਿਮਾਰੀਆਂ ਦੀ ਸੰਭਾਵਨਾ ਨੂੰ ਵਧਾਉਂਦਾ ਹੈ। ਉਸ ਨੇ ਆਪਣੇ ਖੋਜ-ਪੱਤਰ ਵਿਚ ਗੁੱਸੇ ਅਤੇ ਤਣਾਅ ਦੇ ਦਿਲ ਦੀਆਂ ਬਿਮਾਰੀਆਂ 'ਤੇ ਪਏ ਪ੍ਰਭਾਵਾਂ ਦਾ ਅਧਿਐਨ ਕੀਤਾ ਅਤੇ

ਵੇਖਿਆ ਕਿ ਉਹ ਰੋਗੀ ਜੋ ਵਧੇਰੇ ਚਿੜਚਿੜੇ ਅਤੇ ਗੁੱਸੇ ਵਾਲੇ ਹੁੰਦੇ ਹਨ, ਉਨ੍ਹਾਂ ਵਿਚ ਇਸਚੀਮੀਆ ਦੇ ਲੱਛਣ ਪਾਏ ਗਏ (ਇਸਚੀਮੀਆ ਦਾ ਅਰਥ ਹੈ ਦਿਲ ਨੂੰ ਆਕਸੀਜਨ ਦੀ ਘੱਟ ਮਾਤਰਾ ਦਾ ਪਹੁੰਚਣਾ, ਜਿਸ ਨਾਲ ਦਿਲ ਦੇ ਦੌਰੇ ਦੀ ਸੰਭਾਵਨਾ ਵਧ ਜਾਂਦੀ ਹੈ)।

ਗੁੱਸਾ, ਤਣਾਅ ਅਤੇ ਧਮਣੀਆਂ ਵਿਚ ਰੁਕਾਵਟ ਤੋਂ ਇਲਾਵਾ ਖਾਣ-ਪੀਣ ਦੀਆਂ ਮਾੜੀਆਂ ਆਦਤਾਂ, ਵਰਜਿਸ਼ ਦੀ ਘਾਟ, ਮੋਟਾਪਾ ਅਤੇ ਤੰਬਾਕੂਨੋਸ਼ੀ ਦਿਲ ਦੀਆਂ ਬਿਮਾਰੀਆਂ ਦੇ ਮੁੱਖ ਕਾਰਨ ਹਨ। ਕਿਹਾ ਜਾ ਸਕਦਾ ਹੈ ਕਿ ਦਿਲ ਦੀਆਂ ਬਿਮਾਰੀਆਂ ਕੁਦਰਤ ਦੇ ਅਸੂਲਾਂ ਦੀ ਉਲੰਘਣਾ ਦੀ ਸਜ਼ਾ ਹੈ। ਗ਼ੌਰਤਲਬ ਹੈ ਕਿ ਜੰਗਲੀ ਜੀਵ ਦਿਲ ਦੀਆਂ ਬਿਮਾਰੀਆਂ ਤੋਂ ਬਚੇ ਰਹਿੰਦੇ ਹਨ, ਕਿਉਂਕਿ ਉਹ ਆਪਣਾ ਜੀਵਨ ਕੁਦਰਤ ਦੇ ਅਸੂਲਾਂ ਅਨੁਸਾਰ ਬਤੀਤ ਕਰਦੇ ਹਨ।

ਸ਼ਿਫ਼ਟਾਂ ’ਤੇ ਕੰਮ ਕਰਨਾ ਵੀ ਕਿਸੇ ਵਿਅਕਤੀ ਨੂੰ ਦਿਲ ਦੀ ਬਿਮਾਰੀ ਹੋਣ ਦੇ ਖ਼ਤਰੇ ਦੇ ਨੇੜੇ ਕਰ ਦਿੰਦਾ ਹੈ, ਕਿਉਂਕਿ ਦਿਲ ਕਹਿ ਰਿਹਾ ਹੁੰਦਾ ਹੈ ਕਿ ਕੰਮ ਦਾ ਸਮਾਂ ਰਾਤ ਨਹੀਂ, ਸਗੋਂ ਦਿਨ ਹੈ, ਯਾਨੀ ਦਿਲ ਅੱਧੀ ਰਾਤ ਨੂੰ ਕੰਮ ਕਰਨ ਲਈ ਤਿਆਰ ਨਹੀਂ ਹੁੰਦਾ। ਦਰਅਸਲ, ਇਹ ਵੀ ਕੁਦਰਤ ਦੇ ਨਿਯਮਾਂ ਦੀ ਉਲੰਘਣਾ ਹੈ, ਜਿਸ ਕਾਰਨ ਦਿਲ ਦਬਾਅ ਹੇਠ ਆ ਜਾਂਦਾ ਹੈ।

ਨਿਰਾਸ਼ਾਵਾਦੀ ਮਾਨਸਿਕਤਾ ਵੀ ਸੰਬੰਧਤ ਵਿਅਕਤੀ ਨੂੰ ਦਿਲ ਦੀਆਂ ਬਿਮਾਰੀਆਂ ਦੇ ਰੂ-ਬ-ਰੂ ਕਰ ਸਕਦੀ ਹੈ। “ਆਸ਼ਾਵਾਦੀ ਰਵੱਈਏ ਦੇ ਹਮਾਇਤੀ ਲੋਕਾਂ ਨੂੰ ਦਿਲ ਦਾ ਦੌਰਾ ਪੈਣ ਦਾ ਖ਼ਤਰਾ ਘੱਟ ਤੋਂ ਘੱਟ ਹੁੰਦਾ ਹੈ। ਨਿਰਾਸ਼ਾਵਾਦੀ ਮਾਨਸਿਕਤਾ ਵਾਲੇ ਲੋਕਾਂ ਨੂੰ ਦਿਲ ਦਾ ਦੌਰਾ ਪੈਣ ਦੀ ਸੰਭਾਵਨਾ ਬਣੀ ਰਹਿੰਦੀ ਹੈ।” ਇਕ ਡੱਚ ਅਧਿਐਨ ’ਚ ਉਪਰੋਕਤ ਤੱਥਾਂ ਦਾ ਖੁਲਾਸਾ ਕੀਤਾ ਗਿਆ ਹੈ। ਇਸ ਅਧਿਐਨ ਦੌਰਾਨ ਨੀਦਰਲੈਂਡ ਦੇ ਸਿਹਤ ਇੰਸਟੀਚਿਊਟ ’ਚ 64 ਤੋਂ 84 ਸਾਲ ਉਮਰ ਵਰਗ ਦੇ 545 ਪੁਰਸ਼ਾਂ ਦਾ ਪ੍ਰੀਖਣ ਕੀਤਾ ਗਿਆ। ਅਧਿਐਨ ਤਹਿਤ ਲਏ ਗਏ ਲੋਕਾਂ ’ਤੇ 15 ਸਾਲਾਂ ਤੱਕ ਨਿਗਰਾਨੀ ਰੱਖੀ ਗਈ। ਖੋਜੀ ਇਸ ਸਿੱਟੇ ’ਤੇ ਪਹੁੰਚੇ ਹਨ ਕਿ ਆਸ਼ਾਵਾਦੀ ਸੋਚ ਰੱਖਣ ਵਾਲੇ ਲੋਕਾਂ ਵਿਚ ਜਿਥੇ ਦਿਲ ਦੀਆਂ ਬਿਮਾਰੀਆਂ ਦੀ ਲਪੇਟ ਵਿਚ ਆਉਣ ਦੀ ਸੰਭਾਵਨਾ ਘੱਟ ਹੁੰਦੀ ਹੈ, ਉਥੇ ਉਹ ਬਿਮਾਰ ਹੋਣ ’ਤੇ ਨਿਰਾਸ਼ਾਵਾਦੀ ਸੋਚ ਰੱਖਣ ਵਾਲੇ ਲੋਕਾਂ ਦੀ ਤੁਲਨਾ ’ਚ ਜਲਦੀ ਸਿਹਤਯਾਬ ਹੋ ਜਾਂਦੇ ਹਨ।

ਭਾਰਤ ਸਣੇ ਸਮੁੱਚੇ ਦੱਖਣੀ ਏਸ਼ੀਆ ਦੇ ਬਹੁਗਿਣਤੀ ਲੋਕਾਂ ਨੂੰ ਦਿਲ ਦੀਆਂ ਬਿਮਾਰੀਆਂ ਉਨ੍ਹਾਂ ਵਿਚਲੇ ਪੈਤਰਿਕ ਗੁਣਾਂ ਕਰਕੇ ਚਿੰਬੜਦੀਆਂ ਹਨ, ਯਾਨੀ ਇਹ ਬਿਮਾਰੀਆਂ ਉਨ੍ਹਾਂ ਨੂੰ ਜੀਨਜ਼ (Genes) ਰਾਹੀਂ ਵਿਰਾਸਤ ਵਿਚ ਮਿਲਦੀਆਂ ਹਨ। ਇਸੇ ਕਰਕੇ ਬਹੁਤੀ ਵਾਰ ਦਿਲ ਦੀਆਂ ਬਿਮਾਰੀਆਂ ਦਾ ਇਲਾਜ ਸੰਭਵ ਨਹੀਂ ਹੁੰਦਾ। 40-45 ਸਾਲ ਦੀ ਉਮਰ ਦੌਰਾਨ ਸਾਨੂੰ ਦਿਲ ਦੀਆਂ ਬਿਮਾਰੀਆਂ ਘੇਰ ਲੈਂਦੀਆਂ ਹਨ, ਜਦ ਕਿ ਪੱਛਮੀ ਮੁਲਕਾਂ ’ਚ ਦਿਲ ਦੀਆਂ ਬਿਮਾਰੀਆਂ ਔਸਤਨ 60 ਸਾਲਾਂ ਦੀ ਉਮਰ ਤੋਂ ਬਾਅਦ ਹਮਲਾ ਕਰਦੀਆਂ ਹਨ। ਉਨ੍ਹਾਂ ਨੇ ਇਕ ਦਿਲਚਸਪ ਤੱਥ ਤੋਂ ਪਰਦਾ ਹਟਾਉਂਦਿਆਂ ਦੱਸਿਆ ਕਿ ਪੱਛਮੀ ਦੇਸ਼ਾਂ ਦੇ ਮੁਕਾਬਲੇ ਇਸ ਖਿੱਤੇ ਦੇ ਲੋਕ ਦਿਲ ਦੀਆਂ ਬਿਮਾਰੀਆਂ ਦੀ ਪਕੜ ਵਿਚ ਇਸ ਕਰਕੇ ਆ ਜਾਂਦੇ ਹਨ, ਕਿਉਂਕਿ ਇਸ ਖਿੱਤੇ ਦੇ ਵਾਸੀਆਂ ਦੇ ਦਿਲ ਦੀਆਂ ਧਮਣੀਆਂ ਪੱਛਮੀ ਮੁਲਕਾਂ ਦੇ ਲੋਕਾਂ ਦੇ ਮੁਕਾਬਲੇ ਛੋਟੀਆਂ ਹਨ। ਇਤਫ਼ਾਕਸਵੱਸ, ਇਥੇ ਇਹ ਗੱਲ ਸਪੱਸ਼ਟ ਕਰ ਦੇਣੀ ਜ਼ਰੂਰੀ ਬਣਦੀ ਹੈ ਕਿ ਭਾਰਤੀ ਮੂਲ ਦੇ ਲੋਕਾਂ ਵਿਚ ਦਿਲ ਦੀਆਂ ਧਮਣੀਆਂ ਬੇਸ਼ੱਕ ਮੁਕਾਬਲਤਨ ਛੋਟੀਆਂ ਹੁੰਦੀਆਂ ਹਨ ਪਰ ਇਹ ਕੋਲੈਸਟਰਾਲ ਦੇ ਜੰਮਣ ਨਾਲ ਇਕਦਮ ਹੀ ਬੰਦ ਨਹੀਂ ਹੋ ਜਾਂਦੀਆਂ। ਦੋ ਤੋਂ ਤਿੰਨ ਦਹਾਕਿਆਂ ਦਾ ਸਮਾਂ ਲੱਗਦਾ ਹੈ ਅਜਿਹੇ ਮੰਦਭਾਗੇ ਹਾਲਾਤ ਪੈਦਾ ਹੋਣ ਨੂੰ! ਇਹੋ ਤੱਥ, ਦਿਲ ਦੇ ਰੋਗਾਂ ਦੇ ਇਕ ਅਮਰੀਕੀ ਮਾਹਿਰ ਡਾ. ਐਰਿਕ ਗਿਲਟੇ ਦੇ ਸ਼ਬਦਾਂ ਵਿਚ : Heart Attack Process, Which Involves Blocking of The Coronary Arteries, Takes Two to Three Decades to Become Serious. ਇਸ ਦਾ ਮਤਲਬ ਇਹ ਹੋਇਆ ਕਿ ਹਾਰਟ ਅਟੈਕ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਮਰੀਜ਼ਾਂ ਵੱਲੋਂ ਸਮੇਂ ਸਿਰ ਉਠਾਏ ਕੁਝ ਹਿਫ਼ਾਜ਼ਤੀ ਕਦਮ ਲਾਹੇਵੰਦ ਸਿੱਧ ਹੁੰਦੇ ਹਨ।

ਹੁਣ ਸਵਾਲ ਇਹ ਉਠਦਾ ਹੈ ਕਿ ਦਿਲ ਨੂੰ ਤੰਦਰੁਸਤ ਰੱਖਣ ਲਈ ਕਿਸ ਤਰ੍ਹਾਂ ਦੇ ਹਿਫ਼ਾਜ਼ਤੀ ਕਦਮ ਚੁੱਕੇ ਜਾਣ। ਇਸ ਸੰਬੰਧ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਜੀਵਨਸ਼ੈਲੀ ਅਤੇ ਖਾਣ-ਪੀਣ ਦੀਆਂ ਆਦਤਾਂ ਵਿਚ ਬਦਲਾਅ ਲਿਆਇਆ ਜਾਵੇ। ਮੰਨੇ-ਪ੍ਰਮੰਨੇ ਦਿਲ ਦੇ ਰੋਗਾਂ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਭਾਰਤ ਵਾਸੀਆਂ ਨੇ ਜੀਵਨਸ਼ੈਲੀ ’ਚ ਬਦਲਾਅ ਨਾ ਕੀਤਾ ਤਾਂ ਦੇਸ਼ ’ਚ ਦਿਲ ਦੇ ਮਰੀਜ਼ਾਂ ਦੀ ਗਿਣਤੀ ਖ਼ਤਰਨਾਕ ਰੂਪ ’ਚ ਵਧਦੀ ਰਹੇਗੀ। ਇਨ੍ਹਾਂ ਮਾਹਿਰਾਂ ਅਨੁਸਾਰ ਜੇਕਰ ਦਿਲ ਦੇ ਮਰੀਜ਼ਾਂ ਦੀ ਸੰਖਿਆ ’ਚ ਵਾਧੇ ਦੀ ਇਹੀ ਦਰ ਰਹੀ ਤਾਂ 2020 ਤੱਕ ਅਜਿਹੇ ਰੋਗੀਆਂ ਦੀ ਸੰਖਿਆ ਦੇ ਮਾਮਲੇ ’ਚ ਭਾਰਤ ਦੁਨੀਆਂ ਦਾ ਨੰਬਰ ਇਕ ਦੇਸ਼ ਬਣ ਜਾਵੇਗਾ। ਪੰਜਾਬ ਯੂਨੀਵਰਸਿਟੀ ਦੇ ਸਾਈਕਾਲੋਜੀ ਵਿਭਾਗ ਦੇ ਪ੍ਰੋਫ਼ੈਸਰ ਜਤਿੰਦਰ ਮੋਹਨ ਦੀ ਅਗਵਾਈ ਹੇਠ ਕੀਤੇ ਇਕ ਤਾਜ਼ਾ ਅਧਿਐਨ ਤੋਂ ਇਹ ਤੱਥ ਉਭਰ ਕੇ ਸਾਹਮਣੇ ਆਇਆ ਹੈ ਕਿ ਭਾਰਤ ਦੇ ਉਤਰੀ ਖੇਤਰ ਦੇ ਲੋਕਾਂ, ਖਾਸਕਰ ਸਿੱਖ ਭਾਈਚਾਰੇ ਦੇ ਲੋਕਾਂ ਵਿਚ ਦਿਲ ਦੇ ਰੋਗਾਂ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ, ਜੋ ਸਾਡੇ ਲਈ ਚਿੰਤਾ ਵਾਲੀ ਗੱਲ ਹੈ।

ਮੈਕਸ ਹਾਰਟ ਐਂਡ ਵਾਸਕਿਊਲਰ ਇੰਸਟੀਚਿਊਟ ਦੇ ਡਾਇਰੈਕਟਰ ਡਾ. ਪ੍ਰਵੀਨ ਚੰਦਰਾ ਅਨੁਸਾਰ ਸ਼ਹਿਰੀ ਇਲਾਕਿਆਂ ’ਚ ਲੋਕ ਉਚ ਤਣਾਅ ਦਾ ਸ਼ਿਕਾਰ ਹੋ ਜਾਂਦੇ ਹਨ। ਲੋਕ ਘੱਟ ਤੋਂ ਘੱਟ ਸਮੇਂ ’ਚ ਵੱਧ ਤੋਂ ਵੱਧ ਤਰੱਕੀ ਕਰਨਾ ਚਾਹੁੰਦੇ ਹਨ। ਸਮਰੱਥਾ ਤੋਂ ਵੱਧ ਕੰਮ ਕਰਨਾ ਨੌਜਵਾਨਾਂ ’ਚ ਤਣਾਅ ਅਤੇ ਦਿਲ ਦੇ ਰੋਗਾਂ ਦਾ ਪ੍ਰਮੁੱਖ ਕਾਰਨ ਹੈ। ‘ਦਿਲ ਦੀ ਬਿਮਾਰੀ ਮੁੱਖ ਰੂਪ ’ਚ ਜੀਵਨਸ਼ੈਲੀ ਨਾਲ ਜੁੜੀ ਬਿਮਾਰੀ ਹੈ। ਲੋਕਾਂ ਨੂੰ ਆਪਣੀ ਜੀਵਨਸ਼ੈਲੀ ਤੇ ਆਦਤਾਂ ’ਚ ਬਦਲਾਅ ਲਿਆਉਣਾ ਹੋਵੇਗਾ।” ਜਿਥੋਂ ਤੱਕ ਆਦਤਾਂ ਦਾ ਸਵਾਲ ਹੈ ਖਾਣ-ਪੀਣ ਦੇ ਮਾਮਲੇ ’ਚ ਬਦਲਾਅ ਅਤਿ ਜ਼ਰੂਰੀ ਹੈ।

ਦਿਲ ਦੇ ਰੋਗਾਂ ਦੇ ਪ੍ਰਸਿੱਧ ਮਾਹਿਰ ਡਾ. ਨਰੇਸ਼ ਤਰੇਹਨ ਅਨੁਸਾਰ ਦਿਲ ਦੇ ਰੋਗਾਂ ਨੂੰ ਦੂਰ ਰੱਖਣ ਦਾ ਮੂਲ ਮੰਤਰ ਹੈ ਸੀਮਤ ਮਾਤਰ ਵਿਚ ਭੋਜਨ ਕਰਨਾ। ਉਸ ਦਾ ਕਹਿਣਾ ਹੈ ਕਿ ਹਰ ਵਿਅਕਤੀ ਨੂੰ ਹਰ ਰੋਜ਼ ਦੋ ਚਮਚੇ ਸੋਇਆ ਤੇਲ ਜਾਂ ਜੈਤੂਨ ਦੇ ਤੇਲ ਦਾ ਸੇਵਨ ਕਰਨਾ ਚਾਹੀਦਾ ਹੈ। ਇਸ ਤੋਂ ਇਲਾਵਾ ਭੋਜਨ ਵਿਚ ਕਾਰਬੋਹਾਈਡ੍ਰੇਟ ਅਤੇ ਸਬਜ਼ੀਆਂ ਦੀ ਬਹੁਤਾਤ

ਹੋਣੀ ਚਾਹੀਦੀ ਹੈ। ਚੀਨੀ ਅਤੇ ਚਰਬੀ ਬਹੁਤ ਸੀਮਤ ਮਾਤਰਾ ਵਿਚ ਲਈ ਜਾਣੀ ਚਾਹੀਦੀ ਹੈ। ਹਫ਼ਤੇ ਵਿਚ ਤਿੰਨ ਵਾਰ ਸੀਮਤ ਮਾਤਰਾ ਵਿਚ ਸ਼ਰਾਬ ਦੀ ਆਗਿਆ ਤਾਂ ਦਿੱਤੀ ਜਾ ਸਕਦੀ ਹੈ ਪਰ ਸਿਗਰਟਨੋਸ਼ੀ ਤੋਂ ਦੂਰ ਰਹਿਣਾ ਤਾਂ ਬਹੁਤ ਹੀ ਜ਼ਰੂਰੀ ਹੈ। ਧਿਆਨ ਅਤੇ ਸਾਧਨਾ ਨੂੰ ਵੀ ਜੀਵਨ ਦਾ ਜ਼ਰੂਰੀ ਅੰਗ ਬਣਾਉਣਾ ਚਾਹੀਦਾ ਹੈ।

ਇਕ ਅਮਰੀਕੀ ਖੋਜੀ ਡਾ. ਕਾਲਡਵੈਲ ਐਸਿਲਸਟਾਇਨ ਦਾ ਕਹਿਣਾ ਹੈ ਕਿ ਸ਼ਾਕਾਹਾਰੀ ਭੋਜਨ ਦਿਲ ਦੇ ਦੌਰੇ ਤੋਂ ਬਚਾਓ ਛਤਰ ਪ੍ਰਦਾਨ ਕਰਦਾ ਹੈ। ਡਾ. ਐਸਿਲਟਾਇਨ ਦੇ ਸ਼ਬਦਾਂ ਵਿਚ : Sticking To a Plant Based Diet Can Eliminate The Chances of Developing Coronary Heart Diseases. ਪਰ ਮੱਛੀ ਖਾਣੀ ਦਿਲ ਦੀ ਸਿਹਤ ਲਈ ਚੰਗੀ ਹੈ। ਬੋਸਟਨ ਵਿਖੇ, 1982 ਤੋਂ ਇਸ ਵਿਸ਼ੇ 'ਤੇ ਖੋਜ 'ਚ ਲੱਗੀ ਕ੍ਰਿਸਟੀਨਾ ਅਲਬਰਟ ਦਾ ਕਹਿਣਾ ਹੈ, "ਹਫ਼ਤੇ 'ਚ ਦੋ ਵਾਰ ਮੱਛੀ ਖਾਣ ਵਾਲਿਆਂ ਨੂੰ, ਨਾ ਖਾਣ ਵਾਲਿਆਂ ਨਾਲੋਂ ਹਾਰਟ ਅਟੈਕ ਤੇ ਦਿਲ ਦੀਆਂ ਬਿਮਾਰੀਆਂ ਨਾਲ ਮੌਤ ਹੋਣ ਦਾ ਖਤਰਾ 47 ਫੀਸਦੀ ਘੱਟ ਜਾਂਦਾ ਹੈ।"

ਅਮਰੀਕਾ ਦੇ ਖੋਜੀਆਂ ਦਾ ਕਹਿਣਾ ਹੈ ਕਿ ਦਿਲ ਨੂੰ ਤੰਦਰੁਸਤ ਰੱਖਣ ਲਈ ਘੱਟੋ-ਘੱਟ ਰੋਜ਼ਾਨਾ 7 ਘੰਟੇ ਸੌਣਾ ਜ਼ਰੂਰੀ ਹੈ। ਇਹ ਜਾਣਕਾਰੀ, ਪਿਟਸਬਰਗ ਦੇ ਖੋਜੀ ਡਾਕਟਰਾਂ ਵੱਲੋਂ ਸੰਨ 2000 ਤੋਂ 2004 ਤੱਕ ਔਸਤਨ 37 ਸਾਲ ਉਮਰ ਦੇ 153 ਸਿਹਤਮੰਦ ਇਸਤਰੀਆਂ ਤੇ ਮਰਦਾਂ 'ਤੇ ਕੀਤੀ ਖੋਜ 'ਤੇ ਆਧਾਰਤ ਹੈ। ਖੋਜੀਆਂ ਅਨੁਸਾਰ ਪੂਰੀ ਤੇ ਗੂੜ੍ਹੀ ਨੀਂਦ ਦਾ ਨਜ਼ਾਰਾ ਨਾ ਲੈਣ ਵਾਲਿਆਂ ਨੂੰ ਤਣਾਅ ਅਤੇ ਦਿਲ ਦੀਆਂ ਬਿਮਾਰੀਆਂ ਆ ਘੇਰਦੀਆਂ ਹਨ।

ਮੋਟਾਪਾ, ਦਿਲ ਦੇ ਰੋਗਾਂ ਨੂੰ ਵਿਸ਼ੇਸ਼ ਬੁਲਾਵਾ ਦਿੰਦਾ ਹੈ। ਸੋ, ਮੋਟਾਪੇ ਨੂੰ ਨੇੜੇ ਨਾ ਫਟਕਣ ਦਿਓ। ਉਂਝ ਵੀ

**'ਫਿਟੁ ਇਵੇਹਾ ਜੀਵਿਆ ਜਿਤੁ ਖਾਇ ਵਧਾਇਆ ਪੇਟ ॥'**

**- ਬਾਬਾ ਨਾਨਕ**

ਰੋਜ਼ਾਨਾ ਕਸਰਤ (ਘੱਟੋ-ਘੱਟ ਸਵੇਰੇ-ਸ਼ਾਮ ਸੈਰ), ਦਿਲ ਦੇ ਰੋਗਾਂ ਦੀ ਰੋਕਥਾਮ ਲਈ ਅਤਿ ਜ਼ਰੂਰੀ ਹੈ। ਘਿਓ, ਮੱਖਣ, ਮਲਾਈ, ਮਾਸ ਦੀ ਚਰਬੀ ਅਤੇ ਅੰਡਿਆਂ ਦੀ ਵਰਤੋਂ 'ਚ ਕਟੌਤੀ ਕਰਕੇ ਖ਼ੂਨ 'ਚ ਕੋਲੈਸਟਰਾਲ ਦੀ ਮਾਤਰਾ ਨੂੰ ਘਟਾਇਆ ਜਾ ਸਕਦਾ ਹੈ।

ਗੱਲ ਨੂੰ ਸਮੇਟਦਿਆਂ, ਉਹ ਖ਼ੁਰਾਕ ਜਿਸ ਵਿਚ ਸਬਜ਼ੀਆਂ ਅਤੇ ਫਲ ਵਧੇਰੇ ਹੋਣ, ਪਰ ਮੀਟ ਅਤੇ ਮਿੱਠਾ ਘੱਟ ਹੋਵੇ, ਦੀ ਵਰਤੋਂ ਕਰਨ ਨਾਲ ਨਾ ਸਿਰਫ਼ ਬਲੱਡ ਪ੍ਰੈਸ਼ਰ ਘਟਾਉਣ ਵਿਚ ਮਦਦ ਮਿਲਦੀ ਹੈ, ਸਗੋਂ ਇਸ ਨਾਲ ਦਿਲ ਦੀਆਂ ਬਿਮਾਰੀਆਂ ਦਾ ਖਤਰਾ ਵੀ ਘਟਦਾ ਹੈ। ਇਹ ਗੱਲ, ਹਾਲ ਹੀ ਵਿਚ ਵਾਸ਼ਿੰਗਟਨ ਵਿਖੇ ਕੀਤੀ ਗਈ ਇਕ ਖੋਜ ਤੋਂ ਸਾਹਮਣੇ ਆਈ ਹੈ। ਖੋਜਕਾਰਾਂ ਨੇ ਦੱਸਿਆ ਹੈ ਕਿ ਸਿਹਤਮੰਦ ਖੁਰਾਗ ਦਿਲ ਅਤੇ ਖ਼ੂਨ ਦੀ ਸੰਚਾਰ ਪ੍ਰਣਾਲੀ 'ਤੇ ਇਕ ਤੋਂ ਵਧੇਰੇ ਪ੍ਰਭਾਵ ਪਾਉਂਦੀ ਹੈ।

ਖ਼ੁਰਾਕ ਵਿਚ ਸਿਰਫ਼ ਘੱਟ ਫੈਟ ਵਾਲੇ ਡੇਅਰੀ ਪਦਾਰਥ ਸ਼ਾਮਲ ਕੀਤੇ ਜਾ ਸਕਦੇ ਹਨ। ਦਿਲ ਦੇ ਮਰੀਜ਼ਾਂ ਨੂੰ ਖਾਣਾ ਖਾਣ ਤੋਂ ਬਾਅਦ ਘੱਟੋ-ਘੱਟ ਇਕ ਘੰਟਾ ਆਰਾਮ ਕਰਨਾ ਚਾਹੀਦਾ ਹੈ। ਮਰੀਜ਼ ਨੂੰ ਚਾਹੀਦਾ ਹੈ ਕਿ ਉਹ ਹਮੇਸ਼ਾ ਚੜ੍ਹਦੀ ਕਲਾ ਵਿਚ ਰਹੇ, ਕਿਉਂਕਿ ਦਿਲ ਦਾ ਦੌਰਾ ਪੈਣ ਦੀ ਘਟਨਾ, ਕਈ ਵਾਰ, ਉਦਾਸੀ ਤੇ ਤਣਾਅ ਦੀ ਸਥਿਤੀ ਵਿਚੋਂ ਜਨਮ ਲੈਂਦੀ ਹੈ।

* * *

# ਰੁੱਖਾਂ ਅਤੇ ਕੁੱਖਾਂ



**ਸ. ਸਤਿਨਾਮ ਸਿੰਘ ਕੋਮਲ**

ਰੁੱਖਾਂ ਅਤੇ ਕੁੱਖਾਂ ਦੀਆਂ ਕਰੋ ਰਖਵਾਲੀਆਂ।
ਪੈਣਗੇ ਉਜਾੜੇ ਜੇ ਗਈਆਂ ਨਾ ਸੰਭਾਲੀਆਂ।
ਰੁੱਖ ਵੱਢੀ ਜਾਉਗੇ ਨੇ ਛਾਵਾਂ ਮੁੱਕ ਜਾਣੀਆਂ,
ਪੁੱਤ ਨਹੀਂਗੇ ਲੱਭਣੇ ਜੇ ਮਾਵਾਂ ਮੁੱਕ ਜਾਣੀਆਂ,
ਬਣਨੀਆਂ ਚਿਖ਼ਾਵਾਂ ਜੋ ਅੱਗਾਂ ਹੱਥੀਂ ਬਾਲੀਆਂ।
ਪੈਣਗੇ ਉਜਾੜੇ ਜੇ...... ...

ਕੁੜੀ ਮਾਰ ਜੱਗ ਕੋਲੋਂ ਕਾਹਨੂੰ ਅਖਵਾਉਂਦੇ ਜੇ,
ਧੀਆਂ ਦੇ ਭਰੂਣ ਦੀ ਰੱਤ 'ਚ ਨਹਾਉਂਦੇ ਜੇ,
ਪੁੱਤਾਂ ਵੀ ਤਾਂ ਹੱਕ ਲੈਣੇ, ਤਾਣ ਕੇ ਦੁਨਾਲੀਆਂ।
ਪੈਣਗੇ ਉਜਾੜੇ ਜੇ...... ...

ਜੀਹਦੀ ਕੁੱਖ ਗੁਰੂ ਪੀਰਾਂ ਯੋਧਿਆਂ ਨੂੰ ਜੰਮਦੀ,
ਓਹੀ ਮਾਂ ਦੱਸੋਂ ਤੁਸੀਂ ਕਿਉਂ ਨਾ ਹੋਈ ਕੰਮ ਦੀ,
ਹੋਸ਼ ਵਿਚ ਆਓ ਕਿਉਂ ਸੋਚਾਂ ਨੇ ਜੰਗਾਲੀਆਂ।
ਪੈਣਗੇ ਉਜਾੜੇ ਜੇ...... ...

ਬੋਲ ਗੁਰੂ ਨਾਨਕ ਦੇ ਕਿਵੇਂ ਤੁਸੀਂ ਭੁੱਲ ਗਏ,
ਭੁੱਲ ਗਏ ਨੇ ਜੋ ਪੈਰੀਂ ਸਮਿਆਂ ਦੀ ਰੁੱਲ ਗਏ,
ਦਿੱਤੀਆਂ ਸਿਖਾਅ ਕਰਤੂਤਾਂ ਕਿਸ ਕਾਲੀਆਂ।
ਪੈਣਗੇ ਉਜਾੜੇ ਜੇ......

ਜੋ ਛਾਵਾਂ ਨਾਲ ਮੋਹ ਅਤੇ ਰੁੱਖ ਨੂੰ ਪਿਆਰ ਦੇ,
ਸਭ ਤੋਂ ਉਹ ਸੋਹਣੇ ਨੇ, ਮਨੁੱਖ ਸੰਸਾਰ ਦੇ,
ਵੈਸਾਖੀਆਂ ਨੇ ਦਿਨ ਹੁੰਦੇ, ਰਾਤਾਂ ਵੀ ਦੀਵਾਲੀਆਂ।
ਪੈਣਗੇ ਉਜਾੜੇ ਜੇ...... ...

ਹੁੰਦੇ ਡਾਢੇ ਮੋਹ ਕੋਮਲ, ਧੀਆਂ ਅਤੇ ਛਾਵਾਂ ਦੇ,
ਅਸੀਸਾਂ ਦੇ ਬੋਹਲ ਹੀ ਨੇ, ਹੁੰਦੇ ਕੋਲ ਮਾਵਾਂ ਦੇ,
ਇਨ੍ਹਾਂ ਬਾਝ ਉਮਰਾਂ ਨਾ ਜੀਣੀਆਂ ਸੁਖਾਲੀਆਂ।
ਪੈਣਗੇ ਉਜਾੜੇ ਜੇ.. ... ...

ਰੁੱਖਾਂ ਅਤੇ ਕੁੱਖਾਂ ਦੀਆਂ ਕਰੋ ਰਖਵਾਲੀਆਂ।
ਪੈਣਗੇ ਉਜਾੜੇ ਜੇ ਗਈਆਂ ਨਾ ਸੰਭਾਲੀਆਂ।

ਕਹਾਣੀ

# ਸਿਦਕਾਂ ਦਾ ਸਿਰਨਾਵਾਂ

ਡਾ. ਗੁਰਮਿੰਦਰ ਸਿੱਧੂ

ਬਚਪਨ ਦੀਆਂ ਮਸਤੀਆਂ ਭਰਿਆ ਰਾਂਗਲਾ ਮੌਸਮ ਸੀ, ਮੈਂ ਤੇ ਮੇਰੀ ਛੋਟੀ ਭੈਣ ਨਲਕੇ ਲਾਗੇ ਪਏ ਗਿੱਲੀ ਰੇਤ ਦੇ ਢੇਰ ਕੋਲ ਘਰ-ਘਰ ਖੇਡ ਰਹੀਆਂ ਸਾਂ। ਆਪਣੇ ਇਕ-ਇਕ ਪੈਰ ਉੱਤੇ ਰੇਤ ਜਮਾ ਕੇ ਤੇ ਫਿਰ ਪੋਲੇ ਜਿਹੇ ਡੱਬ ਨਾਲ ਪੈਰ ਬਾਹਰ ਕੱਢ ਕੇ ਅਸੀਂ ਦੋ ਕਮਰੇ ਉਸਾਰ ਲਏ ਸਨ। ਨਿੰਮ ਦੇ ਡੱਕਿਆਂ ਨੂੰ ਬੰਨ੍ਹ ਕੇ ਤਿਆਰ ਕੀਤੀ ਗਿੱਠ ਕੁ ਲੰਬੀ ਸੂਹਣ ਨਾਲ ਚੌਗਿਰਦੇ ਨੂੰ ਬੁਹਾਰਿਆ ਸੀ। ਰੇਤ ਦੀਆਂ ਮਧਰੀਆਂ ਜਿਹੀਆਂ ਵੱਟਾਂ ਬਣਾ ਕੇ ਵਿਹੜੇ ਦੀਆਂ ਕੰਧਾਂ ਖੜ੍ਹੀਆਂ ਕਰ ਲਈਆਂ ਸਨ, ਚੱਪਾ ਕੁ ਜਿੰਨਾ ਖੱਪਾ ਗੇਟ ਵਜੋਂ ਛੱਡ ਲਿਆ ਸੀ, ਇਕ ਗੁੱਠੇ ਕੰਧੋਲੀ ਵੀ ਬਣਾ ਲਈ ਸੀ। ਚੀਕ੍ਹਣੀ ਮਿੱਟੀ ਗੋ-ਗੋ ਕੇ ਢਾਲੇ ਅਤੇ ਸੁਕਾਏ ਖਿਡੌਣਿਆਂ-ਹਾਰ ਚੁੱਲ੍ਹੇ-ਭੜੋਲੀਆਂ ਤੇ ਭਾਂਡੇ ਪਹਿਲਾਂ ਹੀ ਸਾਨੂੰ ਮਿਲੇ ਹੋਏ ਸਨ। ਮਾਚਿਸ ਦੀਆਂ ਖਾਲੀ ਡੱਬੀਆਂ ਦੇ ਪੇਟੀਆਂ ਸੰਦੂਕ ਸਨ, ਫੇਰੀ ਵਾਲੇ ਭਾਈ ਤੋਂ ਖਰੀਦੀ ਚੀਨੀ ਦੀ ਇਕ ਗਾਂ ਤੇ ਵੱਛਾ ਵੀ ਸੀ, ਹੋਰ ਵੀ ਕਈ ਕੁੱਝ ਸੀ। ਅਸੀਂ ਸਾਰਾ ਮਾਲ ਥਾਉਂ-ਥਾਈਂ ਟਿਕਾ ਰਹੀਆਂ ਸਾਂ ਕਿ ਕਿ ਬੀਹੀ ਵਿੱਚੋਂ ਆਪਣੇ ਨਾਂ ਦਾ ਹੋਕਰਾ ਸੁਣਿਆ, ਅਜੇ ਮੈਂ ਉਧਰ ਨੂੰ ਕੰਨ ਚੁੱਕੇ ਹੀ ਸੀ ਕਿ ਧੜੱਕ ਦੇ ਕੇ ਦਰਵਾਜ਼ਾ ਖੁੱਲ੍ਹ ਗਿਆ, "ਬੋਡੇ ਪਾਪਾ ਜੀ ਆ' ਗੇ… ਪਾਪਾ ਜੀ ਆ' ਗੇ""

ਕੂਕਦਾ ਸਾਡਾ ਚਚੇਰਾ ਭਰਾ ਹੌਂਕਦਾ ਹੋਇਆ ਅੰਦਰ ਆ ਵੜਿਆ, ਉਹ ਬੱਸ-ਅੱਡੇ ਵੱਲੋਂ ਸਿਰਤੋੜ ਭੱਜਿਆ ਆਇਆ ਸੀ ਤੇ ਏਨਾ ਕੁ ਦੱਸ ਕੇ ਫਿਰ ਪਿਛੇ ਵੱਲ ਸ਼ੂਟ ਵੱਟ ਗਿਆ। ਅਸੀਂ ਦੋਵੇਂ ਵੀ ਸਭ ਕੁਝ ਉਵੇਂ ਜਿਵੇਂ ਛੱਡ ਕੇ ਉਧਰ ਨੂੰ ਦੌੜ ਪਈਆਂ। ਸਾਹਮਣੇ ਪਿਆ ਪਿੱਤਲ ਦਾ ਲੋਟਾ ਮੇਰੇ ਠੁੱਡੇ ਨਾਲ ਟੰਨ-ਟੰਨ ਕਰਦਾ ਅੱਗੇ ਅੱਗੇ ਦੌੜਿਆ ਤੇ ਫਿਰ ਇਕ ਪਾਸੇ ਲੁੜ੍ਹਕ ਗਿਆ। ਅੱਡੇ ਤੋਂ ਉਰੇ ਹੀ ਇਕ ਜੱਥਾ ਤੁਰਿਆ ਆਉਂਦਾ ਸੀ, ਸਿਰ ਉੱਤੇ ਟਰੰਕ ਚੁੱਕੀ ਨਿੱਧਰਿਆਂ ਦਾ 'ਗੇਂਦੀ', ਪਿੱਛੇ ਪਿੱਛੇ ਮੋਢੇ ਉੱਤੇ ਬੈਗ ਲਟਕਾਈ ਫੌਜੀ ਵਰਦੀ ਵਿੱਚ ਪਾਪਾ ਜੀ ਸੂਬੇਦਾਰ ਮੇਜਰ ਕਰਨੈਲ ਸਿੰਘ, ਉਨ੍ਹਾਂ ਦੇ ਆਸੇ-ਪਾਸੇ ਪਿੰਡ ਵਿੱਚੋਂ ਲੱਗਦੇ ਸਾਡੇ ਤਾਏ, ਚਾਚੇ, ਭਰਾ, ਬਾਬੇ ਤੇ ਮਗਰ ਖੜਮਸਤੀਆਂ ਕਰਦੇ ਆਉਂਦੇ ਸਾਡੇ ਹਾਣੀ। ਅਸੀਂ ਇਕ ਦੂਜੇ ਤੋਂ ਮੂਹਰੇ ਭੱਜ ਕੇ ਪਾਪਾ ਜੀ ਨੂੰ ਚਿੰਬੜ ਗਈਆਂ।

"ਓਇ ਬੱਲੇ ਬੱਲੇ…" ਕਹਿੰਦਿਆਂ ਉਨ੍ਹਾਂ ਸਾਨੂੰ ਘੁੱਟ ਕੇ ਸੀਨੇ ਨਾਲ ਲਾਇਆ ਤੇ ਫਿਰ ਹੱਸਦਿਆਂ-ਹੱਸਦਿਆਂ ਬਗਲਾਂ ਤੋਂ ਚੁੱਕ ਕੇ ਹੂਟਾ ਜਿਹਾ ਦੇ ਦਿੱਤਾ। ਹੁਣ ਉਨ੍ਹਾਂ ਦੀ ਸੱਜੀ ਖੱਬੀ ਬਾਂਹ ਨਾਲ ਝੂਲ-ਝੂਲ ਕੇ ਮੜਕ ਨਾਲ ਪੱਬ ਚੁੱਕਦੀਆਂ ਅਸੀਂ ਜਿਵੇਂ ਕੋਈ ਰਾਜਕੁਮਾਰੀਆਂ ਸਾਂ। ਬੇਬੇ ਹੋਰਾਂ ਨੇ ਬੈਠਕ ਖੋਲ੍ਹ ਕੇ ਵਾਧੂ ਕੁਰਸੀਆਂ ਮੂੜ੍ਹੇ ਡਾਹ ਦਿੱਤੇ ਸਨ, ਸਾਰੇ ਜਣੇ ਆ ਕੇ ਉਥੇ ਸੱਜ ਗਏ। ਪਹਿਲਾਂ ਖ਼ੈਰ-ਸੁੱਖ ਪੁੱਛਣ ਵਰਗੀਆਂ ਗੱਲਾਂ-ਬਾਤਾਂ ਤੇ ਫਿਰ ਠਹਾਕਿਆਂ ਦੇ ਫੁਹਾਰੇ ਫੁੱਟਣ ਲੱਗੇ। ਲੂੰਬੇ ਵਾਲੇ ਚੁੱਲ੍ਹੇ ਉੱਤੇ ਧਰੀ ਵਲਟੋਹੀ ਵਿੱਚ ਚਾਹ ਉੱਬਲਣ ਲੱਗ ਪਈ ਸੀ, ਬੀਜੀ ਤੇ ਭੂਆ ਜੀ ਚੌਂਕੇ ਵਿੱਚ ਆਹਰ-ਪਾਹਰ ਕਰ ਰਹੀਆਂ ਸਨ, ਅਸੀਂ ਦੋਵੇਂ ਭੈਣਾਂ ਕਾਂਸੀ ਦੇ ਥਾਲਾਂ ਵਿੱਚ ਪਾਣੀ ਦੇ ਗਲਾਸ ਤੇ ਚਾਹ ਦੀਆਂ ਪਿਆਲੀਆਂ ਟਿਕਾ ਕੇ ਬੈਠਕ ਅਤੇ ਚੌਂਕੇ ਵਿਚਾਲੇ ਭੰਬੀਰੀਆਂ ਬਣੀਆਂ ਹੋਈਆਂ ਸਾਂ। ਉਹ ਰੂਹਾਂ ਨੂੰ ਰੰਗਣ ਵਾਲਾ ਕੋਈ ਅਲਬੇਲਾ ਆਲਮ ਸੀ, ਅਸੀਂ ਚਾਅ ਨਾਲ ਲਟਬੌਰੀਆਂ ਹੋ ਰਹੀਆਂ ਸਾਂ, ਘਰ ਹੋਰ ਦਾ ਹੋਰ ਬਣ ਗਿਆ ਸੀ, ਘਰ ਵਿੱਚ ਹਾਸਿਆਂ ਦੀ ਰੁੱਤ ਉੱਤਰ ਆਈ ਸੀ।

ਇਹ ਰੁੱਤ ਹਰ ਸਾਲ ਆਉਂਦੀ, ਸਾਰੇ ਅਗਵਾੜ, ਸਗੋਂ ਸਾਰੇ ਪਿੰਡ ਵਿੱਚ, ਕਿਸੇ ਚਿਰ-ਉਡੀਕੇ ਉਤਸਵ ਵਾਂਗ, ਜਦੋਂ ਪਾਪਾ ਜੀ ਫੌਜ ਵਿੱਚੋਂ ਦੋ ਮਹੀਨੇ ਦੀ ਛੁੱਟੀ ਆਉਂਦੇ ਸਨ। ਉਹਨੀਂ ਦਿਨੀਂ ਘਰ ਵਿੱਚ ਹਰ ਵਕਤ ਗਹਿਮਾ-ਗਹਿਮੀ ਰਹਿੰਦੀ, ਇਕ ਤੁਰਦਾ, ਦੂਜਾ ਆ ਜਾਂਦਾ, ਚਾਹ ਦਾ ਦੇਗਾ ਚੜ੍ਹਿਆ ਰਹਿੰਦਾ, ਮੀਟ-ਮੁਰਗਾ ਰਿੱਝਦੇ ਰਹਿੰਦੇ, ਚੁੱਲ੍ਹੇ ਉੱਤੇ ਮੰਡਿਆਂ ਦੀਆਂ ਥੱਬੀਆਂ ਲਹਿੰਦੀਆਂ, ਬੈਠਕ ਵਿੱਚ ਫੌਜ ਦੇ ਕਿੱਸੇ-ਕਹਾਣੀਆਂ ਤੇ ਪਿੰਡ ਦੇ ਦੁੱਖ-ਸੁਖ ਚਰਚਿਤ ਹੁੰਦੇ, ਵਿਹੜਾ ਕਹਿਕਹਿਆਂ ਨਾਲ ਛਣਕਦਾ ਰਹਿੰਦਾ। ਪਾਪਾ ਜੀ ਦੇ ਜਾਂਦਿਆਂ ਹੀ ਉੱਛਲ-ਉੱਛਲ ਕੇ ਵਗਦੀਆਂ ਲਹਿਰਾਂ ਠਹਿਰਾਅ ਵਿੱਚ ਆ ਜਾਂਦੀਆਂ, ਘਰ ਇਕ ਸ਼ਾਂਤ ਸਮੁੰਦਰ ਹੋ ਜਾਂਦਾ, ਜ਼ਿੰਦਗੀ ਆਪਣੀ ਪਹਿਲੀ ਤੋਰੇ ਤੁਰਨ ਲੱਗਦੀ। ਆਪਣੀ ਸਖੀਆਂ ਦੇ ਬਾਪੂਆਂ ਨੂੰ ਪਿੰਡ ਵਿੱਚ ਘੁੰਮਦੇ-ਫਿਰਦੇ ਦੇਖ ਕੇ ਅਸੀਂ ਮਸੋਸੀਆਂ ਜਿਹੀਆਂ ਜਾਂਦੀਆਂ, ਆਪਣਾ ਕੋਈ ਹਿੱਸਾ ਗੁਆਚ ਗਿਆ ਲੱਗਦਾ। ਪਰ ਪਾਪਾ ਜੀ ਜਦੋਂ ਆਉਂਦੇ ਅਗਲੀ ਪਿਛਲੀ ਸਾਰੀ ਕਸਰ ਕੱਢ ਦਿੰਦੇ, ਗੱਲੇ-ਕੱਥੇ ਪਿਆਰ ਲੁਟਾਉਂਦੇ, ਸਾਨੂੰ ਦੋਵਾਂ ਭੈਣਾਂ ਨੂੰ ਸੈਰਾਂ ਕਰਵਾਉਂਦੇ, ਏਨੀਆਂ ਸੈਰਾਂ… ਕਿ ਸਾਡੀਆਂ ਸਖੀਆਂ ਸਾਡੇ ਵੱਲ ਹਸਰਤ ਜਿਹੀ ਨਾਲ ਝਾਂਕਦੀਆਂ, ਉਨ੍ਹਾਂ ਦੇ ਬਾਪੂ ਪਾਪਾ ਜੀ ਵਾਂਗ ਲਾਡੀਆਂ-ਮਾਡੀਆਂ ਵੀ ਤਾਂ ਨਹੀਂ ਕਰਦੇ ਸਨ। ਪਾਪਾ ਜੀ ਦੇ ਲਿਆਂਦੇ ਕੱਚ ਦੇ ਜਾਰਾਂ ਵਿਚਲੀਆਂ ਜੈਮ-ਗੋਲੀਆਂ ਤੇ ਅਖਰੋਟਾਂ ਦੀਆਂ ਮੁੱਠਾਂ ਭਰ-ਭਰ ਕੇ ਬਾਲਾਂ ਨੂੰ ਵੰਡਦੀ ਮਾਂ ਕੋਈ ਸ਼ਾਹਣੀ ਹੁੰਦੀ। ਜਦੋਂ ਉਹ ਟੀਨ ਦੇ ਡੱਬੇ ਖੋਲ੍ਹ ਕੇ ਰਸ-ਭਿੱਜੇ ਅਨਾਨਾਸ ਦੀਆਂ ਗੋਲ-ਗੋਲ ਟੁਕੜੀਆਂ ਵਰਤਾਉਂਦੇ ਤਾਂ ਚੂਸ-ਚੂਸ ਕੇ ਖਾਂਦੀਆਂ ਨੂੰ ਸਾਨੂੰ ਪੂਰੀ ਕਾਇਨਾਤ ਸੁਆਦ-ਸੁਆਦ ਲੱਗਦੀ। ਉਨ੍ਹਾਂ ਦੇ ਜਾਣ ਬਾਅਦ ਵੀ ਇਹ ਵਾਤੀਆਂ ਹਾਣੀਆਂ ਵਿੱਚ ਸਾਡੀ ਸਰਦਾਰੀ ਬੁਲੰਦ ਰੱਖਦੀਆਂ ਸਨ। ਨੇੜਲੀ ਕਿਸੇ ਛਾਉਣੀ ਵਿੱਚ ਉਨ੍ਹਾਂ ਨੂੰ ਕੁਆਟਰ ਮਿਲਿਆ ਹੁੰਦਾ ਤਾਂ ਵੱਡੇ ਦਿਨਾਂ ਦੀਆਂ ਛੁੱਟੀਆਂ ਉਨ੍ਹਾਂ ਕੋਲ ਹੀ ਗੁਜ਼ਰਦੀਆਂ। ਸਾਡੇ ਜਾਂਦਿਆਂ ਹੀ ਉਹ ਭਾਨ ਨਾਲ ਨੱਕੋ-ਨੱਕ ਭਰਿਆ ਡੋਰਿਆਂ-ਕਟਾਵਾਂ ਵਾਲਾ ਝੋਲਾ ਮੇਰੇ ਹੱਥ ਫੜਾ ਦਿੰਦੇ, ਅਸੀਂ ਨਿੱਤ ਉਹਦੇ ਵਿੱਚੋਂ ਪੈਸੇ ਕੱਢਦੀਆਂ, ਸਹੇਲੀਆਂ ਨਾਲ ਨੇੜਲੀਆਂ ਦੁਕਾਨਾਂ ਤੋਂ ਅੰਬ-ਪਾਪੜ ਤੇ ਹੋਰ ਚਟਪਟੀਆਂ ਚੀਜ਼ਾਂ ਖਰੀਦਦੀਆਂ ਤੇ ਚਟਾਖੇ ਮਾਰ-ਮਾਰ ਖਾਂਦੀਆਂ, ਕਦੀ ਬਲੌਰੀ ਬੰਟੇ ਖਰੀਦ ਕੇ ਪਿਲ-ਚੋਟ ਖੇਡਦੀਆਂ ਰਹਿੰਦੀਆਂ। ਛੁੱਟੀਆਂ ਮੁੱਕ ਜਾਂਦੀਆਂ, ਪਰ ਇਹ ਭਾਨ ਨਾ ਮੁੱਕਦੀ, ਆਉਣ ਵੇਲੇ ਮੈਂ ਇਹ ਅੱਧ-ਖਾਲੀ ਜਿਹਾ ਝੋਲਾ ਉਨ੍ਹਾਂ ਨੂੰ ਫੜਾ ਦਿੰਦੀ ਤੇ ਉਹ 'ਹਈ ਸ਼ਾਵਾਸ਼ੇ…' ਕਹਿੰਦੇ ਹੋਏ ਇਹਨੂੰ ਆਪਣੀ ਅਲਮਾਰੀ ਦੇ ਉਪਰਲੇ ਖਾਨੇ ਵਿੱਚ ਰੱਖ ਦਿੰਦੇ। ਯਾਦਾਂ ਦੀ ਭਾਨ ਆਪਣੇ ਅੰਦਰ ਸਮੇਟੀ ਬੈਠਾ ਉਹ ਘਸਮੈਲਾ ਹੋ ਚੁੱਕਾ ਝੋਲਾ ਅਜੇ ਤੱਕ ਮੇਰੇ ਕੋਲ ਸਾਂਭਿਆ ਪਿਆ ਹੈ।

ਛਾਉਣੀਆਂ ਵਿੱਚ ਵੀ ਉਨ੍ਹਾਂ ਦੀ ਵਾਹਵਾ ਭੱਲ ਸੀ, ਸਾਡੇ ਉਥੇ ਜਾਣ

ਵੇਲੇ ਘਰ-ਘਰ ਰੋਟੀਆਂ ਭੇਜੀਆਂ ਜਾਂਦੀਆਂ, ਫ਼ੌਜੀ ਅੰਕਲ ਤੇ ਅਰਦਲੀ ਨੂੰ ਉਨ੍ਹਾਂ ਦੀ ਬੀਰਤਾ ਤੇ ਭਾਈਚਾਰਕ ਸਾਂਝ ਦੇ ਕਿੱਸੇ ਸੁਣਾਉਂਦੇ ਰਹਿੰਦੇ।

ਸਹੇਲੀਆਂ ਦੀ ਰੀਸੇ ਅਸੀਂ ਉਨ੍ਹਾਂ ਨੂੰ ਕਦੀ 'ਪਾਪਾ ਜੀ', ਕਦੀ 'ਬਾਪੂ ਜੀ', ਕਦੀ 'ਬਾਊ ਜੀ' ਤੇ ਕਦੀ 'ਭਾਪਾ ਜੀ' ਆਖਦੀਆਂ, ਪਰ ਉਨ੍ਹਾਂ ਨੇ ਕਦੀ ਵੀ ਨਹੀਂ ਸੀ ਟੋਕਿਆ, ਸਗੋਂ ਜੋ ਕੁੱਝ ਅਸੀਂ ਬਣਾਉਣਾ ਚਾਹਿਆ ਸੀ, ਉਹੀ ਉਹ ਬਣ ਗਏ ਸਨ।

ਮੇਰਾ ਗਿਆਨ-ਬੋਧ ਵਸੀਹ ਕਰਨ ਲਈ ਉਨ੍ਹਾਂ ਨੇ ਮੇਰੇ ਨਿੱਕੀ ਹੁੰਦੀ ਤੋਂ ਹੀ ਯੋਜਨਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ ਸਨ। ਅਜੇ ਅੱਖਰ ਉਠਾਉਣੇ ਹੀ ਸਿੱਖੇ ਸੀ ਮੈਂ, ਕਿ ਉਨ੍ਹਾਂ ਨੇ 'ਬਾਲ ਸੰਦੇਸ਼', 'ਬਾਲਕ', 'ਕੋਮਲ ਸੰਸਾਰ' ਰਿਸਾਲੇ ਲਗਵਾ ਦਿੱਤੇ, ਵੱਡੀ ਹੋਈ ਤਾਂ ਇਹ 'ਪ੍ਰੀਤ ਲੜੀ', 'ਆਰਸੀ', 'ਕਵਿਤਾ' ਵਿੱਚ ਵਟ ਗਏ।

ਜਦੋਂ ਮੈਂ ਖ਼ੁਦ ਕਵਿਤਾ ਲਿਖਣ ਲੱਗੀ ਤਾਂ ਉਨ੍ਹਾਂ ਵੱਲੋਂ ਮਿਲਦੀ 'ਹੱਲਾਸ਼ੇਰੀ' ਮੇਰੇ ਪਰਾਂ ਵਿਚ ਹੋਰ ਉਚੇਰੀ ਪਰਵਾਜ਼ ਧਰ ਦਿੰਦੀ। ਮੇਰੇ ਉਡਾਰ ਹੋਣ ਤੱਕ ਤਾਂ ਉਹ ਸੇਵਾ-ਮੁਕਤ ਹੋ ਕੇ ਘਰ ਵੀ ਆ ਗਏ ਸਨ। ਮੇਰੀਆਂ ਛਪੀਆਂ ਰਚਨਾਵਾਂ ਵਾਲੇ ਅਖ਼ਬਾਰ ਕੱਛੇ ਮਾਰ ਕੇ ਸਾਰੇ ਪਿੰਡ ਵਾਸੀਆਂ ਨੂੰ ਹੁੱਬ-ਹੁੱਬ ਕੇ ਦਿਖਾਉਂਦੇ ਫਿਰਦੇ। ਜਿਸ ਦਿਨ ਰੇਡੀਓ/ਦੂਰਦਰਸ਼ਨ ਉੱਤੇ ਮੇਰਾ ਪ੍ਰੋਗਰਾਮ ਆਉਣਾ ਹੁੰਦਾ, ਉਸ ਦਿਨ ਤਾਂ ਗਿੱਠ-ਗਿੱਠ ਉੱਚੇ ਹੋ ਕੇ ਤੁਰਦੇ ਹੋਏ ਆਂਢੀਆਂ-ਗੁਵਾਂਢੀਆਂ ਨੂੰ ਦੱਸਦੇ, ਦੂਰ-ਦੁਰਾਡੇ ਦੇ ਰਿਸ਼ਤੇਦਾਰਾਂ ਨੂੰ ਵੀ ਉਸ ਸਮੇਂ ਰੇਡੀਓ/ਟੀ.ਵੀ. ਲਗਾਉਣ ਵਾਸਤੇ ਸੁਨੇਹੇ ਭੇਜਦੇ। ਉਹ ਆਪ ਵੀ ਸ਼ੇਅਰੋ-ਸ਼ਾਇਰੀ ਦਾ ਅਮੁੱਕ ਜ਼ਖੀਰਾ ਸਨ, ਐਨ ਵਕਤ ਸਿਰ ਬੋਲਿਆ ਉਨ੍ਹਾਂ ਦਾ ਢੁਕਵਾਂ ਸ਼ਿਅਰ ਸੁਣਨ ਵਾਲਿਆਂ ਨੂੰ ਦੰਗ ਕਰ ਦਿੰਦਾ। ਪਿੰਡ ਦੇ ਮੁੰਡੇ-ਖੁੰਡੇ ਉਨ੍ਹਾਂ ਦੀ ਮਹਿਫ਼ਿਲ ਮਾਣਨ ਲਈ ਅਕਸਰ ਸਾਡੀ ਬੈਠਕ ਵਿੱਚ ਇਕੱਠੇ ਹੋਏ ਰਹਿੰਦੇ। ਉਮਦਾ ਸ਼ਿਅਰਾਂ, ਉੱਤਮ ਵਿਚਾਰ-ਟੂਕਾਂ ਤੇ ਉਨ੍ਹਾਂ ਦੀਆਂ ਆਪਣੀਆਂ ਨਜ਼ਮਾਂ ਨਾਲ ਭਰੀ ਹੋਈ ਕਾਲੀ ਡਾਇਰੀ ਮੇਰੀ ਸਭ ਤੋਂ ਅਮੀਰ ਜਾਇਦਾਦ ਹੈ, ਇਹੋ ਜਿਹੀ ਹੀ ਅਮੀਰ ਜਾਇਦਾਦ ਨੇ ਉਨ੍ਹਾਂ ਨੂੰ ਰਾਸ਼ਟਰਪਤੀ ਵੱਲੋਂ ਮਿਲੇ ਤਗਮੇ, ਚਾਂਦੀ ਦੇ ਗਲਾਸ ਤੇ ਕੁਝ ਬਹੁਮੁੱਲੀਆਂ ਕਿਤਾਬਾਂ। ਉਚ-ਪਾਇ ਦਾ ਸਾਹਿਤ ਪੜ੍ਹਨ ਦਾ ਤਾਂ ਉਨ੍ਹਾਂ ਨੂੰ ਹੱਦੋਂ ਵੱਧ ਜਨੂੰਨ ਸੀ, ਹਰ ਪੰਦਰਵਾੜੇ ਪਿੰਡ ਤੋਂ ਲੁਧਿਆਣੇ ਸੈਂਟਰਲ ਲਾਇਬਰੇਰੀ ਜਾਂਦੇ, ਪਹਿਲੀਆਂ ਕਿਤਾਬਾਂ ਮੋੜ ਕੇ ਨਵੀਆਂ ਲੈ ਆਉਂਦੇ। ਕਿਤੇ ਵਾਂਢੇ ਜਾਂਦੇ ਤਾਂ ਉਨ੍ਹਾਂ ਦੇ ਬੈਗ ਵਿੱਚ ਇਕ ਕੁੜਤਾ-ਪਜਾਮਾ, ਇਕ ਜੋੜਾ ਚਪਲਾਂ, ਟੁੱਥ-ਬੁਰਸ਼, ਤੌਲੀਆ ਤੇ ਦੋ ਕਿਤਾਬਾਂ ਹੁੰਦੀਆਂ। ਆਖ਼ਰੀ ਦੋ ਕਿਤਾਬਾਂ ਤਾਂ ਉਨ੍ਹਾਂ ਦੇ ਸਦਾ ਲਈ ਤੁਰ ਜਾਣ ਬਾਅਦ ਅਸੀਂ ਆਪ ਕਾਰਡ ਸਮੇਤ ਲਾਇਬ੍ਰੇਰੀ ਵਿੱਚ ਜਮ੍ਹਾ ਕਰਵਾ ਕੇ ਆਏ ਸਾਂ।

ਨੌਂਵੀਂ-ਦਸਵੀਂ ਤੱਕ ਪਹੁੰਚਦਿਆਂ ਅਲਮਾਰੀਆਂ ਵਿੱਚ ਪਏ ਉਸਾਰੂ ਸਾਹਿਤ ਨੇ ਮੈਨੂੰ ਚੰਗੇ-ਮੰਦੇ ਦੀ ਸੋਝੀ ਕਰਵਾ ਦਿੱਤੀ ਸੀ। ਇਨ੍ਹਾਂ ਕਿਤਾਬਾਂ ਵਿੱਚ ਬਹੁਤ ਕੁੱਝ ਕਰਜ਼ੇ ਦੇ ਸਤਾਏ ਲੋਕਾਂ ਬਾਰੇ ਸੀ, ਸ਼ਾਹਾਂ-ਸ਼ਾਹੂਕਾਰਾਂ ਦੀ ਲੁੱਟ ਬਾਰੇ ਸੀ। ਇਕ ਦਿਨ ਮੈਂ ਬਰਾਂਡੇ ਵਿੱਚ ਪਈ ਪੜ੍ਹਾ ਰਹੀ ਸਾਂ ਕਿ ਪਿਛਲੇ ਅੰਦਰ ਘੁਸਰਮੁਸਰ ਜਿਹੀ ਸੁਣੀ। ਘਰਾਂ ਵਿੱਚੋਂ ਲੱਗਦੀ ਤਾਈ ਮੇਰੇ ਬੀ ਜੀ ਨੂੰ ਕਹਿ ਰਹੀ ਸੀ, "ਹੱਥ ਬਾਹਲਾ ਈ ਤੰਗ ਐ ਕਰਤਾਰ ਕੁਰੇ। ਜ਼ਰੂਰੀ ਗਰਜ ਆ' ਗੀ, ਜੇ ਕੁਸ਼ ਨਕਦੀ ਦੇ ਦੇਵੇਂ ਤਾਂ... ਵਿਆਜ ਜਿੰਨਾ ਤੂੰ ਕਹੇਂ..." ਕੁੱਝ ਦੇਰ ਬਾਅਦ ਬੀ ਜੀ ਦੀ ਲੋਹੇ ਦੀ ਪੇਟੀ ਖੁੱਲ੍ਹਣ ਦਾ ਖੜਾਕ ਹੋਇਆ।

ਮੈਂ ਭੂਗੋਲ ਉਥੇ ਈ ਮੂਧਾ ਮਾਰ ਕੇ ਬਕੈਣ ਵੱਲ ਨੱਸੀ, ਜਿਹਦੀ ਡੱਬ-ਖੜੱਬੀ ਛਾਵੇਂ ਪਾਪਾ ਜੀ ਸੈਨਿਕ-ਸਮਾਚਾਰ ਪੜ੍ਹ ਰਹੇ ਸਨ। ਉਨ੍ਹਾਂ ਦੇ ਕੋਲ ਜਾ ਕੇ ਬੋਲਿਆ ਹੀ ਨਾ ਜਾਵੇ, ਗੱਚ ਨੱਕੋ-ਨੱਕ ਭਰਿਆ ਹੋਇਆ, ਟੱਪ-ਟੱਪ ਹੰਝੂ ਕਿਰਨ ਲੱਗ ਪਏ, ਹਟਕੋਰਿਆਂ ਵਿੱਚ ਹੀ ਦੱਸ ਹੋਇਆ, "ਤਾਈ ਜੀ ਦੇ ਘਰ ਚੱਜ ਨਾਲ ਰੋਟੀ ਨਹੀਂ ਪੱਕਦੀ ਤੇ ਬੀ ਜੀ ਵਿਆਜੂ..."

ਪਾਪਾ ਜੀ ਉਨ੍ਹੀਂ ਪੈਰੀਂ ਉਠ ਕੇ ਬਾਟਾ-ਚਪਲਾਂ ਘੜੀਸਦੇ ਮੇਰੇ ਨਾਲ ਤੁਰ ਪਏ, ਤਾਈ ਖੀਸੇ ਵਿੱਚ ਟਾਕੀ ਟੁੰਗਦੀ ਜਾ ਰਹੀ ਸੀ।

"ਸੁਣੀਂ ਭਾਬੀ ਦਲੀਪ ਕੁਰੇ! ਆਹ ਜਿਹੜਾ ਮਾਲ-ਮੱਤਾ ਲਈ ਜਾਨੀ ਐਂ, ਮੋੜਨ ਦੀ ਲੋੜ ਨਹੀਂ ਤੈਨੂੰ, ਜਿਵੇਂ ਮਰਜ਼ੀ ਵਰਤੀਂ..." ਤਾਈ ਜੀ ਤੇ ਬੀਜੀ ਹੱਕੀਆਂ-ਬੱਕੀਆਂ ਖੜ੍ਹੀਆਂ ਸਨ। "ਹੁਣ ਠੀਕ ਐ...?" ਪਾਪਾ ਜੀ ਨੇ ਮੇਰੀ ਗੱਲ੍ਹ 'ਤੇ ਪਟੋਕੀ ਜਿਹੀ ਮਾਰੀ।

ਉਹ ਤਸੱਲੀ, ਉਹ ਤਸਕੀਨ ਵੀ ਮੈਨੂੰ ਕੱਲ੍ਹ ਵਾਂਗ ਚੇਤੇ ਐ, ਏਦਾਂ ਲੱਗਿਆ ਸੀ ਜਿਵੇਂ ਮੈਂ ਸਾਰਾ ਜਹਾਨ ਫਤਹਿ ਕਰਕੇ ਸਿਕੰਦਰ ਹੋ ਗਈ ਹੋਵਾਂ।

ਮੇਰੀ ਮੈਡੀਕਲ ਦੀ ਪੜ੍ਹਾਈ ਹਿੱਤ ਲੋੜੀਂਦੀਆਂ ਫ਼ੀਸਾਂ ਵਾਸਤੇ ਉਨ੍ਹਾਂ ਨੂੰ ਹੱਡ-ਭੰਨਵੀਂ ਮੁਸ਼ੱਕਤ ਕਰਨੀ ਪਈ ਸੀ। ਭਾਵੇਂ ਆਨਰੇਰੀ ਕੈਪਟਨ ਰੀਟਾਇਰ ਹੋਏ ਸਨ, ਪਰ ਏਨੀ ਕੁ ਪੈਨਸ਼ਨ ਤਾਂ ਘਰ ਦੇ ਖੱਲਾਂ-ਖੂੰਜਿਆਂ ਵਿੱਚ ਹੀ ਵੜ ਜਾਂਦੀ। ਉਹ ਤੜਕੇ-ਤੜਕੇ ਬਾਲਣ ਲਈ ਕਾਨੇ ਵੱਢਣ ਜਾਂਦੇ, ਜਦੋਂ ਦਿਨ ਚੜ੍ਹੇ ਪਰਤਦੇ ਤਾਂ ਕੰਡ ਲੜ- ਲੜ ਕੇ ਗੋਰੀਆਂ-ਗੋਰੀਆਂ ਬਾਹਾਂ ਕੂਹਣੀਆਂ ਤੱਕ ਗੂੜ੍ਹੀਆਂ-ਗੁਲਾਬੀ ਤੇ ਧੱਫੜੋ-ਧੱਫੜੀ ਹੋਈਆਂ ਹੁੰਦੀਆਂ, ਫਿਰ ਕਦੀ ਝੱਜਰ ਦੇ ਸੀਤ ਪਾਣੀ ਨਾਲ ਧੋਂਦੇ, ਕਦੀ ਸਰ੍ਹੋਂ ਦਾ ਤੇਲ ਮਲਦੇ। ਕੱਚੇ ਕੋਠੇ 'ਤੇ ਪਾਉਣ ਲਈ ਗਸਰਾ ਵੀ ਆਪ ਹੀ ਢਿਗਾਂ ਤੋਂ ਲੈ ਕੇ ਆਉਂਦੇ, ਆਪ ਹੀ ਟੋਕਰਾ ਸਿਰ 'ਤੇ ਰੱਖਕੇ ਲੱਕੜ ਦੀ ਪੌੜੀ ਚੜ੍ਹਦੇ, ਇਕ ਵਾਰ ਤਾਂ ਪੀੜ ਨਾਲ ਕੜਵੱਲਾਂ ਜਿਹੀਆਂ ਖਾਂਦੇ ਹੇਠਾਂ ਉਤਰੇ ਸਨ, ਹਲਦੀਵੰਨਾ ਮੁੱਖ, ਤ੍ਰੇਲੀਓ-ਤ੍ਰੇਲੀ ਠੰਢਾ-ਠਾਰ ਮੱਥਾ, ਘਰੇ ਡਾਕਟਰ ਲਿਆਉਣਾ ਪਿਆ ਸੀ। ਪਰ ਕੁੱਝ ਦਿਨਾਂ ਬਾਅਦ ਹੀ ਰੰਬਾ-ਪੱਲੀ ਚੁੱਕ ਕੇ ਮੱਝ ਲਈ ਘਾਹ ਖੋਤਣ ਤੁਰ ਪਏ ਸਨ। ਸਰੀਰ ਉਨ੍ਹਾਂ ਦਾ ਨਰਮ ਹੀ ਸੀ, ਪਰ ਇੱਛਾ ਸ਼ਕਤੀ ਅੰਬਰ ਨਾਲ ਬਰ ਮੇਚਦੀ ਸੀ। ਕਦੀ ਕਿੰਨੀਆਂ ਸਾਰੀਆਂ ਮੱਝਾਂ ਖਰੀਦ ਕੇ ਤੇ ਭਈਆ ਰੱਖ ਕੇ ਦੁੱਧ ਤੋਂ ਆਮਦਨ ਭਾਲਦੇ, ਕਦੀ ਜੀਪਾਂ ਖਰੀਦ ਕੇ ਜਗਰਾਉਂ ਤੋਂ ਸਵੇਰੇ-ਸਵੇਰੇ ਤਾਜ਼ੀਆਂ ਸਬਜ਼ੀਆਂ ਲਿਆ ਕੇ ਹਟਵਾਣੀਆਂ ਨੂੰ ਦਿੰਦੇ, ਕਦੀ ਕੋਈ ਹੋਰ ਓੜ੍ਹ-ਪੋੜ੍ਹ ਕਰਦੇ। ਮੈਂ ਉਨ੍ਹਾਂ ਨੂੰ ਕਈ ਸਾਰੇ ਪਾਪੜ ਵੇਲਦਿਆਂ ਦੇਖਦੀ, ਤਾਂ ਕੋਈ ਨਾ ਕੋਈ ਵਜ਼ੀਫਾ-ਪ੍ਰੀਖਿਆ ਦਿੰਦੀ ਰਹਿੰਦੀ, ਇਉਂ ਕਿਤੋਂ ਨਾ ਕਿਤੋਂ ਖਰਚੇ ਦਾ ਜੁਗਾੜ ਹੋ ਜਾਂਦਾ। ਪਰ ਉਹ ਥੋੜ੍ਹਾ ਕੀਤੇ ਕਿਸੇ ਤੰਗੀ-ਤੁਰਸ਼ੀ ਦੀ ਭਾਫ ਨਹੀਂ ਕੱਢਦੇ ਸਨ, ਸਗੋਂ ਹਮੇਸ਼ਾ ਹੱਸਦੇ ਖਿੜਖਿੜਾਉਂਦੇ ਰਹਿੰਦੇ, ਨਾ ਹੀ ਕਿਸੇ ਲੋੜਵੰਦ ਦੀ ਇਮਦਾਦ ਕਰਨ ਵੇਲੇ ਉਨ੍ਹਾਂ ਦੇ ਮੱਥੇ ਉੱਤੇ ਕੋਈ ਤਿਊੜੀ ਹੁੰਦੀ, ਪਿੰਡ ਵਾਲਿਆਂ ਨੂੰ ਏਹੀ ਲੱਗਦਾ ਰਹਿੰਦਾ ਕਿ ਉਨ੍ਹਾਂ ਵਰਗਾ ਦੌਲਤਮੰਦ ਤੇ ਖੁਸ਼ਹਾਲ ਬੰਦਾ ਹੋਰ ਕੋਈ ਹੈ ਹੀ ਨਹੀਂ। ਵੈਸੇ ਇਹ ਖੁਸ਼ਹਾਲੀਆਂ ਉਦੋਂ ਹੀ ਆਈਆਂ ਸਨ, ਜਦੋਂ ਸਾਡੀ ਦੋਵਾਂ ਭੈਣਾਂ ਦੀ ਪੜ੍ਹਾਈ ਮੁੱਕ ਗਈ ਸੀ ਤੇ ਸਾਡੇ ਹੱਥ ਪੀਲੇ ਹੋ ਗਏ ਸਨ। ਪਰ ਉਸ ਤੋਂ

ਬਾਅਦ ਵੀ, ਜਿਵੇਂ ਅਕਸਰ ਮਾਪੇ ਸੁਰਖਰੂ ਹੋ ਜਾਂਦੇ ਹਨ, ਉਨ੍ਹਾਂ ਸਾਡੀ ਮੱਦਦ ਤੋਂ ਕਿਨਾਰਾ ਨਹੀਂ ਸੀ ਕੀਤਾ, ਜਦੋਂ ਵੀ ਵਖਤ ਨੇ ਔਖਾ ਸਵਾਲ ਪਾਇਆ ਸੀ ਹਾਜ਼ਰ-ਨਾਜ਼ਰ ਖੜ੍ਹੇ ਸਨ, ਖ਼ਾਸ ਕਰਕੇ ਉਦੋਂ ਜਦੋਂ ਦੋ ਦੋ ਵਾਰ ਚੋਰ ਸਾਡਾ ਘਰ ਖਾਲੀ ਕਰ ਗਏ ਸਨ।

ਜ਼ਿੰਦਗੀ ਦੇ ਸਫ਼ਰ ਵਿੱਚ ਜਦੋਂ ਕਦੀ ਮੈਨੂੰ ਤੇ ਮੇਰੇ ਹਮਸਫ਼ਰ ਬਲਦੇਵ ਨੂੰ ਕੜਕਦੀਆਂ ਧੁੱਪਾਂ ਪਰੇਸ਼ਾਨ ਕਰ ਦਿੰਦੀਆਂ ਤਾਂ ਅਸੀਂ ਦੋਵੇਂ ਧਰਤੀ ਦੇ ਉਸ ਟੁਕੜੇ ਵੱਲ ਤੁਰ ਪੈਂਦੇ ਸਾਂ, ਜਿੱਥੇ ਪਾਪਾ ਜੀ ਦਾ ਸੰਘਣੇ ਬੋਹਣ ਵਰਗਾ ਹੱਥ ਸਾਨੂੰ ਉਡੀਕਦਾ ਹੁੰਦਾ ਸੀ, ਜਿੱਥੇ ਮਮਤਾ ਦੀ ਮਖਮਲ ਵਿਛੀ ਹੁੰਦੀ ਸੀ।

ਪਾਪਾ ਜੀ "ਓ! ਬੱਲੇ-ਬੱਲੇ" ਕਹਿੰਦੇ ਹੋਏ ਜ਼ੋਰ ਦੀ ਘੁੱਟ ਕੇ ਹਿੱਕ ਨਾਲ ਲਾ ਲੈਂਦੇ। ਫਿਰ ਹਾਲਚਾਲ ਪੁੱਛਦੇ ਹੋਏ ਉਵੇਂ ਹੀ ਕਲਾਵੇ ਵਿੱਚ ਕਸੀ ਬੈਠਕ ਵਿੱਚ ਲੈ ਜਾਂਦੇ, ਜਿੱਥੇ ਕਨਸ ਉੱਤੇ ਉਨ੍ਹਾਂ ਨੇ ਬਦਾਮ ਭੰਨ-ਭੰਨ ਮੇਰੇ ਲਈ ਗਿਰੀਆਂ ਦੀਆਂ ਸ਼ੀਸ਼ੀਆਂ ਭਰ ਕੇ ਰੱਖੀਆਂ ਹੁੰਦੀਆਂ। ਇੱਕ ਸ਼ੀਸ਼ੀ ਦਾ ਢੱਕਣ ਖੋਲ੍ਹ ਕੇ ਮੈਨੂੰ ਫੜਾਉਂਦੇ ਹੋਏ ਉਹ ਸਿਰਹਾਣੇ ਵਾਲੇ ਪਾਸਿਓਂ ਗਦੈਲਾ ਚੁੱਕਦੇ। ਏਥੇ ਬਹੁਤ ਸਾਰੇ ਅਖ਼ਬਾਰਾਂ, ਰਿਸਾਲਿਆਂ ਦੀਆਂ ਕਾਤਰਾਂ ਪਈਆਂ ਹੁੰਦੀਆਂ। ਇਹ ਮੇਰੀਆਂ ਹੀ ਕਵਿਤਾਵਾਂ ਕਹਾਣੀਆਂ ਹੁੰਦੀਆਂ ਜਾਂ ਜੇ ਕਿਸੇ ਨੇ ਮੇਰੇ ਬਾਰੇ ਕੁੱਝ ਲਿਖਿਆ ਹੁੰਦਾ ਉਹ ਵੀ ਤੇ ਕੁੱਝ ਕੁ ਦੁਰਲੱਭ ਤਸਵੀਰਾਂ, ਨਾਲ ਹੀ ਪੰਜਾਬੀ, ਅੰਗਰੇਜ਼ੀ, ਹਿੰਦੀ ਦੀ ਸਾਹਿਤ ਸਮੱਗਰੀ, ਜੋ ਮੇਰੇ ਨਾਲ ਸਬੰਧਿਤ ਨਹੀਂ ਪਰ ਵਿਸ਼ਵ-ਪੱਧਰ ਦੀ ਹੁੰਦੀ ਤੇ ਪਾਪਾ ਜੀ ਚਾਹੁੰਦੇ ਕਿ ਮੈਂ ਉਹ ਪੜ੍ਹਾਂ। ਮੈਂ ਬਦਾਮ ਮੜੱਕਦੀ ਹੋਈ ਹੂੰ ਹਾਂ ਕਰੀ ਜਾਂਦੀ।

ਇਕ ਵਾਰ ਏਵੇਂ ਹੀ ਅੰਦਰ ਜਾ ਕੇ ਬੈਠਣ ਲੱਗੇ ਸੀ ਕਿ ਬੀਬੀ ਨੇ ਚਾਹ ਲਿਆ ਕੇ ਮੇਜ਼ 'ਤੇ ਧਰ ਦਿੱਤੀ। ਮੈਂ ਦੇਖ ਕੇ ਹੈਰਾਨ ਰਹਿ ਗਈ ਕਿ ਟੇਬਲ-ਗਿਲਾਸ ਦੇ ਹੇਠਾਂ 'ਨਾ! ਮੰਮੀ ਨਾ!' ਦੇ ਵਰਕੇ ਵਿਛੇ ਪਏ ਸਨ। ਆਏ-ਗਏ ਨੂੰ ਬਿਸਕੁਟ-ਨਮਕੀਨ ਆਦਿ ਇਸੇ ਮੇਜ਼ 'ਤੇ ਪਰੋਸੇ ਜਾਂਦੇ ਸਨ। ਲੱਸੀ ਜਾਂ ਚਾਹ ਦੀਆਂ ਘੁੱਟਾਂ ਭਰਦਾ ਮਹਿਮਾਨ ਇਹਦੇ ਬਾਰੇ ਹਲਕਾ ਜਿਹਾ ਪੁੱਛਦਾ ਤੇ ਪਾਪਾ ਜੀ ਸਾਰਾ ਬਿਰਤਾਂਤ ਉਹਦੇ ਅੱਗੇ ਖਿਲਾਰ ਦਿੰਦੇ। ਉਨ੍ਹਾਂ ਕੋਲ ਅਕਸਰ ਪਿੰਡ ਵਾਲੇ ਕੋਈ ਫਾਰਮ ਭਰਵਾਉਣ, ਕਿਸੇ ਮੁਕੱਦਮੇ ਬਾਰੇ ਸਲਾਹ ਲੈਣ, ਕਿਸੇ ਨੌਕਰੀ ਵਾਸਤੇ ਅਰਜ਼ੀ ਲਿਖਵਾਉਣ, ਸਕੂਲ ਜਾਂ ਹਸਪਤਾਲ ਲਈ ਸਹਾਇਤਾ ਲੈਣ ਆਏ ਹੀ ਰਹਿੰਦੇ ਸਨ। ਉਹ ਇਸ ਤਰਕੀਬ ਨਾਲ ਅਗਲੇ ਵਿੱਚ ਉਤਸੁਕਤਾ ਜਗਾ ਕੇ ਉਸ ਅੰਦਰ ਧੀਆਂ ਦੀ ਕਦਰਦਾਨੀ ਬੀਜ ਦਿੰਦੇ ਸਨ ਤੇ ਇੰਜ ਉਸ ਨੂੰ ਧੀਆਂ ਬਚਾਉਣ ਦੀ ਮੁਹਿੰਮ ਵਿੱਚ ਸ਼ਾਮਿਲ ਕਰ ਲੈਂਦੇ ਸਨ। ਉਨ੍ਹਾਂ ਦੀ ਇਹ ਕਿੰਨੀ ਹੁਸੀਨ ਅਦਾ ਸੀ ਆਪਣੀ ਧੀ ਦੀ ਝੰਡੇ ਵਾਲੀ ਬਾਂਹ ਨੂੰ ਆਪਣੇ ਹੱਥ ਨਾਲ ਹੋਰ ਉਚੇਰਾ ਚੁੱਕਣ ਦੀ, ਬਾਪ-ਬੇਟੀ ਦੇ ਇਸ ਰਿਸ਼ਤੇ ਦੀ ਬਰਾਬਰੀ ਕੁੱਲ ਆਲਮ ਦਾ ਕਿਹੜਾ ਰਿਸ਼ਤਾ ਕਰ ਸਕਦੈ ਭਲਾ?

ਕਿਸੇ ਦੀ ਸਿਫ਼ਤ ਕਰਨ ਦਾ ਵੀ ਉਨ੍ਹਾਂ ਦਾ ਆਪਣਾ ਮਖ਼ਸੂਸ ਅੰਦਾਜ਼ ਸੀ। ਕੋਈ ਦਾਲ-ਸਬਜ਼ੀ ਪਸੰਦ ਆਉਣੀ ਤਾਂ ਉਨ੍ਹਾਂ ਦੇ ਮੱਥੇ ਉੱਤੇ ਪਸੀਨੇ ਦੇ ਮੋਤੀ ਚਮਕਣ ਲੱਗਦੇ। ਤਾਰੀਫ਼ ਵਿੱਚ ਕੁੱਝ ਬੋਲਣ ਦੀ ਥਾਂ ਉਹ ਮੁਸਕੁਰਾਉਂਦੇ ਹੋਏ ਮੇਰਾ ਹੱਥ ਫੜ ਕੇ ਆਪਣੇ ਮੱਥੇ 'ਤੇ ਲਾ ਕੇ ਕਹਿੰਦੇ, "ਦੇਖ ਬੱਲਿਆ! ਹੈ ਕਿਸੇ ਸਬੂਤ ਦੀ ਲੋੜ ਕਿ ਤੂੰ ਕਿੰਨਾ ਲਜ਼ੀਜ਼ ਖਾਣਾ ਬਣਾਇਐ?"

ਉਨ੍ਹਾਂ ਦੀ ਵਿਕੋਲਿਤਰੀ ਸਹਿਣਸ਼ੀਲਤਾ ਵੀ ਵਿਸ਼ਵਾਸ ਤੋਂ ਪਰਲੇ ਪਾਰ ਦੀ ਸੀ। ਨਾਨਕੇ ਗਏ ਸਾਡੇ ਦੋਵਾਂ ਭੈਣਾਂ ਦੇ ਚਾਰ ਜੁਆਕ ਉਨ੍ਹਾਂ ਨੂੰ ਗਧੀ ਗੇੜ ਵਿੱਚ ਪਾਈ ਰੱਖਦੇ, ਪਰ ਮਜ਼ਾਲ ਐ ਉਨ੍ਹਾਂ ਦੇ ਚਿਹਰੇ ਉੱਤੇ ਕੋਈ ਸ਼ਿਕਨ ਵੀ ਆਈ ਹੋਵੇ, ਸਾਰਾ ਦਿਨ ਨਿਆਣਿਆਂ ਨਾਲ ਨਿਆਣੇ ਬਣੇ ਰਹਿੰਦੇ, ਉਨ੍ਹਾਂ ਦੀਆਂ ਝੱਲ-ਵਲੱਲੀਆਂ 'ਤੇ ਠਹਾਕੇ ਲਾਉਂਦੇ। ਚਾਰ ਕੁ ਸਾਲ ਦੇ ਮੇਰੇ ਬੇਟੇ ਉੱਤੇ ਇਕ ਵਾਰ ਨੱਚਣ ਦਾ ਭੂਤ ਸਵਾਰ ਹੋ ਗਿਆ, ਰੇਡੀਓ ਉੱਤੇ ਜਦੋਂ ਕੋਈ ਧੂਮ-ਧੜੱਕੇ ਵਾਲਾ ਗਾਣਾ ਵੱਜਦਾ, ਉਹ ਪਾਪਾ ਜੀ ਨੂੰ ਸਾਹਮਣੇ ਖੜ੍ਹਾ ਕੇ ਉਨ੍ਹਾਂ ਦੇ ਦੋਵੇਂ ਹੱਥ ਫੜ ਕੇ ਨੱਚਣ ਲੱਗ ਜਾਂਦਾ, ਚਾਂਭਲਿਆ ਹੋਇਆ ਉਨ੍ਹਾਂ ਦਾ ਪਿੰਜਣੀ ਉਤੇ ਸਣੇ ਬੂਟਾਂ ਠੁੱਡਾ ਮਾਰ ਦਿੰਦਾ, ਪਿੰਜਣੀਆਂ ਛਿੱਲੀਆਂ ਗਈਆਂ, ਖਰੀਂਢ ਵੀ ਆ ਗਏ, ਪਰ ਉਨ੍ਹਾਂ ਨੇ ਇਕ ਵਾਰ ਵੀ ਮੁੰਡੇ ਨੂੰ ਮਨ੍ਹਾਂ ਨਹੀਂ ਕੀਤਾ, ਸਗੋਂ ਉਵੇਂ ਹੀ ਉਹਦੇ ਨਾਲ ਨਾਲ ਕਦਮਤਾਲ ਦਿੰਦੇ ਰਹੇ।

ਏਹੀ ਬੇਟਾ ਜਦ ਬਾਰਾਂ ਤੇਰਾਂ ਸਾਲ ਦਾ ਹੋ ਗਿਆ ਤਾਂ ਉਨ੍ਹਾਂ ਨਵੇਂ-ਨਵੇਂ ਵਿਅੰਜਨ ਬਣਾਉਣ ਦਾ ਸ਼ੌਕ ਚੜ੍ਹ ਗਿਆ, ਇਕ ਰਾਤ ਖਬਰੀ ਕੋਈ ਸੁਰੱਗਾ ਆਇਆ ਕਿ ਸੁਫ਼ਨਾ, ਦੋ ਕੁ ਵਜੇ ਉੱਠ ਕੇ ਕਰਾਰੀਆਂ-ਕਰਾਰੀਆਂ ਚਿਪਸ ਬਣਾ ਲਿਆਇਆ ਤੇ ਫਿਰ ਸਾਰਿਆਂ ਨੂੰ ਗਰਮ-ਗਰਮ ਖਾਣ ਲਈ ਜਗਾਉਣ ਲੱਗਾ, "ਚੁੱਪ ਕਰਕੇ ਸੌਣ ਦੇ, ਅੱਧੀ ਰਾਤ ਨੂੰ ਇਹਨੂੰ ਸ਼ੁਦਾਅ ਚੜ੍ਹਿਐ" ਜਿਹਦੇ ਕੋਲ ਪਲੇਟ ਲਿਜਾਂਦਾ, ਘੁਰਕੀ ਜਿਹੀ ਖਾ ਕੇ ਪਰਤ ਆਉਂਦਾ। ਪਰ ਪਾਪਾ ਜੀ ਉਠੇ, ਚਟਖਾਰੇ ਲੈ ਲੈ ਚਿਪਸ ਖਾਧੀਆਂ, ਮੱਥੇ ਦਾ ਮੁੜ੍ਹਕਾ ਦਿਖਾਇਆ ਤੇ ਉਹਨੂੰ ਵੱਡੀ ਸਾਰੀ ਥਾਪੀ ਦੇ ਕੇ ਫੇਰ ਹੀ ਸੁੱਤੇ।

ਸੰਵੇਦਨਸ਼ੀਲ ਵੀ ਉਹ ਸਿਰੇ ਦੇ ਸਨ, ਇਕ ਵਾਰ ਹਾਲਾਤ ਐਸੇ ਬਣੇ ਕਿ ਕੋਈ ਸਦਮਾ ਸਾਰੇ ਪਰਿਵਾਰ ਉਤੇ ਹਾਵੀ ਹੋ ਗਿਆ, ਦੂਜੇ ਜੀਅ ਤਾਂ ਕਦੀ ਰੋ ਲੈਂਦੇ, ਕਦੀ ਆਪਸ ਵਿੱਚ ਦਿਲ ਹੌਲਾ ਕਰ ਲੈਂਦੇ, ਪਰ ਪਾਪਾ ਜੀ ਸਭ ਨੂੰ ਧੀਰਜ ਬੰਨ੍ਹਾਉਂਦੇ ਰਹਿੰਦੇ ਤੇ ਇਉਂ ਪ੍ਰਗਟ ਕਰਦੇ ਜਿਵੇਂ ਕੁਝ ਹੋਇਆ ਹੀ ਨਹੀਂ ਹੁੰਦਾ, ਪਰ ਹੋਇਆ ਇਹ ਸੀ ਕਿ ਇਕ ਸੁਬਾਹ ਜਦੋਂ ਉਹ ਜਾਗੇ ਤਾਂ ਉਨ੍ਹਾਂ ਦੀ ਅੱਧੀ ਮੁੱਛ ਉਡ ਗਈ ਹੋਈ ਸੀ, ਅੰਦਰੇ ਅੰਦਰ ਕੋਈ ਐਸਾ ਬਲੇਡ ਫਿਰਿਆ ਸੀ ਕਿ ਵਾਲਾਂ ਵਰਗੀ ਨਾਜ਼ੁਕ ਚੀਜ਼ ਆਪਣੀ ਜਗ੍ਹਾ ਉਤੇ ਖੜ੍ਹੀ ਹੀ ਨਹੀਂ ਸੀ ਰਹਿ ਸਕੀ। ਉਹ ਉਨਾਂ ਚਿਰ ਮੁੱਛਾਂ ਉੱਤੇ ਫਿਫਟੀ ਬੰਨ੍ਹ ਕੇ ਜੱਗ ਤੋਂ ਲੁਕਾਉਂਦੇ ਰਹੇ ਸਨ, ਜਦੋਂ ਤੱਕ ਵਾਲ ਦੁਬਾਰਾ ਨਹੀਂ ਸਨ ਆ ਗਏ।

ਵੱਡਿਆਂ ਦੀ ਸੇਵਾ-ਸੰਭਾਲ ਦੀਆਂ ਰੌਸ਼ਨ-ਪੈੜਾਂ ਵੀ ਸਾਡੇ ਮਨ-ਮਸਤਕ ਵਿੱਚ ਉਨ੍ਹਾਂ ਨੇ ਹੀ ਪਾਈਆਂ, ਤੇ ਇਹ ਮੁਥਾਜ-ਬੁਢੇਪਾ ਉਨ੍ਹਾਂ ਉੱਤੇ ਆਇਆ ਹੀ ਨਹੀਂ। ਅੱਤ ਦੇ ਸਿਆਲਾਂ ਵਿੱਚ ਜਦੋਂ ਬਾਹਰ ਕੋਰਾ ਜੰਮਣ ਲੱਗਦਾ, ਉਹ ਅੰਦਰ ਲੋਗੜ ਜਾਂ ਨਮਦਾ ਸੇਕ ਕੇ ਬੇਬੇ, ਜਾਣੀ ਸਾਡੇ ਦਾਦੀ ਜੀ, ਦੀ ਰਜ਼ਾਈ ਵਿੱਚ ਰੱਖਦੇ ਰਹਿੰਦੇ, ਜਾਂ ਤੱਤੇ-ਤੱਤੇ ਪਾਣੀ ਵਾਲੀ ਕੱਚ ਦੀ ਬੋਤਲ ਤੌਲੀਏ ਵਿੱਚ ਲਪੇਟ ਕੇ ਉਹਦੇ ਪੈਰਾਂ ਕੋਲ ਧਰ ਦਿੰਦੇ। ਥਹੁ ਨਹੀਂ ਕਿ ਰਬੜ ਵਾਲੀ ਬੋਤਲ ਉਦੋਂ ਬਜ਼ਾਰ ਵਿੱਚ ਆਈ ਨਹੀਂ ਸੀ ਕਿ ਖਰੀਦਣ ਦੀ ਸਾਡੀ ਪਰੋਖੋਂ ਨਹੀਂ ਸੀ। ਉਮਰ ਦੇ ਆਖ਼ਰੀ ਪਹਿਰ ਵਿੱਚ ਬੇਬੇ ਦੀ ਜੀਭ 'ਤੇ ਕੋਈ ਜ਼ਖਮ ਹੋ ਗਿਆ ਸੀ ਤੇ ਰੋਟੀ ਦੀ ਬੁਰਕੀ ਉਹਨੂੰ ਵਾਢਾਂ ਪਾਉਂਦੀ ਸੀ। ਉਹ ਸਿਰਫ਼ ਦੁੱਧ ਵਿੱਚ ਡਬਲਰੋਟੀ ਜਾਂ ਕਸਟਰਡ ਹੀ ਖਾ ਸਕਦੀ ਹੁੰਦੀ, ਇਹ ਸਭ ਪਾਪਾ ਜੀ ਆਪ ਰਸੋਈ ਵਿੱਚ ਜਾ ਕੇ ਤਿਆਰ

ਕਰਦੇ। ਕੋਸੇ ਪਾਣੀ ਦੀ ਬਾਲਟੀ ਲਿਆ ਕੇ ਉਹਦੇ ਚਰਨ ਡੁਬੋਂਦੇ, ਆਪਣੇ ਹੱਥਾਂ ਨਾਲ ਮਲਦੇ ਤੇ ਫਿਰ ਸਾਫੇ ਨਾਲ ਪੂੰਝ ਕੇ ਮਲਕੜੇ ਜਿਹੇ ਬਿਸਤਰੇ ਵਿੱਚ ਧਰ ਦਿੰਦੇ। ਫਿਰ ਖਾਣੇ ਵਾਲੀ ਬਾਟੀ ਲਿਆ ਕੇ ਫੜਾਉਂਦੇ, ਉਦੋਂ ਤੱਕ ਸੇਕ ਨਿੱਕਲ ਗਿਆ ਹੁੰਦਾ ਤੇ ਬੇਬੇ ਆਸਾਨੀ ਨਾਲ ਖਾ ਸਕਦੀ ਹੁੰਦੀ। ਗਰਮੀਆਂ ਵਿੱਚ ਕੋਲ ਬਹਿ ਕੇ ਖਜੂਰੀ ਪੱਖੀ ਝੱਲਦੇ ਰਹਿੰਦੇ। ਸੱਚ ਤਾਂ ਇਹ ਹੈ ਕਿ ਬੇਬੇ ਵਰਗਾ ਹੀ ਸਿਦਕ-ਸਿਰੜ ਵਾਲਾ ਸੀ ਉਸ ਦਾ ਇਹ ਪੁੱਤ, ਜਿਸ ਨੂੰ ਮੈਂ ਕਦੇ ਪਾਠ ਕਰਦਿਆਂ ਨਹੀਂ ਦੇਖਿਆ ਤੇ ਨਾ ਹੀ ਕਦੇ ਇਸ ਨਿੱਤ ਦੇ ਨੇਮ ਤੋਂ ਖੁੰਝਦਿਆਂ ਦੇਖਿਆ।

ਉਨ੍ਹਾਂ ਦਾ ਸਿਰੜ ਤਾਂ ਸੀ ਹੀ ਬੇਮਿਸਾਲ, ਚਾਹੇ ਪੀੜਾਂ ਅੰਦਰੋਂ ਕੁਤਰਾ ਕਰ ਰਹੀਆਂ ਹੋਣ, ਪਰ ਉਨ੍ਹਾਂ ਦੀ ਜ਼ੁਬਾਨ ਉੱਤੇ ਉਨ੍ਹਾਂ ਦਾ ਜ਼ਿਕਰ ਤੱਕ ਨਹੀਂ ਸੀ ਹੁੰਦਾ। ਅੰਦਰੇ-ਅੰਦਰ ਸਭ ਕੁੱਝ ਪੀ ਕੇ ਉਪਰੋਂ ਮੁਸਕਰਾਉਂਦੇ ਰਹਿੰਦੇ, ਕਦੀ ਕਦੀ ਉਹ ਮੈਨੂੰ ਗਟਾ ਗਟ ਜ਼ਹਿਰ ਪੀ ਲੈਣ ਵਾਲੇ ਸ਼ਿਵ ਜੀ ਵਰਗੇ ਲੱਗਦੇ, ਜਿਨ੍ਹਾਂ ਦੇ ਮੂੰਹ 'ਤੇ ਕਲੱਤਣ ਦੀ ਕੋਈ ਰੇਖਾ ਨਹੀਂ ਸੀ ਆਈ। ਸੱਤਰਵਿਆਂ ਵਿੱਚ ਆਕੇ ਉਨ੍ਹਾਂ ਦੇ ਜਿਸਮ ਨੇ ਬੇਵਫਾਈ ਸ਼ੁਰੂ ਕਰ ਦਿੱਤੀ ਸੀ, ਨਿੱਤ ਨਵੀਆਂ ਅਲਾਮਤਾਂ ਉੱਪਰ ਆਉਂਦੀਆਂ, ਊਰਜਾ-ਵਿਹੀਣ ਦਿਲ ਦੇ ਮਸਾਂ-ਮਸਾਂ ਸਾਹਾਂ ਦੀ ਗੱਡੀ ਘੜੀਸਣ ਵਰਗੀਆਂ, ਪਰ ਪਾਪਾ ਜੀ ਸਨ ਕਿ ਕਿਸੇ ਗੱਲ ਨੂੰ ਲਵੇ ਹੀ ਨਾ ਲੱਗਣ ਦਿੰਦੇ। ਜਦੋਂ ਆਖ਼ਿਰੀ ਵਾਰ ਸਾਡੇ ਕੋਲ ਆਏ ਤਾਂ ਆਉਂਦਿਆਂ ਹੀ ਦਸ ਹਜ਼ਾਰ ਦੀ ਗੱਥੀ ਬਲਦੇਵ ਨੂੰ ਫੜਾ ਦਿੱਤੀ।

"ਇਹ ਕਿਉਂ ਪਾਪਾ ਜੀ?... ਰੱਖੋ ਆਪਣੇ ਕੋਲ" ਕਹਿੰਦਾ ਬਲਦੇਵ ਮੋੜਨ ਲੱਗਿਆ ਤਾਂ ਬੋਲੇ, "ਲੈ-ਲੈ ਬੇਟਾ! ਕਦੇ ਲੋੜ ਪੈ ਜਾਂਦੀ ਹੁੰਦੀ ਐ" ਫਿਰ ਜੇਬ ਵਿੱਚੋਂ ਸੋਹਣਾ ਜਿਹਾ ਚਾਬੀ-ਛੱਲਾ ਕੱਢ ਕੇ ਕਹਿੰਦੇ, "ਇਹ ਵੀ ਸਾਂਭ ਲੈ! ਯਾਦਗੀਰੀ ਹੁੰਦੀ ਐ"

ਸਾਡੇ ਬੱਚੇ ਉਨ੍ਹਾਂ ਨੂੰ ਬੜੀ ਸ਼ਿੱਦਤ ਨਾਲ ਉਡੀਕਦੇ ਸਨ ਤੇ ਉਨ੍ਹਾਂ ਦੇ ਆ ਕੇ ਬੈਠਦਿਆਂ ਹੀ ਵਾਪਿਸੀ ਦੀ ਚਿੰਤਾ ਵਿੱਚ ਗੁਸੇ ਪੁਛਦੇ "ਪਾਪਾ ਜੀ! ਹੁਣ ਰਹੋਂਗੇ ਨਾ ਸਾਡੇ ਕੋਲ? ਛੇਤੀ ਤਾਂ ਨਹੀਂ ਜਾਓਗੇ?"

ਤੇ ਪਾਪਾ ਜੀ ਕੁਝ ਦਿਨਾਂ ਬਾਅਦ ਜਾਣ ਲਈ ਕੋਈ ਬਹਾਨਾ ਸੁਣਾ ਦਿੰਦੇ, "ਉਦਣ ਫਲਾਨੇ ਦੀ ਰਜਿਸਟਰੀ ਐ, ਫਲਾਨੇ ਦੇ ਭੋਗ ਐ, ਜਾਣਾ ਪੈਣੇ..." ਵਗੈਰਾ-ਵਗੇਰਾ, ਅਸੀਂ ਉਸ ਅਨੁਸਾਰ ਹੀ ਅਗਲੇ ਪ੍ਰੋਗਰਾਮ ਬਣਾਉਂਦੇ। ਇਸ ਵਾਰ ਬੋਲੇ, "ਹੁਣ ਮੈਂ ਸਾਰੇ ਕੰਮ ਮੁਕਾ ਆਇਆਂ, ਜਿੰਨਾ ਚਿਰ ਕਹੋਂਗੇ, ਉਨਾ ਚਿਰ ਰਹੂੰਗਾ ਤੁਹਾਡੇ ਕੋਲ" ਬੱਚੇ ਖੁਸ਼ੀ ਵਿੱਚ ਚਾਂਬੜਾਂ ਪਾਉਣ ਲੱਗ ਪਏ। ਪਰ ਉਨ੍ਹਾਂ ਦੇ ਪੈਰ ਸੁੱਜ-ਭੜੋਲਾ ਬਣੇ ਹੋਏ ਸਨ, ਬਲਦੇਵ ਨੇ ਚਿੰਤਾ ਜ਼ਾਹਿਰ ਕੀਤੀ ਤਾਂ ਬੋਲੇ, "ਨਹੀਂ ਬਈ ਕੁਸ਼ ਨਹੀਂ ਹੋਇਆ ਮੈਨੂੰ, ਇਹ ਤਾਂ ਚਾਰ ਘੰਟੇ ਬੱਸ 'ਚ ਬਹਿਣ ਕਰਕੇ ਹੋ ਗਿਐ"

ਕੁਝ ਦਿਨਾਂ ਬਾਅਦ ਪੇਟ ਕਾਫੀ ਫੁੱਲਿਆ ਹੋਇਆ, "ਪਾਪਾ ਜੀ ਨੂੰ ਐਸਡਿਟੀਜ਼ ਹੋ ਗਈ ਲੱਗਦੀ ਐ..." ਬਲਦੇਵ ਫੁਸਫੁਸਾਇਆ।

"ਹਾਂ, ਮੈਨੂੰ ਵੀ ਲੱਗਦੈ, ਕੱਲ੍ਹ ਹਸਪਤਾਲ ਲਿਜਾ ਕੇ ਦਿਖਾਈਏ"

ਪਾਪਾ ਜੀ ਨੂੰ ਚੱਲਣ ਲਈ ਕਿਹਾ ਤਾਂ ਪੈਰਾਂ 'ਤੇ ਪਾਣੀ ਨਾ ਪੈਣ ਦੇਣ, ਅਖੇ, "ਲੱਸੀ ਬਹੁਤ ਸੁਆਦ ਸੀ, ਮੈਂ ਭਰਿਆ ਜੱਗ ਪੀ ਗਿਆ, ਤਾਂ ਫੁੱਲਿਆ ਲਗਦਾ ਢਿੱਡ, ਹੋਰ ਕੋਈ ਪ੍ਰਾਬਲਮ ਨੀ..."

ਜ਼ੋਰ ਅਜ਼ਮਾ ਲਿਆ, ਪਰ ਉਹ ਜਾਂਚ-ਪੜਤਾਲ ਲਈ ਹਸਪਤਾਲ ਨਹੀਂ ਗਏ। ਇਉਂ ਨਹੀਂ ਕਿ ਉਹ ਸਜੱਗ ਨਹੀਂ ਸਨ ਸਾਰੀ ਉਮਰ ਲੋਕਾਂ ਦੇ ਮੱਥਿਆਂ ਵਿੱਚ ਦੀਵੇ ਬਾਲਦਿਆਂ ਲੰਘਾਈ ਸੀ ਉਨ੍ਹਾਂ ਨੇ। ਸਭ ਕਾਸੇ ਦਾ ਇਲਮ ਸੀ ਉਨ੍ਹਾਂ ਨੂੰ, ਬਸ ਆਪਣੇ ਲਈ ਕਿਸੇ ਹੋਰ ਨੂੰ ਔਖ ਨਹੀਂ ਸਨ ਦਿੰਦੇ, ਧੀਆਂ ਜਵਾਈਆਂ ਨੂੰ ਤਾਂ ਬਿਲਕੁਲ ਹੀ ਨਹੀਂ। ਅਸੀਂ ਬਹੁਤਾ ਹੀ ਖਹਿੜੇ ਪੈ ਜਾਂਦੇ ਤਾਂ ਕਹਿੰਦੇ, "ਮੈਂ ਹਸਪਤਾਲਾਂ ਵਿੱਚ ਰੁਲਣਾ ਨਹੀਂ ਚਾਹੁੰਦਾ ਬਲਦੇਵ! ਮੇਰੀ ਆਖੀ ਮੰਨ ਲੋ, ਮਿੰਨਤ ਆਲੀ ਗੱਲ ਐ""

ਮੈਂ ਅੱਖਾਂ ਭਰ ਲੈਂਦੀ ਤਾਂ ਮੇਰੇ ਸਿਰ ਉੱਤੇ ਹੱਥ ਫੇਰਦੇ ਆਖਦੇ "ਕਿਉਂ ਡੋਲਦੀ ਐਂ, ਉਹ ਹੈ ਨਾ ਪਾਤਸ਼ਾਹਾਂ ਦਾ ਪਾਤਸ਼ਾਹ, ਮੈਂ ਦਸਵਾਂ ਦਵਾਰ ਦੇਖ ਲਿਐ, ਹੁਣ ਮੌਤ ਤੇ ਜ਼ਿੰਦਗੀ ਵਿੱਚ ਕੋਈ ਫ਼ਰਕ ਨਹੀਂ ਲੱਗਦਾ" ਸ਼ਾਇਦ ਇਹੋ ਜਿਹੀਆਂ ਅਨੁਭੂਤੀਆਂ ਕਰਕੇ ਹੀ ਉਨ੍ਹਾਂ ਨੇ ਆਪਣੇ ਵੱਲ ਰਿਸਕਦੀ ਆਉਂਦੀ ਮੌਤ ਨੂੰ ਬੜੇ ਜੇਰੇ ਨਾਲ ਸਵੀਕਾਰ ਕਰ ਲਿਆ ਸੀ। ਰਾਤੀਂ ਕਿਸੇ ਸਮੇਂ ਉਨ੍ਹਾਂ ਨੂੰ ਖ਼ੂਨ ਦੀ ਉਲਟੀ ਆਈ ਸੀ, ਉਹ ਬਿਨਾਂ ਖੜਕਾ ਕੀਤੇ ਬਾਥਰੂਮ ਗਏ ਸਨ ਤੇ ਸਾਰਾ ਕੁੱਝ ਸਾਫ਼ ਕਰਕੇ ਨਹਾ ਧੋ ਆਏ ਸਨ, ਫਿਰ ਠਾਠੀ ਬੰਨ੍ਹ ਕੇ ਰਜਾਈ ਵਿੱਚ ਵੜ ਗਏ ਸਨ। ਉਹ ਤਾਂ ਸਵੇਰੇ ਬਲਦੇਵ ਬਾਥਰੂਮ ਗਿਆ ਤਾਂ ਉਹਨੇ ਫਲੱਸ਼ ਦੇ ਢੱਕਣ ਪਿਛੇ ਖ਼ੂਨ ਦੇ ਛਿੱਟੇ ਦੇਖ ਲਏ ਤੇ ਆ ਕੇ ਪਾਪਾ ਜੀ ਨੂੰ ਪੁੱਛਿਆ, ਬੋਲੇ, "ਹਾਂ... ਆਇਆ ਸੀ ਥੋੜ੍ਹਾ ਜਿਹਾ ਲਹੂ, ਪਰ ਉਹ ਸ਼ਾਇਦ ਮੱਛੀ ਵਿੱਚ ਕੰਡਾ ਹੋਣੈਂ... ਉਹ ਕਿਤੇ ਚੁਭ ਗਿਆ ਹੋਣੈਂ..."

"ਪਰ ਪਾਪਾ ਜੀ, ਮੱਛੀ ਖਾਧੀ ਨੂੰ ਤਾਂ ਕਈ ਦਿਨ ਹੋ 'ਗੇ" ਮੈਂ ਫ਼ਿਕਰ ਦੀ ਸਿਖਰ 'ਤੇ ਸਾਂ।

"ਮੈਨੂੰ ਕੁਸ਼ ਨੀ ਹੋਇਆ, ਤੁਸੀਂ ਜਾ ਕੇ 'ਰਾਮ ਨਾਲ ਰੋਟੀ-ਪਾਣੀ ਛਕੋ ਤੇ ਆਪੋ ਆਪਣੀ ਡਿਊਟੀ 'ਤੇ ਜਾਓ..."

"ਪਰ ਪਾਪਾ ਜੀ..."

"ਗੁਰਮਿੰਦਰ ਸਿਆਂਹ! ਕਮਰਕੱਸੇ ਕਰ ਦਿੱਲੀ ਜਾਣ ਲਈ, ਇਹ ਮੌਕਾ ਸਾਰਿਆਂ ਨੂੰ ਮਿਲਦੈ ਕਿਤੇ?" ਉਸ ਵਰ੍ਹੇ ਮੈਨੂੰ ਪਹਿਲੀ ਵਾਰ ਗਣਤੰਤਰ ਦਿਵਸ ਦੇ ਕਵੀ ਦਰਬਾਰ ਵਾਸਤੇ ਲਾਲ ਕਿਲ੍ਹੇ ਬੁਲਾਇਆ ਗਿਆ ਸੀ ਤੇ ਪਾਪਾ ਜੀ ਆਪਣੇ ਆਪ ਨੂੰ ਦਿੱਲੀ ਦੇ ਤਖ਼ਤ ਉੱਤੇ ਬੈਠਾ ਮਹਿਸੂਸ ਕਰ ਰਹੇ ਸਨ। ਜਿਸ ਦਿਨ ਦਾ ਸੱਦਾ-ਪੱਤਰ ਆਇਆ ਸੀ ਉਨ੍ਹਾਂ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾ ਰਹੀ। "ਮੈਂ ਨਹੀਂ ਕਿਤੇ ਜਾਣਾ-ਜੂਣਾ, ਤੁਸੀਂ ਠੀਕ ਨਹੀਂ ਪਾਪਾ ਜੀ..." ਉਨ੍ਹਾਂ ਦਾ ਪੀਲਾ ਭੂਕ ਰੰਗ ਤੇ ਨੀਲੱਤਣ ਫੜ ਰਹੇ ਸੁੱਕੇ ਸਿੱਕਰੇ ਹੋਂਠ ਮੇਰਾ ਮਨੋਬਲ ਰਸਾਤਲ ਵੱਲ ਲਿਜਾ ਰਹੇ ਸਨ।

"ਕੋਈ ਤਕਲੀਫ਼ ਹੋਈ ਤਾਂ ਮੈਂ ਆਪ ਦੱਸੂੰ, ਤੁਸੀਂ ਤਾਂ ਐਵੇਂ ਈ..." ਅੱਧੀ ਗੱਲ ਉਨ੍ਹਾਂ ਦੇ ਮੂੰਹ ਵਿੱਚ ਹੀ ਸੀ ਕਿ ਗਲੱਸ ਦੇ ਕੇ ਇਕ ਹੋਰ ਉਲਟੀ ਆ ਗਈ, ਬਿਸਤਰੇ ਨੂੰ ਲਹੂ ਲੁਹਾਣ ਹੋਇਆ ਦੇਖ ਕੇ ਉਹ ਸਾਡੇ ਵੱਲ ਗੁਨਾਹਗਾਰਾਂ ਵਾਂਗ ਝਾਕੇ। ਅਸੀਂ ਬਿਨਾਂ ਇਕ ਪਲ ਗੁਆਇਆਂ ਉਨ੍ਹਾਂ ਨੂੰ ਪੀ.ਜੀ.ਆਈ. ਲੈ ਗਏ, ਪੂਰਾ ਦਿਨ ਇਲਾਜ ਚੱਲਦਾ ਰਿਹਾ, ਉਨ੍ਹਾਂ ਦੇ ਫਰਕਦੇ ਹੋਂਠ ਕੁਝ ਦੇਰ ਲਈ ਬੇਹਰਕਤ ਹੋਏ ਤੇ ਫਿਰ ਹਮੇਸ਼ਾ ਲਈ ਖ਼ਾਮੋਸ਼ ਹੋ ਗਏ, ਪਰ ਉਨ੍ਹਾਂ ਵਿੱਚੋਂ ਇਕ ਵਾਰ ਵੀ 'ਸੀਅ' ਜਾਂ 'ਹਾਇ' ਨਹੀਂ ਨਿੱਕਲੀ।

**ਧੰਨਵਾਦ ਸਹਿਤ ਪੰਜਾਬੀ ਸੱਥ ਲਾਂਬੜਾ ਵੱਲੋਂ ਛਪੀ ਕਿਤਾਬ 'ਨਿੰਮ ਦਾ ਰੁੱਖ' 'ਚੋਂ**

ਹਰਮੇਲ ਪਰੀਤ ਜੈਤੋ

# ਪੰਜਾਬੀ ਅਦਬ ਦਾ ਇਕ ਯੁੱਗ ਸਨ ਗੁਰਦਿਆਲ ਸਿੰਘ

ਫ਼ਰੀਦਕੋਟ ਜ਼ਿਲ੍ਹੇ ਦੀ ਛੋਟੀ ਜਿਹੀ ਮੰਡੀ ਜੈਤੋ ਦੀ ਕੌਮਾਂਤਰੀ ਪ੍ਰਸਿੱਧੀ ਵਿਚ ਜਿਹੜੇ ਕਾਰਨਾਂ ਦਾ ਯੋਗਦਾਨ ਹੈ, ਉਨ੍ਹਾਂ ਵਿਚ ਪਦਮਸ੍ਰੀ ਪ੍ਰੋ: ਗੁਰਦਿਆਲ ਸਿੰਘ ਦੀ ਅਦਬੀ ਦੇਣ ਪੇਸ਼-ਪੇਸ਼ ਹੈ। ਗੁਰਦਿਆਲ ਸਿੰਘ ਪੰਜਾਬੀ ਨਾਵਲਨਿਗਾਰੀ ਦਾ ਇਕ ਯੁੱਗ ਸੀ, ਜਿਸ ਦਾ ਅੰਤ ਹੋ ਗਿਆ। ਉਹ ਪਿਛਲੇ ਕੁਝ ਅਰਸੇ ਤੋਂ ਬਿਮਾਰ ਚਲੇ ਆ ਰਹੇ ਸਨ। ਇਸੇ ਦੌਰਾਨ ਪਿਛਲੇ ਦਿਨੀਂ ਆਪਣੇ ਘਰ ਵਿਚ ਡਿਗ ਪੈਣ ਕਾਰਨ ਉਨ੍ਹਾਂ ਦਾ ਚੂਲ਼ਾ ਟੁੱਟ ਗਿਆ ਸੀ ਅਤੇ ਪਿਛਲੇ ਦਿਨੀਂ ਉਹ ਇਸ ਸੰਸਾਰ ਤੋਂ ਰੁਖ਼ਸਤ ਹੋ ਗਏ।

10 ਜਨਵਰੀ 1933 ਨੂੰ ਆਪਣੇ ਨਾਨਕਾ ਪਿੰਡ ਭੈਣੀ ਫੱਤਾ ਵਿਖੇ ਪਿਤਾ ਜਗਤ ਸਿੰਘ ਤੇ ਮਾਤਾ ਨਿਹਾਲ ਕੌਰ ਦੀ ਪਰਿਵਾਰਕ ਫੁਲਵਾੜੀ ਨੂੰ ਮਹਿਕਾਉਣ ਵਾਲੇ ਗੁਰਦਿਆਲ ਸਿੰਘ ਦੀਆਂ ਲਿਖਤਾਂ ਸਮਾਜ ਦੇ ਦੱਬੇ-ਕੁਚਲੇ/ਅਣਹੋਏ ਬਸ਼ਰਾਂ ਦੀ ਜੀਵਨ-ਗਾਥਾ ਬਿਆਨਦੀਆਂ ਹਨ। ਨਿੱਜੀ ਜ਼ਿੰਦਗੀ ਵਿਚ ਉਨ੍ਹਾਂ ਪੈਰਾਂ ਸਿਰ ਖੜ੍ਹੇ ਹੋਣ ਲਈ ਖਾਸੀ ਘਾਲਣਾ ਘਾਲੀ। ਘਰੇਲੂ ਮਜਬੂਰੀ ਕਾਰਨ ਬਚਪਨ ਵਿਚ ਪੜ੍ਹਾਈ ਛੱਡ ਕੇ ਪੁਸ਼ਤੈਨੀ ਲੱਕੜ ਦੇ ਕੰਮ ਵਿਚ ਲੱਗਣਾ ਪਿਆ। ਮਗਰੋਂ ਅਧਿਆਪਕ ਮਦਨ ਮੋਹਨ ਦੀ ਪ੍ਰੇਰਨਾ ਤੇ ਮਾਰਗ ਦਰਸ਼ਨ ਨਾਲ ਗੁਰਦਿਆਲ ਸਿੰਘ ਨੇ ਪੜ੍ਹਾਈ ਮੁੜ ਸ਼ੁਰੂ ਕੀਤੀ। ਗਿਆਨੀ ਕਰਕੇ ਮਾਸਟਰ ਬਣੇ ਅਤੇ ਪੰਜਾਬੀ ਯੂਨੀਵਰਸਿਟੀ ਦੇ ਖੇਤਰੀ ਕੇਂਦਰ ਵਿਚ ਰੀਡਰ ਬਣੇ ਅਤੇ 1995 ਵਿਚ ਪ੍ਰੋਫੈਸਰ ਵਜੋਂ ਸੇਵਾ-ਮੁਕਤ ਹੋਏ।



ਜਿਸਮਾਨੀ ਤੌਰ 'ਤੇ ਗੁਰਦਿਆਲ ਸਿੰਘ ਹਮੇਸ਼ਾ ਹੀ ਮਾੜਚੂ ਜਿਹੇ ਰਹੇ ਪਰ ਤੀਖਣ ਬੁੱਧੀ ਪੱਖੋਂ ਬੇਹੱਦ ਬਲਵਾਨ ਸਨ। ਉਨ੍ਹਾਂ ਦੇ ਸਾਹਿਤਕ ਸਫ਼ਰ ਦਾ ਆਰੰਭ 1957 ਵਿਚ ਪ੍ਰੋ: ਮੋਹਨ ਸਿੰਘ ਦੇ ਰਸਾਲੇ 'ਪੰਜ ਦਰਿਆ' ਵਿਚ ਛਪੀ ਕਹਾਣੀ 'ਭਾਗਾਂ ਵਾਲੇ' ਨਾਲ ਹੋਇਆ। ਸਾਲ 1964 ਵਿਚ ਉਨ੍ਹਾਂ ਦਾ ਪਲੇਠਾ ਨਾਵਲ 'ਮੜ੍ਹੀ ਦਾ ਦੀਵਾ' ਛਪਿਆ ਤੇ ਇਸੇ ਨਾਵਲ ਨਾਲ ਉਹ ਪੰਜਾਬੀ ਨਾਵਲਨਿਗਾਰੀ ਦੀ ਨਿੱਗਰ ਸੰਭਾਵਨਾ ਬਣ ਕੇ ਉੱਭਰੇ। ਇਸੇ ਨਾਵਲ ਉਤੇ ਬਣੀ ਫ਼ਿਲਮ ਨੂੰ ਵੀ ਕੌਮੀ ਪੁਰਸਕਾਰ ਮਿਲਿਆ। ਮਗਰੋਂ ਉਨ੍ਹਾਂ ਦੇ ਇਕ ਹੋਰ ਨਾਵਲ 'ਅੰਨ੍ਹੇ ਘੋੜੇ ਦਾ ਦਾਨ' 'ਤੇ ਵੀ ਨੌਜਵਾਨ ਨਿਰਦੇਸ਼ਕ ਗੁਰਵਿੰਦਰ ਸਿੰਘ ਨੇ ਫ਼ਿਲਮ ਬਣਾਈ।

ਆਪਣੇ ਅਦਬੀ ਸਫ਼ਰ ਵਿਚ ਗੁਰਦਿਆਲ ਸਿੰਘ ਨੇ ਦਸ ਨਾਵਲ ਮੜ੍ਹੀ ਦਾ ਦੀਵਾ, ਅਣਹੋਏ, ਰੇਤੇ ਦੀ ਇਕ ਮੁੱਠੀ, ਕੁਵੇਲਾ, ਅੱਧ ਚਾਨਣੀ ਰਾਤ, ਆਥਣ ਉੱਗਣ, ਅੰਨ੍ਹੇ ਘੋੜੇ ਦਾ ਦਾਨ, ਪਹੁ ਫੁਟਾਲੇ ਤੋਂ ਪਹਿਲਾਂ, ਪਰਸਾ ਅਤੇ ਆਹਣ ਲਿਖੇ। ਕੋਈ ਏਨੇ ਕੁ ਹੀ ਕਹਾਣੀ ਸੰਗ੍ਰਹਿ ਵੀ ਉਨ੍ਹਾਂ ਅਦਬੀ ਪਾਠਕਾਂ ਦੀ ਝੋਲੀ ਪਾਏ, ਜਿਨ੍ਹਾਂ ਵਿਚ ਸੱਗੀ ਫੁੱਲ, ਚੰਨ ਦਾ ਬੂਟਾ, ਓਪਰਾ ਘਰ, ਕੁੱਤਾ ਤੇ ਆਦਮੀ, ਮਸਤੀ ਬੋਤਾ, ਰੁੱਖੇ ਮਿੱਸੇ ਬੰਦੇ, ਬੇਗਾਨਾ ਪਿੰਡ, ਪੱਕਾ ਟਿਕਾਣਾ, ਕਰੀਰ ਦੀ ਢਿੰਗਰੀ, ਮੇਰੀਆਂ ਚੋਣਵੀਆਂ ਕਹਾਣੀਆਂ ਤੇ ਮੇਰੀ ਪ੍ਰਤੀਨਿਧ ਰਚਨਾ ਸ਼ਾਮਿਲ ਹਨ। ਗੁਰਦਿਆਲ ਸਿੰਘ ਨੇ ਤਿੰਨ ਨਾਟਕ 'ਫ਼ਰੀਦਾ ਰਾਤੀਂ ਵੱਡੀਆਂ', 'ਵਿਦਾਇਗੀ ਤੋਂ ਪਿੱਛੋਂ' ਤੇ 'ਨਿੱਕੀ ਮੋਟੀ ਗੱਲ' ਵੀ ਲਿਖੇ। ਗੁਰਦਿਆਲ ਸਿੰਘ ਨੇ ਪ੍ਰੌੜ੍ਹ ਪਾਠਕਾਂ ਦੇ ਨਾਲ-ਨਾਲ ਬੱਚਿਆਂ ਲਈ ਉਚੇਚੇ ਤੌਰ 'ਤੇ ਲਿਖਿਆ। ਬਾਲ ਸਾਹਿਤ ਵਿਚ ਉਨ੍ਹਾਂ ਨੇ 'ਬਕਲਮ ਖ਼ੁਦ', 'ਟੁੱਕ ਖੋਹ ਲਏ ਕਾਵਾਂ', 'ਲਿਖਤੁਮ ਬਾਬਾ ਖੇਮਾ', 'ਗੱਪੀਆਂ ਦਾ ਪਿਉ', 'ਮਹਾਂਭਾਰਤ', 'ਧਰਤ ਸੁਹਾਵੀ', 'ਤਿੰਨ ਕਦਮ ਧਰਤੀ', 'ਖੱਟੇ ਮਿੱਠੇ ਲੋਕ', 'ਕਾਲੂ ਕੌਤਕੀ', 'ਜੀਵਨ ਦਾਤੀ ਗੰਗਾ' ਭਾਗ ਪਹਿਲਾ ਅਤੇ ਦੂਜਾ ਆਦਿ ਕਿਤਾਬਾਂ ਦੀ ਰਚਨਾ ਕੀਤੀ। ਮੌਲਕ ਲੇਖਣ ਦੇ ਨਾਲ-ਨਾਲ ਗੁਰਦਿਆਲ ਸਿੰਘ ਨੇ ਹੋਰ ਜ਼ਬਾਨਾਂ ਤੋਂ ਚੰਗੇਰਾ ਸਾਹਿਤ ਅਨੁਵਾਦ ਵੀ ਕੀਤਾ। ਅਨੁਵਾਦ ਦੀਆਂ ਪੰਜ ਕਿਤਾਬਾਂ ਗੋਰਕੀ ਦੀ ਮੇਰਾ ਬਚਪਨ, ਭਗਵਤੀ ਚਰਨ ਵਰਮਾ ਦੀ ਭੁੱਲੇ ਵਿੱਸਰੇ, ਵਰਿੰਦਾਵਨ ਲਾਲ ਸ਼ਰਮਾ ਦੀ ਮ੍ਰਿਗਨੈਣੀ, ਕ੍ਰਿਸ਼ਨਾ ਸੋਬਤੀ ਦਾ ਜ਼ਿੰਦਗੀਨਾਮਾ ਅਤੇ ਸ਼ਰਤ ਚੰਦਰ ਦਾ ਬਿਰਾਜ ਬਹੂ ਹਨ। ਵਾਰਤਕ ਵਿਚ ਗੁਰਦਿਆਲ ਸਿੰਘ ਨੇ ਪੰਜਾਬ ਦੇ ਮੇਲੇ ਅਤੇ ਤਿਉਹਾਰ, ਦੁਖੀਆ ਦਾਸ ਕਬੀਰ ਹੈ, ਸਤਯੁਗ ਦੇ ਆਉਣ ਤੱਕ, ਡਗਮਗ ਛਾਡਿ ਰੇ ਮਨ ਬਉਰਾ, ਲੇਖਕ ਦਾ ਅਨੁਭਵ ਤੇ ਸਿਰਜਣ ਪ੍ਰਕਿਰਿਆ ਤੇ ਬੰਬਈ ਸ਼ਹਿਰ ਕਹਿਰ ਸਵਾ ਪਹਿਰ ਤੋਂ ਇਲਾਵਾ ਆਪਣੀ ਆਤਮਕਥਾ ਵੀ ਲਿਖੀ, ਜਿਸ ਦਾ ਪਹਿਲਾ ਭਾਗ 'ਨਿਆਣ ਮੱਤੀਆਂ' ਤੇ ਦੂਜਾ ਭਾਗ 'ਦੂਜੀ ਦੇਹੀ' ਦੇ ਅਨੁਵਾਨ ਹੇਠ ਛਪਿਆ ਹੈ। ਗੁਰਦਿਆਲ ਸਿੰਘ ਨੂੰ ਨਿਰਸੰਦੇਹ ਪੰਜਾਬੀ ਦਾ ਵੱਡਾ ਨਾਵਲਕਾਰ ਮੰਨਿਆ ਗਿਆ ਹੈ। ਗੁਰਦਿਆਲ ਸਿੰਘ ਸਿਰਜਣ ਪ੍ਰਕਿਰਿਆ ਵਿਚ ਬੜਾ ਸਹਿਜ ਸੀ। ਉਨ੍ਹਾਂ ਦੇ ਨਾਵਲਾਂ ਵਿਚ 10 ਜਾਂ ਪੰਦਰਾਂ ਸਾਲਾਂ ਦਾ ਵਕਫ਼ਾ ਰਿਹਾ ਹੈ। ਉਹ ਇਕ-ਇਕ ਨਾਵਲ ਉਤੇ ਕਈ-ਕਈ ਵਰ੍ਹੇ ਕੰਮ ਕਰਦੇ। ਉਨ੍ਹਾਂ ਦੀ ਭਾਸ਼ਾ, ਬੋਲੀ ਵਿਚ ਬੇਹੱਦ ਠਹਿਰਾਅ ਸੀ। ਉਹ ਹੌਲੀ ਆਵਾਜ਼ ਵਿਚ ਬੋਲਦੇ। ਉਨ੍ਹਾਂ ਦਾ ਕਹਿਣਾ ਸੀ ਕਿ ਸਿਰਫ਼ ਗਿਣਾਤਮਕ ਪੱਖੋਂ ਹੀ ਕਾਗਜ਼ ਕਾਲੇ ਕਰੀ ਜਾਓ, ਉਸ ਦਾ ਕੋਈ ਫਾਇਦਾ

ਨਹੀਂ। ਉਦੋਂ ਲਿਖੋ ਜਦੋਂ ਤੁਹਾਡੇ ਕੋਲ ਕਹਿਣ ਲਈ ਕੁਝ ਨਵਾਂ ਹੋਵੇ। ਗੁਰਦਿਆਲ ਸਿੰਘ ਸਾਹਿਤਕ ਰਚਨਾਵਾਂ ਦੇ ਨਾਲ-ਨਾਲ ਚਲੰਤ ਮਾਮਲਿਆਂ ’ਤੇ ਵੀ ਅਖ਼ਬਾਰਾਂ ਵਿਚ ਲਿਖ ਕੇ ਅਵਾਮ ਨੂੰ ਸੁਚੇਤ ਕਰਦੇ ਰਹੇ। ਗੁਰਦਿਆਲ ਸਿੰਘ ਦੀ ਵਡੇਰੀ ਸਾਹਿਤਕ ਘਾਲਣਾ ਬਦਲੇ ਉਨ੍ਹਾਂ ਨੂੰ ਅਨੇਕ ਸਨਮਾਨ ਹਾਸਲ ਹੋਏ। ਸਗੋਂ ਸਾਹਿਤ ਦਾ ਸਭ ਤੋਂ ਸ੍ਰੇਸ਼ਠ ਪੁਰਸਕਾਰ ਗਿਆਨਪੀਠ ਹਾਸਲ ਕਰਨ ਵਾਲੇ ਉਹ ਪੰਜਾਬੀ ਦੇ ਦੂਜੇ ਅਤੇ ਪੰਜਾਬ ਦੇ ਵਾਹਦ ਲੇਖਕ ਬਣੇ। ਉਨ੍ਹਾਂ ਤੋਂ ਪਹਿਲਾਂ ਇਹ ਮਾਣ ਦਿੱਲੀ ਰਹਿੰਦੀ ਪੰਜਾਬੀ ਲੇਖਕਾ ਅੰਮ੍ਰਿਤਾ ਪ੍ਰੀਤਮ ਦੇ ਹਿੱਸੇ ਆਇਆ ਸੀ।

ਇਸ ਤੋਂ ਇਲਾਵਾ ਭਾਰਤ ਸਰਕਾਰ ਨੇ ਉਨ੍ਹਾਂ ਨੂੰ 1998 ਵਿਚ ਪਦਮਸ੍ਰੀ ਦੇ ਖਿਤਾਬ ਨਾਲ ਵੀ ਸਨਮਾਨਿਆ।

1975 ਵਿਚ ਉਨ੍ਹਾਂ ਨੂੰ ‘ਅੱਧ ਚਾਨਣੀ ਰਾਤ’ ਬਦਲੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ, ਉਸੀ ਸਾਲ ਨਾਨਕ ਸਿੰਘ ਐਵਾਰਡ, 1986 ਵਿਚ ਸੋਵੀਅਤ ਲੈਂਡ ਨਹਿਰੂ ਪੁਰਸਕਾਰ ਮਿਲਿਆ ਅਤੇ 2015 ਵਿਚ ਉਨ੍ਹਾਂ ਦਾ ਨਾਂਅ ਲਿਮਕਾ ਬੁੱਕ ਵਿਚ ਦਰਜ ਹੋਇਆ। ਇਸ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਕਈ ਸਨਮਾਨ ਉਨ੍ਹਾਂ ਦੀ ਝੋਲੀ ਪਏ।

ਗੁਰਦਿਆਲ ਸਿੰਘ ਜਿਸਮਾਨੀ ਤੌਰ ’ਤੇ ਭਾਵੇਂ ਸਾਡੇ ਦਰਮਿਆਨ ਨਹੀਂ ਰਹੇ, ਪਰ ਉਨ੍ਹਾਂ ਵੱਲੋਂ ਬਾਲਿਆ ਚੇਤਨਾ ਦਾ ਦੀਵਾ ਹਮੇਸ਼ਾ ਬਲਦਾ ਰਹੇਗਾ।

## ਸ਼ਬਦਾਂ ਦੇ ਸੰਯੋਗ

**ਹਰਬਖਸ਼ ਸਿੰਘ ਟਾਹਲੀ**

* ਆਪਣੇ ਹੱਕਾਂ ਲਈ ਹਥਿਆਰਬੰਦ ਲੜਾਈ ਲੜਨ ਵਾਲੇ ਨੂੰ ਸਰਕਾਰੀ ਭਾਸ਼ਾ ਵਿੱਚ ਅਤੰਕਵਾਦੀ ਕਿਹਾ ਜਾਂਦਾ ਹੈ ਜਦੋਂ ਕਿ ਉਸ ਦੇ ਆਪਣੇ ਲੋਕ ਉਸ ਨੂੰ ਜੁਝਾਰੂ ਅਤੇ ਮਰਨ ਉਪ੍ਰੰਤ ਸ਼ਹੀਦ ਦਾ ਨਾਮ ਦਿੰਦੇ ਹਨ।

* ਦੋ ਚੋਰ ਜਦੋਂ ਕਿਸੇ ਆਫਤ ਵਿੱਚ ਫਸ ਜਾਂਦੇ ਹਨ ਤਾਂ ਆਪਣੇ ਸਾਂਝੇ ਮੁਫਾਦ ਲਈ ਮਿਲ ਕੇ ਕੰਮ ਕਰਨ ਲੱਗਦੇ ਹਨ।

* ਗਿਆਨ ਵੰਡਣ ਵਾਲੇ ਲੋਕਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਇਸ ਗਿਆਨ ਦੇ ਬਦਲੇ ਵਿੱਚ ਉਸ ਨੂੰ ਪੈਸੇ ਕਿੰਨੇ ਕੁ ਮਿਲਦੇ ਹਨ।

* ਖਰੀਦਿਆ ਹੋਇਆ ਸਨਮਾਨ ਉਮਰ ਭਰ ਲਈ ਬੰਦੇ ਦੀ ਜ਼ਮੀਰ ਵਿੱਚ ਚੁਭਦਾ ਰਹਿੰਦਾ ਹੈ।

* ਕੁਰਸੀ ’ਤੇ ਬੈਠੇ ਸੱਤਾਧਾਰੀਆਂ ਨੂੰ ਕੁਝ ਲੋਕ ਬੜੇ ਸੰਘਰਸ਼ ਨਾਲ ਹੇਠਾਂ ਲਾਹੁੰਦੇ ਹਨ ਅਤੇ ਫਿਰ ਉਸੇ ਕੁਰਸੀ ’ਤੇ ਉਹ ਆਪ ਬੈਠ ਕੇ ਸੱਤਾਧਾਰੀ ਬਣ ਜਾਂਦੇ ਹਨ।

* ਬਹੁਤ ਘੱਟ ਔਰਤਾਂ ਹੁੰਦੀਆਂ ਹਨ ਜੋ ਗੁਰਦੁਆਰਿਆਂ ਵਿੱਚ ਮੈਕਅੱਪ ਕਰਕੇ ਜਾਂ ਮਹਿੰਗੇ ਸੂਟ ਪਾ ਕੇ ਨਾ ਜਾਂਦੀਆਂ ਹੋਣ।

* ਗਹਿਰੀ ਨੀਂਦ, ਗਹਿਰੀ ਚੁੱਪ ਤੇ ਗਹਿਰਾ ਪਿਆਰ ਸਿਰਫ ਰਾਤ ਦੇ ਹਨੇਰੇ ਵਿੱਚ ਹੀ ਸੰਭਵ ਹੁੰਦੇ ਹਨ।

* ਭਗਤ ਅਤੇ ਆਸ਼ਕ ਪਹਿਲੀ ਉਮਰ ਵਿੱਚ ਜਲਦੀ ਪ੍ਰਵਾਨ ਹੁੰਦੇ ਹਨ, ਉਮਰੋਂ ਟੱਪੇ ਲੋਕ ਕਦੇ ਕਿਸੇ ਦੀ ਉਡੀਕ ਨਹੀਂ ਕਰਸਕਦੇ।

* ਸੋਹਣੀ ਔਰਤ ਵੱਲ ਹਰ ਕਿਸੇ ਦਾ ਧਿਆਨ ਜ਼ਰੂਰ ਜਾਂਦਾ ਹੈ, ਅੱਗੇ ਕੋਈ ਕੀ ਸੋਚਦਾ ਹੈ ਇਹ ਉਸ ਦੀ ਸੋਚ ’ਤੇ ਨਿਰਭਰ ਕਰਦਾ ਹੈ।

* ਔਲਾਦ ਆਪਣੇ ਮਾਪਿਆਂ ਨੂੰ ਭਾਵੇਂ ਕੁਝ ਵੀ ਸਮਝੇ ਪਰ ਮਾਪੇ ਆਪਣੀ ਔਲਾਤ ਨੂੰ ਔਲਾਦ ਹੀ ਸਮਝਦੇ ਹਨ।

* ਕੁਦਰਤੀ ਆਫਤਾਂ ਵਿੱਚ ਕਿਸੇ ਗਰੀਬ ਜਾਂ ਅਮੀਰ ਵਿੱਚ ਭਿੰਨ ਭੇਦ ਨਹੀਂ ਹੁੰਦਾ, ਪਾਣੀ ਦੋਵਾਂ ਨੂੰ ਡੋਬ ਦਿੰਦਾ ਹੈ ਅਤੇ ਅੱਗ ਵੀ ਦੋਵਾਂ ਨੂੰ ਸਾੜ ਦਿੰਦੀ ਹੈ।

* ਪਿਆਰ ਵਿੱਚ ਬੁਰੀ ਤਰ੍ਹਾਂ ਫੇਲ੍ਹ ਹੋਇਆ ਵਿਅਕਤੀ ਜਦੋਂ ਦੁਬਾਰਾ ਕਿਸੇ ਔਰਤ ਨਾਲ ਪਿਆਰ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਵੇਲੇ ਉਸ ਵਿਅਕਤੀ ਦੇ ਅੰਦਰ ਪਿਆਰ ਨਹੀਂ ਕਾਮ ਦੀ ਭਾਵਨਾ ਹੁੰਦੀ ਹੈ।

* ਜਿਸ ਕਿਸੇ ਵਿਅਕਤੀ ਦੇ ਅੰਦਰ ਅਖੰਡ ਜੋਤ ਦਾ ਪਾਠ ਲਗਾਤਾਰ ਚਲਦਾ ਹੋਵੇ ਉਸ ਨੇ ਭਾਈਆਂ ਕੋਲੋਂ ਅਖੰਡ ਪਾਠ ਕਰਵਾ ਕੇ ਕੀ ਲੈਣਾ ਹੈ।

* ਰਾਹਾਂ ’ਤੇ ਚਲਣ ਤੋਂ ਪਹਿਲਾਂ ਰਾਹੀਂ ਦੀਆਂ ਪ੍ਰਸਥਿਤੀਆਂ ਬਾਰੇ ਜਾਇਜ਼ਾ ਲੈ ਲੈਣਾ ਸਿਆਣਪ ਹੁੰਦੀ ਹੈ।

* ਜਿਹੜਾ ਬੰਦਾ ਉਸ ਵਕਤ ਨਾ ਜਾਗੋ ਜਦੋਂ ਉਹ ਜੁਆਨ ਹੁੰਦਾ ਹੈ ਅਤੇ ਹਰ ਪਾਸਿਓਂ ਨਿਪੁੰਨ ਹੁੰਦਾ ਹੈ ਉਹ ਬੁਢਾਪੇ ਦੇ ਦਿਨਾਂ ਵਿੱਚ ਸ਼ਾਹ ਸਵਾਹਰ ਕਿਵੇਂ ਬਣ ਸਕਦਾ ਹੈ।

* ਨਸ਼ਾ ਭਾਵੇਂ ਕੋਈ ਵੀ ਹੋਵੇ ਉਹ ਬੰਦੇ ਦੇ ਸਰੀਰ ਨੂੰ ਤੋੜਦਾ ਹੈ ਅਤੇ ਰੂਹ ਨੂੰ ਕਮਜ਼ੋਰ ਕਰਦਾ ਹੈ।

* ਬਹੁਤ ਲੋਕ ਰੀਸੋ -ਰੀਸ ਸਟੇਜ ’ਤੇ ਬੋਲਣ ਤੋਂ ਝਿਜਕ ਜਾਂਦੇ ਹਨ ਅਤੇ ਅਨਾੜੀ ਬੰਦਾ ਭਾਸ਼ਣ ਦੇਕੇ ਚਲਦਾ ਹੁੰਦਾ ਹੈ ਕਿਉਂਕਿ ਵਿਦਵਾਨ ਬੰਦਾ ਸਾਹਮਣੇ ਬੈਠੇ ਲੋਕਾਂ ਦਾ ਖਿਆਲ ਰੱਖਦਾ ਹੈ ਅਤੇ ਅਨਾੜੀ ਬੰਦਾ ਸਾਹਮਣੇ ਬੈਠੇ ਲੋਕਾਂ ਨੂੰ ਆਪਣੇ ਵਰਗੇ ਸਮਝਦਾ ਹੈ।

# ਪੰਜਾਬ ਦੇ ਭੂਗੋਲਿਕ ਇਲਾਕੇ ਜੋ ਜ਼ਾਤ-ਗੋਤਾਂ ਦੇ ਨਾਂਅ ਬਣ ਗਏ

**ਗੁਲਾਮ ਮੁਸਤਫ਼ਾ ਡੋਗਰ ਬਰਤਾਨੀਆ ਵਿਚ ਵਸਦੇ ਹਨ। ਅਣਵੰਡੇ ਪੰਜਾਬ ਦੇ ਇਤਿਹਾਸ, ਸੱਭਿਆਚਾਰ, ਵਿਰਸੇ ਤੇ ਲੋਕਾਂ ਬਾਰੇ ਖੋਜ ਕਰਨ ਦਾ ਉਨ੍ਹਾਂ ਨੂੰ ਬੇਹੱਦ ਸ਼ੌਕ ਹੈ। ਪੇਸ਼ ਹੈ ਪੰਜਾਬ ਦੇ ਵੱਖ-ਵੱਖ ਇਲਾਕਿਆਂ ਅਤੇ ਉਨ੍ਹਾਂ ਨਾਲ ਸਬੰਧਤ ਲੋਕਾਂ ਬਾਰੇ ਇਕ ਦਿਲਚਸਪ ਤੇ ਜਾਣਕਾਰੀ ਭਰਪੂਰ ਲੇਖ।**



ਮਸ਼ਰਕੀ (ਪੂਰਬੀ) ਪੰਜਾਬ ਦਾ ਗੀਤਕਾਰ ਤੇ ਗਾਇਕ ਸਤਿੰਦਰ ਸਰਤਾਜ ਮੈਨੂੰ ਬੜਾ ਪਸੰਦ ਹੈ, ਖ਼ਾਸ ਕਰਕੇ ਉਸ ਦੀ ਗਾਈ ਹੀਰ। ਕੁਝ ਦਿਨ ਪਹਿਲਾਂ ਮੈਂ ਉਸ ਦਾ ਗਾਣਾ 'ਮੁੰਡਾ ਹਜ਼ਾਰੇ ਦਾ' ਸੁਣ ਰਿਹਾ ਸੀ। ਮੈਨੂੰ ਖਿਆਲ ਆਇਆ ਕਿ ਜਦੋਂ ਸੱਭਿਆਚਾਰ ਇਕ ਹੋਵੇ ਉਸ ਇਲਾਕੇ ਨੂੰ ਸਦਾ ਲਈ ਨਹੀਂ ਵੰਡਿਆ ਜਾ ਸਕਦਾ। ਵੇਖੋ ਨਾ ਹੀਰ ਨੂੰ ਪੂਰਬੀ ਪੰਜਾਬ ਦੇ ਲੋਕ ਗਾਏ ਬਗੈਰ ਨਹੀਂ ਰਹਿ ਸਕਦੇ। 70 ਸਾਲਾਂ ਬਾਅਦ ਵੀ ਇਨ੍ਹਾਂ ਦੇ ਗਾਣਿਆਂ ਵਿਚ ਹਜ਼ਾਰੇ ਦਾ ਜ਼ਿਕਰ ਆ ਰਿਹਾ ਹੈ ਭਾਵੇਂ ਇਨ੍ਹਾਂ ਨੂੰ ਪਤਾ ਨਹੀਂ ਕਿ ਹਜ਼ਾਰਾ ਕਿਸੇ ਸ਼ਹਿਰ ਜਾਂ ਪਿੰਡ ਦਾ ਨਾਂਅ ਨਹੀਂ ਇਹ ਤਾਂ ਪਾਕਿਸਤਾਨੀ ਪੰਜਾਬ ਨਾਲ ਲਗਦੇ ਇਕ ਇਲਾਕੇ ਦਾ ਨਾਂਅ ਹੈ, ਜਿਹੜਾ ਹੈ ਤਾਂ ਪੰਜਾਬੋਂ ਬਾਹਰ ਪਰ ਬੋਲੀ ਉਥੇ ਵੀ ਲਹਿੰਦੀ ਪੰਜਾਬੀ ਹੀ ਬੋਲੀ ਜਾਂਦੀ ਹੈ।



ਅਣਵੰਡੇ ਪੰਜਾਬ ਦਾ ਲਾਹੌਰ ਸ਼ਹਿਰ ਇਕ ਚਿੱਤਰਕਾਰ ਦੀ ਨਜ਼ਰ ਵਿਚ

ਕੁਦਰਤੀ ਹੈ ਹਰ ਸਮਾਜ ਜਾਤਾਂ ਗੋਤਾਂ, ਕਬੀਲਿਆਂ 'ਚ ਵੰਡਿਆ ਪਿਆ ਹੈ। ਜੇ ਇਕੱਠੇ ਪੰਜਾਬ ਦੀ ਹੀ ਗੱਲ ਕਰੀਏ ਤਾਂ ਇਥੇ ਜੱਟਾਂ ਦੇ ਹੀ ਕੋਈ 550 ਕਬੀਲੇ ਜਾਂ ਗੋਤਾਂ ਨੇ। ਰਾਜਪੂਤਾਂ ਦੀਆਂ ਕੋਈ 300 ਹੋਣਗੀਆਂ ਮਸਲਨ ਇਥੇ ਕੋਈ ਗਿੱਲ ਹੈ, ਬਾਜਵਾ ਹੈ, ਰੰਧਾਵਾ ਹੈ, ਪਰਿਹਾਰ ਹੈ, ਚੌਹਾਨ ਹੈ ਆਦਿ ਆਦਿ। ਯੂਰਪ ਵਿਚ ਇਨ੍ਹਾਂ ਨੂੰ ਫੈਮਿਲੀ ਨੇਮ ਕਹਿੰਦੇ ਹਨ।

ਇਥੇ ਮੈਂ ਇਹ ਗੱਲ ਸਾਫ਼ ਕਰਨ ਜਾ ਰਿਹਾ ਹਾਂ ਕਿ ਕਈ ਨਾਂਅ ਅਜਿਹੇ ਨੇ ਜੋ ਅਸਲ ਵਿਚ ਇਲਾਕਿਆਂ ਦੇ ਨਾਂਅ ਹਨ ਪਰ ਲੋਕ ਉਨ੍ਹਾਂ ਨੂੰ ਵੀ ਗੋਤ ਜਾਂ ਕਬੀਲੇ ਸਮਝਦੇ ਹਨ। ਮਿਸਾਲ ਦੇ ਤੌਰ 'ਤੇ ਡੋਗਰੇ, ਸੁਲੈਰੀਏ, ਬਾਰੀਏ, ਬਾਗੜੀ, ਨਕੱਈ, ਮਝੈਲ, ਮਲਵਈ ਆਦਿ। ਕਹਿਣ ਤੋਂ ਮਤਲਬ ਡੁੱਗਰ ਇਕ ਇਲਾਕੇ ਦਾ ਨਾਂਅ ਹੈ ਤੇ ਜੋ ਵੀ ਉਥੋਂ ਦਾ ਵਸਨੀਕ ਹੈ ਉਹ ਡੋਗਰਾ ਕਹਾਉਂਦਾ ਹੈ, ਭਾਵੇਂ ਉਸ ਦੀ ਕੋਈ ਵੀ ਜਾਤ ਗੋਤ ਜਾਂ ਕਬੀਲਾ ਹੋਵੇਗਾ।

ਹਜ਼ਾਰੇ ਵਿਚ ਹਰੀਪੁਰ ਸ਼ਹਿਰ ਆਬਾਦ ਹੈ, ਜਿਹੜਾ ਸਿੱਖ ਜਰਨੈਲ ਹਰੀ ਸਿੰਘ ਨਲੂਆ ਨੇ ਆਬਾਦ ਕੀਤਾ ਸੀ। ਉਥੇ ਫਿਰ ਮਾਨਸਿਹਰਾ ਸ਼ਹਿਰ ਹੈ ਜਿਸ ਦੀ ਨੀਂਹ ਸਿੱਖ ਜਰਨੈਲ ਮਾਨ ਸਿੰਘ ਨੇ ਰੱਖੀ ਸੀ। ਹਜ਼ਾਰੇ ਵਿਚ ਹੀ ਸ਼ਹਿਰ ਐਬਟਾਬਾਦ ਹੈ ਜਿਥੇ ਪਾਕਿਸਤਾਨੀ ਫ਼ੌਜ ਦੇ ਅਫਸਰਾਂ ਦਾ ਟਰੇਨਿੰਗ ਸੈਂਟਰ ਹੈ। ਅੱਜ ਤਾਂ ਵਿਚ ਵਿਚ ਕਦੀ-ਕਦੀ ਮੰਗ ਉਠਦੀ ਹੈ ਕਿ ਹਜ਼ਾਰੇ ਨੂੰ ਵੀ ਵੱਖਰਾ ਸੂਬਾ ਬਣਾਇਆ ਜਾਵੇ। ਜੇ ਅਜਿਹਾ ਹੋ ਗਿਆ ਤਾਂ ਉਸ ਦੀ ਰਾਜਧਾਨੀ ਹਰੀਪੁਰ ਹੀ ਬਣਨੀ ਹੈ।

ਯਾਦ ਰਹੇ ਹਜ਼ਾਰਾ ਇਲਾਕਾ ਐਸ ਵੇਲੇ ਖ਼ੈਬਰ ਪਖ਼ਤੂਨਖ਼ਵਾ ਦਾ ਬਹੁਤ ਵੱਡਾ ਇਲਾਕਾ ਹੈ, ਹਾਲਾਂ ਕਿ ਬੋਲੀ ਉਥੇ ਵੀ ਪੰਜਾਬੀ ਹੀ ਜਾਂਦੀ ਹੈ। ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਪੰਜਾਬ ਸੂਬਾ ਪੂਰੇ ਪਾਕਿਸਤਾਨ ਦਾ 64 ਫ਼ੀਸਦੀ ਹੈ। ਮੈਂ ਕਹਿੰਦਾ ਹਾਂ ਪੰਜਾਬ ਉਸ ਤੋਂ ਵੀ ਵੱਡਾ ਹੈ, ਕਿਉਂਕਿ ਜਦੋਂ ਅਸੀ 64 ਫ਼ੀਸਦੀ ਕਹਿੰਦੇ ਹਾਂ ਉਦੋਂ ਹਜ਼ਾਰੇ ਵਰਗੇ ਇਲਾਕੇ ਨਜ਼ਰਅੰਦਾਜ਼ ਕਰ ਦਿੰਦੇ ਹਾਂ ਜਿਥੋਂ ਦੀ ਬੋਲੀ ਪੰਜਾਬੀ ਹੀ ਹੈ। ਹਾਲਾਂ ਕਿ ਜਿਵੇਂ ਅਕਸਰ ਹੁੰਦਾ ਹੈ ਬੋਲੀ ਕਦੀ ਵੀ ਇਕਸਾਰ ਨਹੀ ਹੁੰਦੀ ਤੇ ਇਲਾਕੇ ਨਾਲ ਫ਼ਰਕ ਪੈਂਦਾ ਹੈ। ਹਜ਼ਾਰੇ ਦੀ ਪੰਜਾਬੀ ਪੇਸ਼ਾਵਰ ਦੀ ਹਿੰਦਕੋ ਤੇ ਪੰਜਾਬੀ ਦਾ ਮੇਲ ਜਿਹਾ ਹੈ।

ਮੈਨੂੰ ਪਤਾ ਹੈ 1947 'ਚ ਹਜ਼ਾਰੇ ਤੋਂ ਬਹੁਤ ਸਿੱਖ ਉਠ ਕੇ ਪਟਿਆਲੇ ਜਾ ਬੈਠੇ ਸਨ। ਇਨ੍ਹਾਂ ਸਿੱਖਾਂ ਨੂੰ ਭਾਪੇ ਕਿਹਾ ਜਾਂਦਾ ਹੈ।

ਹਜ਼ਾਰੇ ਤੋਂ ਥੋੜ੍ਹਾ ਅਗਲਾ ਇਲਾਕਾ ਛੱਛ ਕਹਾਉਂਦਾ ਹੈ। ਉਥੋਂ ਦੇ ਵਸਨੀਕ ਨੂੰ ਛਾਛੀ ਕਿਹਾ ਜਾਂਦਾ ਹੈ। ਇਹ ਸਮਝ ਲਓ ਕਿ ਪੇਸ਼ਾਵਰ ਤੇ ਪੰਜਾਬ ਦੇ ਵਿਚਲਾ ਇਲਾਕਾ ਹੈ। ਅਜਿਹਾ ਇਲਾਕਾ ਜਿਥੇ ਦੋ ਜ਼ਬਾਨਾਂ

ਮਿਲਦੀਆਂ ਹੋਣ, ਉਥੇ ਦੇ ਲੋਕ ਉਹ ਦੋਵੇਂ ਜ਼ਬਾਨਾਂ ਬੋਲ ਸਕਦੇ ਹੁੰਦੇ ਨੇ ਤੇ ਬਸ ਇਹੋ ਹਾਲ ਛੱਛ ਦਾ ਹੈ। ਛਾਛੀ ਪਸ਼ਤੋ ਤੇ ਪੰਜਾਬੀ ਦੋਵੇਂ ਬੋਲ ਸਕਦੇ ਨੇ। ਸਾਡੀ ਨਿਗ੍ਹਾ ਵਿਚ ਤਾਂ ਛਾਛੀ ਪਠਾਣ ਹੀ ਹੁੰਦੇ ਨੇ ਪਰ ਪਠਾਣ ਲੋਕ ਇਨ੍ਹਾਂ ਨੂੰ ਅਸਲੀ ਪਠਾਣ ਨਹੀਂ ਗਿਣਦੇ। ਉਹ ਕਹਿੰਦੇ ਹਨ ਇਹ ਛਾਛੀ ਪਠਾਣ ਨੇ। ਛੱਛ ਦਾ ਵੱਡਾ ਸ਼ਹਿਰ ਅੱਟਕ ਹੈ।

ਹਜ਼ਾਰੇ ਤੋਂ ਓਰਾਂ ਨੂੰ ਆਈਏ ਤਾਂ ਪੰਜਾਬ ਦਾ ਜੋ ਇਲਾਕਾ ਪੈਂਦਾ ਹੈ ਉਸ ਨੂੰ ਪੋਠੋਹਾਰ ਕਿਹਾ ਜਾਂਦਾ ਹੈ, ਜਿਸ ਵਿਚ ਰਾਵਲਪਿੰਡੀ, ਚਕਵਾਲ, ਜਿਹਲਮ, ਗੁਜਰਾਤ, ਪਿੰਡੀ ਘੇਬ ਜ਼ਿਲ੍ਹੇ ਆਉਂਦੇ ਹਨ। ਇਹ ਕਾਫੀ ਵੱਡਾ ਇਲਾਕਾ ਹੈ। ਇਸ ਇਲਾਕੇ ਦੇ ਲੋਕ ਖ਼ਾਸ ਕਰਕੇ ਜੱਟ ਤੇ ਰਾਜਪੂਤ ਫ਼ੌਜ ਵਿਚ ਵੱਡੀ ਗਿਣਤੀ ਵਿਚ ਹਨ। ਇਥੇ ਜੋ ਜ਼ਬਾਨ ਬੋਲੀ ਜਾਂਦੀ ਹੈ ਉਹ ਪੋਠੋਹਾਰੀ ਪੰਜਾਬੀ ਹੈ। ਜੋ ਤੁਹਾਡੇ ਇਲਾਕੇ ਵਿਚ ਭਾਪਿਆਂ ਦੀ ਜ਼ਬਾਨ ਹੈ।

ਫਿਰ ਓਰੇ ਆਉਂਦੇ ਹਾਂ ਤਾਂ ਜਿਹੜਾ ਇਲਾਕਾ ਪੈਂਦਾ ਹੈ ਉਨੂੰ ਚੱਜ ਕਿਹਾ ਜਾਂਦਾ ਹੈ। ਇਥੋਂ ਦੇ ਮੂਲ ਨਿਵਾਸੀ ਗੋਂਦਲ ਜੱਟ ਤੇ ਰਾਂਝੇ ਜੱਟ ਹਨ। ਧੀਦੋ ਰਾਂਝਾ ਇਸੇ ਇਲਾਕੇ ਦਾ ਸੀ। ਮਤਲਬ ਜਿਹਲਮ ਤੇ ਚਿਨਾਬ ਵਿਚਲਾ ਇਲਾਕਾ ਮੰਡੀ ਬਹਾਉਦੀਨ। ਗੁਜਰਾਤ ਸ਼ਹਿਰ ਝਨਾਂ ਦਰਿਆਂ ਦੇ ਕੰਢੇ ਸੋਹਣੀ ਮਹੀਂਵਾਲ ਵੀ ਇਸੇ ਇਲਾਕੇ ਦੇ ਹੋਏ ਹਨ।

ਸੱਚੀ ਗੱਲ ਇਹ ਹੈ ਕਿ ਜੇ ਕੋਈ ਪੂਰਬੀ ਪੰਜਾਬ ਬਾਰੇ ਲਿਖ ਰਿਹਾ ਹੋਵੇ ਅਤੇ ਜੇ ਉਸ ਨੂੰ ਪੱਛਮੀ ਪੰਜਾਬ ਬਾਰੇ ਜਾਣਕਾਰੀ ਨਾ ਹੋਵੇ ਤਾਂ ਉਸ ਦੀ ਲਿਖਤ ਕਦੀ ਵੀ ਭਰੋਸੇਮੰਦ ਨਹੀਂ ਬਣ ਸਕਦੀ। ਇਕ ਹਿੱਸੇ ਦੇ ਭੂਗੋਲ ਨੂੰ ਸਮਝਣ ਵਾਸਤੇ ਤੁਹਾਨੂੰ ਪੂਰੇ ਪੰਜਾਬ ਦਾ ਜਗਰਾਫੀਆ ਪੜ੍ਹਨਾ ਪਵੇਗਾ। ਇਕਾਈ (ਯੂਨਿਟ) ਪੰਜਾਬ ਹੈ। ਜਿਵੇਂ ਸਰੀਰ ਦੇ ਵੱਖ-ਵੱਖ ਅੰਗ ਹੁੰਦੇ ਹਨ। ਇਸ ਨੂੰ ਵੰਡ ਜਿੰਨਾ ਮਰਜ਼ੀ ਲਓ ਪਰ ਅਸਲੀ ਪੰਜਾਬ ਤਾਂ ਅਣਵੰਡਿਆ ਪੰਜਾਬ ਹੀ ਹੈ। ਕੋਈ ਟੁਕੜਾ ਪੰਜਾਬ ਨਹੀਂ ਕਹਾ ਸਕਦਾ।

ਅੰਮ੍ਰਿਤਸਰ ਦੇ ਦੱਖਣ ਵਿਚ ਛੋਟਾ ਜਿਹਾ ਕਸਬਾ ਹੈ 'ਝਬਾਲ'। ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਉਸ ਇਲਾਕੇ ਦੇ ਮੌਜੂਦਾ ਸਿੱਖ ਵਸਨੀਕਾਂ ਨੂੰ ਪਤਾ ਵੀ ਨਹੀਂ ਹੋਣਾ ਕਿ ਇਨੂੰ ਝਬਾਲ ਕਿਉਂ ਕਿਹਾ ਜਾਂਦਾ ਹੈ। ਹਾਂ, ਪਰ ਜੇ ਤੁਹਾਨੂੰ ਲਹਿੰਦੇ ਪੰਜਾਬ ਦਾ ਗਿਆਨ ਹੈ ਤਾਂ ਜ਼ਰੂਰ ਜਾਣਦੇ ਹੋਵੋਗੇ।

ਪੰਜਾਬ ਦੇ ਰਾਜਪੂਤਾਂ ਦੀ ਇਕ ਗੋਤ ਹੈ ਚਿੱਭ ਤੇ ਹੋ ਸਕਦਾ ਇਹ ਚਿੱਬ ਲਫ਼ਜ਼ ਚਿੱਬਾ ਤੋਂ ਆਇਆ ਹੋਵੇ ਮਤਲਬ ਕਿਸੇ ਚੀਜ਼ ਵਿਚ ਚਿੱਬ ਪੈ ਜਾਣਾ। ਚਿੱਬ ਲੋਕਾਂ ਦਾ ਮੁੱਖ ਇਲਾਕਾ ਹੈ ਪੋਠੋਹਾਰ ਨਾਲ ਲਗਦਾ, ਗੁਜਰਾਤ ਦਾ ਪਹਾੜ ਪਾਸਾ ਪਰ ਜੰਮੂ ਤੋਂ ਥੱਲੇ: ਖਾਰੀਆਂ, ਜਿਹਲਮ, ਗੁਜਰਾਤ, ਭਿੰਬਰ ਆਦਿ। ਇਨ੍ਹਾਂ ਚਿੱਬੇ ਰਾਜਪੂਤਾਂ ਦਾ ਇਹ ਇਲਾਕਾ ਕਹਾਉਂਦਾ ਹੈ ਚਿੱਬਆਲ ਜਾਂ ਚਿਬਾਲ ਜਾਂ ਝਬਾਲ। ਕਿਸੇ ਵੇਲੇ ਇਹ ਲੋਕ ਕਾਂਗੜੇ ਦੇ ਵਸਨੀਕ ਸਨ ਤੇ ਇਹ ਡੋਗਰੇ ਵੀ ਕਹਾਉਂਦੇ ਹਨ। ਵਕਤ ਪਾ ਕੇ ਇਧਰ-ਓਧਰ ਵਸ ਗਏ। ਪਰ ਅੱਜ ਪਹਾੜਾਂ ਤੋਂ ਥੱਲੇ ਦੇ ਇਹ ਚਿੱਬੇ ਸਭ ਮੁਸਲਮਾਨ ਹਨ ਤੇ ਪਹਾੜਾਂ ਵਿਚ ਕਟੋਚ ਕਹਾਉਂਦੇ ਹਨ। ਇਨ੍ਹਾਂ ਚਿੱਬੇ ਰਾਜਪੂਤਾਂ ਦੀ ਬਕਾਇਦਾ ਇਕ ਰਿਆਸਤ ਵੀ ਸੀ, ਮੀਰਪੁਰ ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਨੇ ਜਿੱਤ ਕੇ ਆਪਣੇ ਰਾਜ ਵਿਚ ਮਿਲਾ ਲਿਆ ਸੀ। ਚਿੱਬਾਂ ਦਾ ਜਠੇਰਾ ਕੋਈ ਪੀਰ ਸੂਰੀ ਸਾਧ ਹੋਇਆ ਹੈ, ਜਿਸ ਨੇ ਇਨ੍ਹਾਂ ਨੂੰ ਮੁਸਲਮਾਨ ਬਣਾਇਆ। ਇਹ ਔਰੰਗਜ਼ੇਬ ਦੇ ਵੇਲੇ ਫ਼ੌਜ ਨਾਲ ਲੜਦਾ ਮਰਿਆ ਗਿਆ ਸੀ। ਚਿੱਬ ਲੋਕ ਆਪਣੇ ਬੱਚੇ ਦੀ ਝੰਡ ਵੀ ਇਸ ਦੀ ਦਰਗਾਹ 'ਤੇ ਜਾ ਕੇ ਹੀ ਚੜ੍ਹਾਉਂਦੇ ਨੇ। ਚਿੱਬ ਲੋਕ ਦੋਵਾਂ ਮੁਲਕਾਂ ਦੀ ਫ਼ੌਜ ਵਿਚ ਕਾਫੀ ਗਿਣਤੀ 'ਚ ਹਨ।

ਸੋ, ਹੁਣ ਪਤਾ ਲੱਗਾ ਕਿ ਕਸਬੇ ਦਾ ਨਾਂਅ ਝਬਾਲ ਕਿਉਂ ਪਿਆ, ਉਥੇ ਵੀ ਚਿੱਬ ਰਾਜਪੂਤ ਰਹਿੰਦੇ ਹੋਣਗੇ, ਜੋ ਪਾਕਿਸਤਾਨ ਬਣਨ ਤੇ ਜਾਂ ਪਹਿਲੋਂ ਇਧਰ ਓਧਰ ਚਲੇ ਗਏ।

ਇਸੇ ਤਰ੍ਹਾਂ ਜੋ ਲੋਕ ਬਾਰ ਦੇ ਰਹਿਣ ਵਾਲੇ ਹਨ ਜਾਂ ਸਨ ਲੋਕ ਉਨ੍ਹਾਂ ਨੂੰ ਬਾਰੀਏ ਕਹਿੰਦੇ ਨੇ।

ਸਾਡੀ ਨਵੀਂ ਪੀੜ੍ਹੀ ਨੂੰ ਬਾਰਾਂ ਬਾਰੇ ਕੋਈ ਖਾਸ ਗਿਆਨ ਨਹੀਂ। ਇਹ ਪੰਜਾਬ ਦਾ ਬੇਅਬਾਦ ਜਿਹਾ ਜੰਗਲੀ ਇਲਾਕਾ ਹੁੰਦਾ ਸੀ, ਜਿਨ੍ਹਾਂ ਨੂੰ ਅੰਗਰੇਜ਼ਾਂ ਨੇ ਸਿਆਲਕੋਟ, ਲਾਹੌਰ, ਗੁਰਦਾਸਪੁਰ, ਅੰਮ੍ਰਿਤਸਰ, ਲੁਧਿਆਣਾ ਆਦਿ ਜ਼ਿਲ੍ਹਿਆਂ ਵਿਚ ਕੁਝ ਆਬਾਦੀ ਨੂੰ ਮੁਫ਼ਤ ਜ਼ਮੀਨਾਂ ਦੇ ਕੇ ਵਸਾਇਆ ਸੀ। ਧਿਆਨ ਰਹੇ ਬਾਰਾਂ ਤਿੰਨ ਹਨ : 1. ਨੀਲੀ ਬਾਰ, 2. ਸਾਂਦਲ ਬਾਰ, 3. ਕਿਰਾਨਾ ਬਾਰ।

ਨੀਲੀ ਬਾਰ ਰਾਵੀ ਤੇ ਸਤਲੁਜ ਦੇ ਦਰਮਿਆਨ ਦਾ ਇਲਾਕਾ ਹੈ। ਇਸ ਵਿਚ ਖਾਨੇਵਾਲ, ਸਾਹੀਵਾਲ, ਓਕਾੜਾ, ਵਿਹਾੜੀ, ਪਾਕ-ਪੱਤਨ ਆਦਿ ਆਉਂਦੇ ਹਨ। ਇਥੋਂ ਦੇ ਮੂਲ ਨਿਵਾਸੀ ਸਨ ਬੋਦਲੇ, ਢੱਡੀ, ਹਾਂਸ, ਜੋਈਆ, ਕਾਠੀਆ, ਖਰਲ, ਲੰਗੜਿਆਲ, ਸਿਆਲ, ਵੱਟੂ। ਯਾਦ ਰਹੇ ਹੀਰ ਸਿਆਲ ਕਬੀਲੇ ਦੀ ਹੈ। ਰਾਂਝਾ ਹੈ ਤਾਂ ਜੱਟ ਕਬੀਲੇ ਦਾ ਸੀ ਪਰ ਉਹ ਮੁਕਾਮੀ ਨਹੀਂ ਥੋੜ੍ਹਾ ਦੂਸਰੇ ਇਲਾਕੇ ਭਾਵ ਸਰਗੋਧੇ ਤੋਂ ਸੀ। ਰਾਂਝੇ ਦਾ ਅਸਲ ਨਾਂਅ ਧੀਦੋ ਸੀ। ਰਾਂਝਾ ਗੋਤ ਹੈ।

ਸਾਂਦਲ ਬਾਰ ਨੂੰ ਦੁੱਲੇ ਭੱਟੀ ਵਾਲੀ ਬਾਰ ਵੀ ਕਿਹਾ ਜਾਂਦਾ ਹੈ। ਇਹ ਰਾਵੀ ਤੇ ਝਨਾਂ ਦੇ ਦਰਮਿਆਨ ਵਾਲਾ ਇਲਾਕਾ ਹੈ। ਇਸ ਵਿਚ ਵਸਦੇ ਮੂਲ ਨਿਵਾਸੀ ਹਨ : ਖਰਲ, ਚੱਧਰ, ਖੇੜੇ, ਜੋਈਏ, ਵਾਹਗੇ, ਨੂਰ, ਸਪਰਾਅ, ਤੇ ਸਿਆਲ। ਯਾਦ ਰਹੇ ਮਿਰਜ਼ਾ ਖਰਲ ਜੱਟ ਸੀ ਤੇ ਸਹਿਬਾਂ ਚੱਧੜ ਜੱਟ ਕਬੀਲੇ ਨਾਲ ਸਬੰਧ ਰੱਖਦੀ ਸੀ। ਹੀਰ ਵਿਆਹੀ ਖੇੜਿਆਂ ਵੱਲ ਗਈ ਸੀ। ਸੈਦਾ ਖੇੜਾ ਉਸ ਦਾ ਪਤੀ ਸੀ। ਜਿਹੜਾ ਖੇੜਾ ਨਾਂਅ ਹੈ ਪੰਜਾਬ ਦੇ ਬਾਕੀ ਹਿੱਸਿਆਂ ਵਿਚ ਇਸ ਨੂੰ ਕਿਤੇ ਖਾਹਰਾ ਕਿਹਾ ਜਾਂਦਾ ਕਿਤੇ ਖਹਿਰਾ, ਹੈ ਇਕੋ ਹੀ।

ਤੀਜੀ ਕਿਰਾਨਾ ਬਾਰ ਜਾਂ ਝੱਜ ਦੁਆਬ ਮਤਲਬ ਝਨਾਂ ਤੇ ਜਿਹਲਮ ਵਿਚਲਾ ਇਲਾਕਾ। ਇਥੇ ਵਸਦੇ ਲੋਕ: ਗੋਂਦਲ, ਖਿੱਚੀ ਤੇ ਕਲਿਆਰ ਜਾਂ ਕਲੇਰ ਹਨ। ਫਿਰ ਲਾਹੌਰ ਦੇ ਲਹਿੰਦੇ ਪਾਸੇ ਜਿਹੜਾ ਇਲਾਕਾ ਪੈਂਦਾ ਹੈ ਉਸ ਨੂੰ ਨਾਕਾ ਕਹਿੰਦੇ ਹਨ। ਨਾਕਾ ਭਾਵ ਰੁਕਾਵਟ ਸਰਹੱਦ। ਇਥੋਂ ਦੇ ਵਸਨੀਕਾਂ ਨੂੰ ਨਕੱਈ ਕਹਿ ਦਿੱਤਾ ਜਾਂਦਾ ਹੈ। ਇਹ ਲੋਕ ਹੈ ਤਾਂ ਸੰਧੂ ਜੱਟ। ਸ਼ਾਇਦ ਤੁਹਾਨੂੰ ਯਾਦ ਹੋਵੇਗਾ ਕਿ ਮਹਾਰਾਜਾ ਰਣਜੀਤ ਸਿੰਘ ਦੀ ਇਕ ਰਾਣੀ ਸੀ ਜਿਹਦਾ ਨਾਂਅ ਮਾਈ ਨਕੈਣ ਸੀ। ਇਹ ਨਕੱਈ ਮਿਸਲ ਦੇ ਸਰਦਾਰਾਂ ਦੀ ਧੀ ਸੀ। ਇਸੇ ਖਾਨਦਾਨ ਦੇ ਸਰਦਾਰ ਅਤਰ ਸਿੰਘ (ਖ਼ੁਦਾ ਬਖ਼ਸ਼) ਤੇ ਈਸ਼ਰ ਸਿੰਘ (ਅਬਦੁਲ ਅਜ਼ੀਗ਼) ਅੰਗਰੇਜ਼ਾਂ ਵੇਲੇ ਮੁਸਲਮਾਨ ਬਣ ਗਏ ਸਨ। ਇਹ ਪਰਿਵਾਰ ਅੱਜ ਵੀ ਲਹਿੰਦੇ ਪੰਜਾਬ ਦੀ ਸਿਆਸਤ

ਵਿਚ ਵੱਡਾ ਅਸਰ ਰਸੂਖ ਰੱਖਦਾ ਹੈ। ਪਿੱਛੇ ਤਾਂ ਆਰਿਫ ਨਕਈ ਤਾਂ ਪੰਜਾਬ ਦਾ ਮੁੱਖ ਮੰਤਰੀ ਵੀ ਰਿਹਾ ਹੈ।

ਇਸੇ ਤਰ੍ਹਾਂ ਇਸੇ ਚੂਹਣੀਆਂ ਇਲਾਕੇ ਤੋਂ ਸੰਧੂ ਜੱਟਾਂ ਦੇ ਸ਼ੁਕਰਚੱਕੀਆ ਮਿਸਲ ਦੇ ਜਥੇਦਾਰ ਜੋਧ ਸਿੰਘ ਦੇ ਪਰਿਵਾਰ ਦੇ ਬੰਦੇ ਜੋ ਬਾਅਦ ਵਿਚ ਮੁਸਲਮਾਨ ਬਣ ਗਏ ਸਨ, ਉਨ੍ਹਾਂ ਦੇ ਟੱਬਰ ਵਿਚੋਂ ਵੀ ਕਈ ਲੋਕ ਅੱਜ ਦੀ ਸਿਆਸਤ ਵਿਚ ਪੂਰੇ ਸਰਗਰਮ ਨੇ ਇਹ ਮੁਅੱਕਲ ਕਹਾਉਂਦੇ ਹਨ।

ਫਿਰ ਸਿਆਲਕੋਟ ਪਸਰੂਰ ਵਗੈਰਾ ਦਾ ਜਿਹੜਾ ਇਲਾਕਾ ਪੈਂਦਾ ਹੈ ਇਸ ਨੂੰ ਬਜਵਾਤ ਕਿਹਾ ਜਾਂਦਾ ਹੈ। ਇਹ ਬਾਜਵੇ ਜੱਟਾਂ ਤੇ ਬਿਜੂ ਰਾਜਪੂਤਾਂ ਦਾ ਇਲਾਕਾ ਹੈ, ਜਿਨ੍ਹਾਂ ਵਿਚ ਕੁਝ ਹਿੰਦੂ ਵੀ ਸਨ ਜੋ 1947 ਵੇਲੇ ਹਿਜਰਤ ਕਰ ਗਏ। ਕੌਮਾਂ ਕਬੀਲਿਆਂ ਤੇ ਕੰਮ ਕਰਨ ਵਾਲੇ ਵਿਦਵਾਨਾਂ ਦਾ ਅੰਦਾਜ਼ਾ ਹੈ ਕਿ ਸ਼ੁਰੂ ਵਿਚ ਇਹ ਕੋਈ ਸ਼ਿਕਾਰੀ ਕਬੀਲਾ ਹੋਵੇਗਾ ਜਿਨ੍ਹਾਂ ਨੂੰ ਸ਼ਿਕਾਰੀ ਬਾਜ਼ ਪਾਲਣ ਵਿਚ ਮਹਾਰਤ ਸੀ। ਅੱਜ ਵੀ ਮੱਧ ਪੂਰਬ ਦੇ ਅਰਬ ਤੇ ਕੇਂਦਰੀ ਏਸ਼ੀਆ ਦੇ ਤੁਰਕ ਤੇ ਮੰਗੋਲ ਜੰਗਲੀ ਇਲਾਕੇ ਵਿਚ ਹਿਰਨ ਤੱਕ ਦਾ ਸ਼ਿਕਾਰ ਬਾਜ਼ ਨਾਲ ਕਰਦੇ ਨੇ। ਸੋ ਇਹ ਬਾਜ਼ ਵਾਲਾ ਕਬੀਲਾ ਹੌਲੀ-ਹੌਲੀ ਬਣ ਗਿਆ ਬਾਜਵਾ ਤੇ ਇਨ੍ਹਾਂ ਦਾ ਇਲਾਕਾ ਕਹਾਇਆ ਬਜਵਾਤ। ਇਸ ਤਰ੍ਹਾਂ ਇਹ ਇਲਾਕਾ ਖਾਸ ਬਣਦਾ ਹੈ ਜਿਸ ਦਾ ਨਾਂਅ ਕੌਮ ਦੇ ਨਾਂਅ ਤੋਂ ਪੈਂਦਾ ਹੈ, ਮਤਲਬ ਬਾਜਵਿਆਂ ਦਾ ਇਲਾਕਾ। ਇਹ ਕਬੀਲਾ ਅੱਗੇ ਜਾ ਕੇ ਫਿਰ ਪਾਟਦਾ ਹੈ ਤੇ ਕੁਝ ਜੱਟਾਂ ਨਾਲ ਜੁੜੇ ਤੇ ਕੁਝ ਰਾਜਪੂਤ ਕਹਾਏ। ਅੱਜ ਪਸਰੂਰ ਸਿਆਲਕੋਟ ਇਲਾਕੇ ਵਿਚ ਇਨ੍ਹਾਂ ਦੇ ਕੋਈ 180 ਪਿੰਡ ਹਨ।

ਦੂਸਰੇ ਪਾਸੇ ਦੰਦ ਕਥਾ ਅਨੁਸਾਰ ਇਹ ਲੋਕ ਮੂਲ ਵਿਚ ਰਾਜਪੂਤ ਸਨ। ਚਵਿੰਡਾ ਤੇ ਪਸਰੂਰ ਇਲਾਕੇ ਦੇ ਇਕ ਖ਼ਾਸ ਟੱਬਰ ਵਿਚ ਦੋ ਭਰਾ ਹੋਏ ਜੱਸ ਤੇ ਕਲਸ। ਜਿਨ੍ਹਾਂ ਵਿਚੋਂ ਜੱਸ ਨੇ ਤਾਂ ਜੰਮੂ ਦੇ ਰਾਜੇ ਕੋਲ ਨੌਕਰੀ ਕਰ ਲਈ ਤੇ ਕਲੱਸ ਨੇ ਨੇੜੇ ਲਗਦੇ ਪਿੰਡ ਪੰਨਵਾਣਾਂ ਦੇ ਕਿਸੇ ਸੰਧੂ ਜੱਟ ਪਰਿਵਾਰ ਦੀ ਲੜਕੀ ਨਾਲ ਨਾਤਾ ਜੋੜ ਲਿਆ। ਜੱਸ ਨੂੰ ਜਦੋਂ ਇਹ ਪਤਾ ਲਗਾ ਤਾਂ ਕਿ ਕਲਸ ਨੇ ਬਰਾਦਰੀ ਤੋਂ ਬਾਹਰ ਵਿਆਹ ਕੀਤਾ ਹੈ ਤਾਂ ਉਸ ਦਾ ਸਮਾਜਿਕ ਬਾਈਕਾਟ ਕਰ ਦਿੱਤਾ ਤੇ ਬਰਾਦਰੀ ਤੋਂ ਖਾਰਜ ਕਰ ਦਿੱਤਾ ਕਿਉਂਕਿ ਰਾਜਪੂਤ ਆਪਣੇ ਆਪ ਨੂੰ ਜੱਟਾਂ ਨਾਲੋਂ ਉੱਚਾ ਸਮਝਦੇ ਸਨ। ਕਲਸ ਫਿਰ ਜੱਟ ਬਣਿਆ। ਉਸ ਦੀ ਔਲਾਦ ਫਿਰ ਜੱਟ ਬਾਜਵੇ ਕਹਾਏ। ਇਨ੍ਹਾਂ ਦਾ ਜਠੇਰਾ ਮਾਂਗੇ ਵਿਚ ਹੈ ਤੇ ਮੜ ਮਾਂਗਾ ਕਹਾਉਂਦਾ ਹੈ।

**ਸਾਂਝੀਆਂ ਹਨ ਚੜ੍ਹਦੇ ਅਤੇ ਲਹਿੰਦੇ ਪੰਜਾਬੀਆਂ ਦੀਆਂ ਗੋਤਾਂ** - ਜੱਸ ਦੀ ਔਲਾਦ ਵਿਚੋਂ ਕੋਈ ਕੌਲੂ ਨਾਂਅ ਦਾ ਬੰਦਾ ਹੋਇਆ ਜਿਹਦੇ ਔਲਾਦ ਨਹੀਂ ਸੀ ਹੁੰਦੀ। ਵਕਤ ਪਾ ਕੇ ਪਿੰਡ ਕਾਲਾ ਰਾਂਅ ਦੇ ਸ਼ੇਖ ਗਦਾਈ ਦੀ ਬਖ਼ਸ਼ਸ਼ ਨਾਲ ਉਹਦੇ ਘਰ ਫਿਰ ਪੰਜ ਬੱਚੇ ਪੈਦਾ ਹੋਏ; ਮਾਣਕ, ਮਾਂਗਾ, ਨਾਰੋ, ਨਰਾਇਣ ਅਤੇ ਬਸ। ਉਹਦਾ ਮਜ਼ਾਰ ਅੱਜ ਵੀ ਪਿੰਡ ਵਿਚ ਹੈ। ਲੋਕ ਕਹਾਣੀ ਇਹ ਹੈ ਕਿ ਜਦੋਂ ਕੌਲੂ ਦੀ ਬੀਵੀ ਪੀਰ ਕੋਲੋਂ ਬੱਚੇ ਦੀ ਦਾਤ ਮੰਗ ਰਹੀ ਸੀ ਤਾਂ ਪੀਰ ਨੇ ਖ਼ੁਸ਼ ਹੋ ਕੇ ਕਿਹਾ ਜਾਹ ਜੇ ਤੂੰ ਮੰਗਿਆ ਤਾਂ ਤੈਨੂੰ ਰੱਬ ਮਾਣਕ ਵੀ ਦਏ, ਜੇ ਤੂੰ ਮੰਗਿਆ ਤਾਂ ਤੈਨੂੰ ਰੱਬ ਮਾਂਗਾ ਵੀ ਦਏ, ਤੈਨੂੰ ਨਰਾਇਣ ਵੀ ਦਏ ਤੈਨੂੰ ਨਾਰੋ ਵੀ ਦਏ। ਅੱਗੋਂ ਕੌਲੂ ਦੀ ਬੀਵੀ ਚੀਕ ਉਠੀ ਕਹਿੰਦੀ ਬਸ ਬਾਬਾ ਬਸ। ਪੀਰ ਨੇ ਕਿਹਾ ਖ਼ੁਦਾ ਤੈਨੂੰ ਬਸ ਵੀ ਦਏ। ਫਿਰ ਇਸੇ ਤਰਤੀਬ ਵਿਚ ਬੱਚੇ ਪੈਦਾ ਹੋਏ ਜਿਨ੍ਹਾਂ ਦੇ ਨਾਂਅ ਓਸੇ ਤਰ੍ਹਾਂ ਰੱਖੇ ਗਏ ਤੇ ਪੰਜਵੀਂ ਧੀ ਪੈਦਾ ਹੋਈ ਜਿਹਦਾ ਨਾਂਅ ਉਨ੍ਹਾਂ ਬੱਸੋ ਰੱਖਿਆ।

ਕਿਹਾ ਜਾਂਦਾ ਹੈ ਕਿ ਪੀਰ ਨੇ ਕਿਹਾ ਚੰਗਾ ਤੇਰੇ ਘਰ ਬਸ ਵੀ ਆਏਗੀ ਤੇ ਜੋ ਕੁੜੀ ਪੈਦਾ ਹੋਈ ਉਹਦਾ ਨਾਂਅ ਰੱਖਿਆ ਬੱਸੋ। ਇਹੋ ਕਾਰਨ ਹੈ ਬਾਜਵੇ ਲੋਕ ਕੋਈ ਗੱਲ ਖ਼ਤਮ ਕਰਾਉਣ ਮੌਕੇ ਬਸ ਨਹੀਂ ਕਹਿੰਦੇ। ਜਿਵੇਂ ਆਪਾਂ ਰੋਟੀ ਖਾਂਦਿਆਂ ਕਹਿ ਦਿੰਨੇ ਕਿ ਜੀ ਬਸ ਕਰੋ ਰੱਜ ਗਏ ਹਾਂ। ਸੋ ਇਨ੍ਹਾਂ ਪੰਜਾਂ ਦੇ ਨਾਂਅ 'ਤੇ ਇਸ ਇਲਾਕੇ ਵਿਚ ਪਿੰਡ ਜਾਂ ਸ਼ਹਿਰ ਆਬਾਦ ਹੋਏ; ਮਾਣਕ. ਮਾਂਗਾ, ਨਾਰੋਵਾਲ ਆਦਿ।

ਸੋ, ਵਕਤ ਪਾ ਕੇ ਜਿਹੜਾ ਜਸ ਸੀ ਉਹ ਵੀ ਜੰਮੂ ਤੋਂ ਇਧਰ ਆ ਗਿਆ ਤੇ ਉਹਦੀ ਔਲਾਦ ਬੱਜੂ ਰਾਜਪੂਤਾਂ ਦੇ ਕੋਈ 85 ਪਿੰਡ ਮੂਲ ਬਜਵਾਤ ਇਲਾਕੇ ਵਿਚ ਹੀ ਹਨ। ਜਦੋਂ ਕਿ ਜੱਟ ਬਾਜਵੇ ਦੱਖਣ ਪਸਰੂਰ ਸਿਆਲਕੋਟ ਨਾਰੋਵਾਲ ਵਗੈਰਾ ਇਲਾਕਿਆਂ 'ਚ ਫੈਲੇ। 1947 ਵੇਲੇ ਹਿੰਦੂ ਸਿੱਖ ਭਾਰਤ ਵਿਚ ਚਲੇ ਗਏ ਜਿਨ੍ਹਾਂ ਵਿਚੋਂ ਜਿਹੜੇ ਰਾਜਪੂਤ ਨੇ ਉਹ ਜੰਮੂ ਦੇ ਇਲਾਕੇ ਵਿਚ ਬੈਠੇ ਤੇ ਜਿਹੜੇ ਸਿੱਖ ਸਨ ਉਹ ਪੰਜਾਬ ਚਲੇ ਗਏ। ਅੱਜ ਚਾਹੇ ਬੱਜੂ ਮੁਸਲਮਾਨ ਹੋਣ ਜਾਂ ਹਿੰਦੂ ਹੋਣ ਜਾਂ ਸਿੱਖ ਹੋਣ ਉਹ ਦੋਵਾਂ ਮੁਲਕਾਂ ਦੀਆਂ ਫ਼ੌਜਾਂ ਵਿਚ ਭਰਤੀ ਹੋ ਕੇ ਅਮਰੀਕਾ ਤੇ ਯੂਰਪ ਤੋਂ ਆਏ ਅਸਲੇ ਦਾ ਨਿਸ਼ਾਨਾ ਬਣਦੇ ਹਨ। ਕਹਿਣ ਤੋਂ ਮਤਲਬ ਜਵਾਨ ਪਲੇ ਪਲਾਏ ਬਾਜਵੇ ਪੁੱਤਰ ਨੂੰ ਬਾਜਵਾ ਮਾਰਦਾ ਹੈ। ਬਾਜੀ ਮਾਂ ਦੀ ਗੋਦ ਸੁੰਨੀ ਕਰਦਾ ਹੈ ਜਦੋਂ ਕਿ ਅਮੀਰ ਮੁਲਕ ਆਪਣਾ ਅਸਲਾ ਵੇਚਦਾ ਹੈ। ਖ਼ੁਦਾ



ਜਾਣਦਾ ਹੈ ਇਹ ਭਰਾ ਮਾਰੂ ਜੰਗ ਕਦੋਂ ਤੱਕ ਜਾਰੀ ਰਹੇਗੀ। ਅਸੀਂ ਤਾਂ ਲਿਖਾਰੀ ਹਾਂ ਸਹਿਜ ਹੀ ਇਹ ਲਾਈਨਾਂ ਲਿਖ ਦਿੱਤੀਆਂ ਨੇ ਪਰ ਪੁੱਤ ਮਰੇ ਦਾ ਦਰਦ ਜੇ ਪੁੱਛਣਾ ਹੋਵੇ ਤਾਂ ਕਿਸੇ ਮਾਂ ਕੋਲੋਂ ਪੁੱਛੋ। ਕਿਸੇ ਬੱਚੇ ਕੋਲੋਂ ਪੁੱਛੋ ਜਿਸ ਦਾ ਪਿਓ ਲੜਾਈ 'ਚ ਮਾਰਿਆ ਜਾਂਦਾ ਹੈ ਜਾਂ ਕਿਸੇ ਜ਼ਨਾਨੀ ਨੂੰ ਪੁੱਛੋ ਜਿਹੜੀ ਭਰ ਜਵਾਨੀ ਵਿਚ ਵਿਧਵਾ ਹੋ ਜਾਂਦੀ ਹੈ। ਖੈਰ ਇਹ ਨਿਰੀ ਬਾਜਵਿਆਂ ਦੀ ਹੀ ਕਹਾਣੀ ਨਹੀਂ ਇਹ ਹਰ ਪੰਜਾਬੀ ਦੀ ਕਹਾਣੀ ਜੋ ਯੁੱਧ ਵੇਲੇ ਇਕ ਦੂਸਰੇ ਖਿਲਾਫ਼ ਸੀਨਾ ਤਾਣ ਕੇ ਲੜਦੇ ਹਨ।

ਇਹਦੇ ਨਾਲ ਹੀ ਜੰਮੂ ਦੇ ਥਲਲਾ ਸਿਆਲਕੋਟ ਦਾ ਜਿਹੜਾ ਇਲਾਕਾ ਹੈ ਇਸ ਨੂੰ ਸਲੈਹਰ ਕਿਹਾ ਜਾਂਦਾ ਹੈ। ਸੋ ਸਲੈਹਰ ਇਲਾਕਾ ਹੈ ਸ਼ਹਿਰ ਪਿੰਡ ਦਾ ਨਾਂਅ ਨਹੀਂ ਹੈ। ਇਸ ਵਿਚ ਚਵਿੰਡਾ ਤੇ ਜ਼ਫ਼ਰਵਾਲ ਦਾ ਇਲਾਕਾ ਆਉਂਦਾ ਹੈ। ਇਸ ਇਲਾਕੇ ਦੇ ਕੱਕੇ ਗੋਰੇ, ਲੋਕ ਖੂਬਸੂਰਤ ਹਨ ਜਿਨ੍ਹਾਂ ਨੂੰ ਸਲੈਰੀਆ ਕਿਹਾ ਜਾਂਦਾ ਹੈ। ਇਸੇ ਇਲਾਕੇ ਦੇ ਕਿਸੇ ਗੁਰਬਚਨ ਸਿੰਘ ਸਲੈਰੀਏ ਨੂੰ 1961 ਵਿਚ ਪਰਮਵੀਰ ਚੱਕਰ ਮਿਲਿਆ ਸੀ। ਚਾਹੇ ਜੱਟ ਜਾਂ ਰਾਜਪੂਤ ਸਲੈਰੀਏ ਹੀ ਕਹਾਉਂਦੇ ਹਨ। ਸੋ ਲੜਾਈ ਮੌਕੇ ਫ਼ਰਕ ਸਿਰਫ ਏਨਾ ਸੀ ਕਿ ਇਕ ਪਾਸੇ ਮੁਸਲਮਾਨ ਸਨ ਤੇ ਦੂਜੇ ਪਾਸੇ ਸਿੱਖ ਜਾਂ ਹਿੰਦੂ। ਸਨ ਭਰਾ ਭਰਾ ਹੀ।

ਚਵਿੰਡੇ ਤੋਂ ਹੋਰ ਚੜ੍ਹਦੇ ਪਾਸੇ ਜਾਈਏ ਪਸਰੂਰ ਵੱਲ ਤਾਂ ਜਿਹੜਾ ਇਲਾਕਾ ਪੈਂਦਾ ਹੈ ਇਸ ਨੂੰ ਦੜਪ ਕਿਹਾ ਜਾਂਦਾ ਹੈ। ਹੜ੍ਹਾਂ ਵੇਲੇ ਦਰਿਆ ਜਿਹੜੀ ਜਰਖੇਜ਼ ਭਲ੍ਹ ਲੈ ਕੇ ਆਉਂਦੇ ਹਨ ਉਨ੍ਹੂੰ ਦੜਪ ਕਿਹਾ ਜਾਂਦਾ ਹੈ। ਇਲਾਕੇ ਵਿਚ ਕਾਫੀ ਨਦੀਆਂ ਨਾਲੇ ਹਨ। ਵਸਨੀਕਾਂ ਨੂੰ ਦਿੜਬੀਏ ਕਿਹਾ ਜਾਂਦਾ ਹੈ। ਮਸ਼ਹੂਰ ਹੈ ਕਿ ਇਸ ਇਲਾਕੇ ਦੇ ਲੋਕ ਸੂਟ ਖਾਂਦੇ ਸਨ। ਮਤਲਬ ਦਾਲ ਵੀ ਮਸਰਾਂ ਦੀ 'ਤੇ ਰੋਟੀ ਵੀ ਮਸਰਾਂ ਦੀ।

ਇਸ ਤੋਂ ਹੋਰ ਪੂਰਬ ਵੱਲ ਜਿਹੜਾ ਇਲਾਕਾ ਪੈਂਦਾ ਹੈ ਉਨ੍ਹੂੰ ਕਾਲਰ ਕਿਹਾ ਜਾਂਦਾ ਹੈ ਕਿਸੇ ਵੇਲੇ ਸ਼ੋਰ ਕੱਲਰ ਹੁੰਦਾ ਸੀ। ਪਰ ਹੁਣ ਨਹਿਰਾਂ ਦੇ ਆਉਣ ਨਾਲ ਇਲਾਕਾ ਉਪਜਾਊ ਹੋ ਗਿਆ ਹੈ। ਸ਼ਹਿਰ ਪੈਂਦਾ ਕਿਲ੍ਹਾ ਕਾਲਰ ਵਾਲਾ। ਇਲਾਕੇ ਦੇ ਲੋਕ ਬੜੇ ਲੜਾਕੇ ਗਿਣੇ ਗਏ ਨੇ ਜਿਨ੍ਹਾਂ ਨੂੰ ਕਾਲਰੀਏ ਕਿਹਾ ਜਾਂਦਾ ਹੈ।

ਇਸੇ ਹੀ ਇਲਾਕੇ ਵਿਚ ਪਿੰਡ ਆਧੀਆਂ ਹੈ ਜਿਥੋਂ ਦਾ ਸਾਡਾ ਇਕ ਸੱਜਣ ਬ੍ਰਿਗੇਡੀਅਰ ਜ਼ੁਲਫ਼ਕਾਰ ਢਿੱਲੋਂ ਹੋਇਆ ਹੈ। ਫਿਰ ਨਾਲ ਲਗਦੇ ਪਿੰਡ ਖੱਖ ਤੋਂ ਉਠ ਕੇ ਆਏ ਇਕ ਸਿੱਖ ਕਰਨਲ ਬਲਰਾਜ ਸਿੰਘ ਘੁੰਮਣ ਵੀ ਮੇਰੇ ਸੰਪਰਕ ਵਿਚ ਸਨ। ਉਨ੍ਹਾਂ ਦੀ ਪਤਨੀ ਨਾਲ ਲਗਦੇ ਪਿੰਡ ਢਿੱਲੀ ਤੋਂ ਹੈ। ਮੈਨੂੰ ਯਾਦ ਹੈ ਇਕ ਵੇਰਾਂ ਮੈਂ ਕਰਨਲ ਚੰਨਣ ਸਿੰਘ ਢਿੱਲੋਂ ਨਾਲ ਗੱਲ ਕਰ ਰਿਹਾ ਸੀ ਤਾਂ ਮੈਂ ਉਨ੍ਹਾਂ ਨੂੰ ਪਾਕਿਸਤਾਨ ਆਉਣ ਦਾ ਨਿਉਤਾ ਦਿੱਤਾ ਤੇ ਕਿਹਾ ਕਿ ਆਓ ਮੈਂ ਤੁਹਾਨੂੰ ਤੁਹਾਡੇ ਭਰਾ ਬ੍ਰਿਗੇਡੀਅਰ ਜ਼ੁਲਫ਼ਕਾਰ ਢਿੱਲੋਂ (ਸਾਬਕਾ ਸਿਹਤ ਮੰਤਰੀ) ਨਾਲ ਮਿਲਾਵਾਂ। ਉਨ੍ਹਾਂ ਹਉਕਾ ਲੈ ਕੇ ਕਿਹਾ, 'ਨਹੀਂ ਮੁਸਤਫ਼ਾ, ਅਸੀਂ ਫ਼ੌਜੀ ਲੋਕ ਜਦੋਂ ਮਿਲਦੇ ਹਾਂ ਸਾਨੂੰ ਕਿਸੇ ਯੁੱਧ ਵਿਚ ਦੀ ਗੁਜ਼ਰਨਾ ਪੈਂਦਾ ਹੈ। ਲੋਕਾਂ ਨੂੰ ਪਤਾ ਨਹੀਂ ਕਿ ਲੜਾਈ ਤੋਂ ਬਾਅਦ ਦੋਵਾਂ ਪਾਸਿਆਂ ਦੇ ਫ਼ੌਜੀ ਅਫ਼ਸਰ ਜੱਫੀਆਂ ਪਾ ਪਾ ਮਿਲਦੇ ਹਨ। ਫ਼ੌਜੀਆਂ ਦੀ ਮਿਲਣੀ ਦੀ ਇਹੋ ਵਿਡੰਬਨਾ ਹੈ।'

ਅਫ਼ਸੋਸ ਨਾਲ ਲਿਖ ਰਿਹਾ ਹਾਂ ਕਿ ਅੱਜ ਦੋਵੇਂ ਢਿੱਲੋਂ ਭਰਾ ਇਸ ਫਾਨੀ ਸੰਸਾਰ ਨੂੰ ਅਲਵਿਦਾ ਕਹਿ ਚੁੱਕੇ ਹਨ ਬਿਨਾਂ ਇਕ-ਦੂਸਰੇ ਨੂੰ ਮਿਲੇ।

ਹੋਰ ਚੜ੍ਹਦੇ ਪਾਸੇ ਫਿਰ ਡੁਗਰ ਦਾ ਇਲਾਕਾ ਆਉਂਦਾ ਹੈ। ਨਾਰੋਵਾਲ ਦਾ ਚੜ੍ਹਦਾ ਪਾਸਾ, ਜੰਮੂ ਦਾ ਥਲਲਾ ਤੇ ਗੁਰਦਾਸਪੁਰ। ਜਿਹੜਾ ਇਲਾਕਾ ਪਹਾੜਾਂ ਦੇ ਪੈਰਾਂ ਵਿਚ ਪਏ ਜਿਥੇ ਤੇਜ਼ੀ ਨਾਲ ਚੋਅ ਵਹਿੰਦੇ ਹਨ ਤੇ ਇਲਾਕਾ ਉੱਚਾ ਨੀਵਾਂ ਕਰ ਦਿੰਦੇ ਹਨ, ਉਨ੍ਹੂੰ ਡੁਗਰ ਕਿਹਾ ਜਾਂਦਾ ਹੈ ਤੇ ਵਸਨੀਕਾਂ ਨੂੰ ਡੋਗਰੇ। ਕੁਦਰਤੀ ਇਨ੍ਹਾਂ ਦੀ ਜ਼ਬਾਨ ਡੋਗਰੀ ਵੀ ਥੋੜ੍ਹੀ ਵੱਖਰੀ ਹੀ ਹੈ। ਇਸ ਇਲਾਕੇ ਦੇ ਰਾਜਪੂਤਾਂ ਨੂੰ ਵੀ ਡੋਗਰੇ ਹੀ ਕਿਹਾ ਜਾਂਦਾ ਹੈ ਭਾਵੇਂ ਕਿ ਉਨ੍ਹਾਂ ਦਾ ਮੂਲ ਇਲਾਕਾ ਰਾਜਸਥਾਨ ਹੈ।

ਦਰਿਆ ਰਾਵੀ ਦੇ ਨਾਲ ਨਾਲ ਲਗਦੇ ਇਲਾਕੇ ਨੂੰ ਬੇਟ ਕਹਿੰਦੇ ਹਨ। ਵਸਨੀਕ ਬੇਟੀਏ ਕਹਾਉਂਦੇ ਹਨ।

ਫਿਰ ਲਾਹੌਰ ਤੋਂ ਚੜ੍ਹਦੇ ਤੇ ਦੱਖਣ ਦਾ ਜਿਹੜਾ ਇਲਾਕਾ ਇਹ ਮਾਝੇ ਦਾ ਇਲਾਕਾ ਕਹਾਉਂਦਾ ਹੈ। ਇਸ ਨੂੰ ਕਈ ਲੋਕਾਂ ਮਾਂਝਾ ਵੀ ਲਿਖ ਦਿੰਦੇ ਨੇ। ਇਥੋਂ ਦੇ ਲੋਕ ਬਹੁਤ ਡਾਹਢੇ ਦਲੇਰ ਗਿਣੇ ਗਏ ਹਨ। ਆਹ ਕੱਲ੍ਹ ਪਰਸੋਂ ਹੀ ਮੈਂ ਖ਼ਬਰ ਪੜ੍ਹ ਰਿਹਾ ਸੀ। ਕਸੂਰ ਲਾਗੇ ਕੋਈ ਦੋਧੀ ਦੁੱਧ ਲੈ ਕੇ ਜਾ ਰਿਹਾ ਸੀ ਤੇ ਗਲ ਵਿਚ ਪਿਸਤੌਲ ਪਾਈ ਹੋਈ ਸੀ। ਇਕ ਪੁਲਸੀਏ ਦੀ ਨਿਗਾਹ ਪੈ ਗਈ। ਉਸ ਰੋਕ ਕੇ ਲਾਇਸੈਂਸ ਦੀ ਮੰਗ ਕੀਤੀ। ਦੋਧੀ ਨੇ ਬਖਸ਼ ਦੇਣ ਦਾ ਵਾਸਤਾ ਪਾਇਆ। ਪਰ ਪੁਲਿਸ ਵਾਲਾ ਕੁਝ ਮੁੱਠ ਨਿੱਘੀ ਕਰਨਾ ਚਾਹੁੰਦਾ ਸੀ। ਦੋਧੀ ਝੜਨ ਨੂੰ ਤਿਆਰ ਨਹੀਂ ਸੀ। ਤਕਰਾਰ ਹੋਈ ਤੇ ਦੋਧੀ ਨੇ ਗੋਲੀ ਮਾਰ ਪੁਲਿਸ ਇੰਸਪੈਕਟਰ ਮਾਰ ਦਿੱਤਾ।

ਇਸੇ ਤਰ੍ਹਾਂ ਬਾਗੜ ਦਾ ਇਲਾਕਾ ਜਿਥੋਂ ਦੇ ਲੋਕ ਬਾਗੜੀਏ ਕਹਾਉਂਦੇ ਨੇ। ਇਹ ਅਸਲ ਵਿਚ ਪੂਰਬੀ ਪੰਜਾਬ, ਹਰਿਆਣੇ ਤੇ ਰਾਜਸਥਾਨ ਭਾਵ ਹਿਸਾਰ, ਸਿਰਸਾ, ਫ਼ਤਿਆਬਾਦ, ਭਿਵਾਨੀ, ਹਨੂਮਾਨਗੜ੍ਹ, ਸ੍ਰੀਗੰਗਾਨਗਰ, ਆਦਿ ਤੇ ਥੋੜ੍ਹਾ ਜਿਹਾ ਇਲਾਕਾ ਬਹਾਵਲਪੁਰ ਪਾਕਿਸਤਾਨ ਦਾ ਵੀ ਇਸ ਵਿਚ ਆਉਂਦਾ ਹੈ। ਲਾਹੌਰ ਵਿਚ ਇਕ ਪਿੰਡ ਆ ਚੁੱਕਾ ਹੈ ਡਿਫੈਂਸ ਦੇ ਇਲਾਕੇ ਵਿਚ ਜਿਹਦਾ ਨਾਂਅ ਹੈ ਬਾਗੜੀਆਂ।

ਕਾਫੀ ਅੱਗੇ ਜਾ ਕੇ ਮੇਵਾਤ ਦਾ ਇਲਾਕਾ ਪੈਂਦਾ ਹੈ। ਵਸਨੀਕ ਮਿਓ ਕਹਾਉਂਦੇ ਨੇ ਤੇ ਸਾਰੇ ਮੁਸਲਮਾਨ ਹਨ। ਕੁਝ ਪਾਕਿਸਤਾਨ ਆ ਗਏ ਨੇ ਤੇ ਕੁਝ ਓਧਰ ਹੀ ਰਹਿੰਦੇ ਹਨ। ਸੋ ਜੋ ਵੀ ਉਸ ਇਲਾਕੇ ਦਾ ਹੋਵੇ ਉਹਨੂੰ ਮੇਓ ਕਹਿੰਦੇ ਨੇ ਭਾਵੇਂ ਮੁਸਲਮਾਨ ਹੋਵੇ ਭਾਵੇਂ ਹਿੰਦੂ ਤੇ ਭਾਵੇਂ ਕੋਈ ਵੀ ਜਾਤ ਗੋਤ ਦਾ ਹੋਵੇ।

**ਧੰਨਵਾਦ ਸਹਿਤ ਰੋਜ਼ਾਨਾ ਅਜੀਤ ਜਲੰਧਰ**

● ● ●

**ਮੌਕੇ ਦਾ ਇੰਤਜ਼ਾਰ ਨਹੀਂ ਕਰਨਾ ਚਾਹੀਦਾ, ਸਗੋਂ ਉਸ ਨੂੰ ਲੱਭਣਾ ਚਾਹੀਦਾ ਹੈ।**

# ਮਿੰਨੀ ਕਹਾਣੀਆਂ



ਕਹਾਣੀ

## ਫੂਕ

**ਅਸ਼ੋਕ ਟਾਂਡੀ**, 98550-53839

ਅੱਜ ਇੱਕ ਨਵੇਂ ਉੱਠੇ ਨੇਤਾ ਨੇ ਸਭਾ ਨੂੰ ਸੰਬੋਧਨ ਕਰਨਾ ਸੀ। ਉਸਦੀ ਬੜੀ ਬੇਸਬਰੀ ਨਾਲ ਉਡੀਕ ਹੋ ਰਹੀ ਸੀ। ਇਹ ਨੇਤਾ ਪਹਿਲਾਂ ਵੀ ਇਸ ਇਲਾਕੇ ਵਿੱਚ ਦੋ ਤਿੰਨ ਵਾਰ ਚੰਗਾ ਧੜੱਲੇਦਾਰ ਤੇ ਲੱਛੇਦਾਰ ਭਾਸ਼ਨ ਕਰਕੇ ਗਿਆ ਸੀ। ਲੱਗਦਾ ਸੀ ਆਉਣ ਵਾਲੀਆਂ ਵੋਟਾਂ ਵਿੱਚ ਕੋਈ ਰੰਗ ਦਿਖਾਇਗਾ। ਪਰਬੰਧਕਾਂ ਨੂੰ ਵੀ ਲੱਗਦਾ ਸੀ ਇਹ ਸਰਕਾਰ ਵਿੱਚ ਮੰਤਰੀ ਜ਼ਰੂਰ ਬਣੇਗਾ ਤੇ ਜੇ ਵਿਰੋਧੀ ਧਿਰ ਵਿੱਚ ਵੀ ਹੋਇਆ ਤਾਂ ਸਭ ਦੀਆਂ ਪੂਛਾਂ ਚਕਾ ਦੇਵੇਗਾ।

ਚਲੋ ਜੀ ਨੇਤਾ ਆ ਗਿਆ। ਪਰਬੰਧਕਾਂ ਨੂੰ ਸੋਖਾ ਸਾਹ ਆਇਆ। ਪਰ ਨੇਤਾ ਜੀ ਕੁਝ ਉਖੜੇ ਜਹੇ ਲੱਗ ਰਹੇ ਸਨ। ਅਸਲ ਵਿੱਚ ਇਹ ਨੇਤਾ ਨਹੀਂ ਸੀ ਪਰ ਕਿਸੇ ਵੇਲੇ ਮੰਤਰੀ ਰਹਿ ਚੁੱਕੇ ਨੇਤਾ ਨਾਲ ਰਹਿੰਦਾ ਉਸਦਾ ਆੜੀ ਕਹਿ ਲਵੋ, ਚਿਮਚਾ ਕਹਿ ਲਵੋ ਤੇ ਭਾਂਵੇ ਨੇਤਾ ਦਾ ਸੱਜਾ ਹੱਥ ਕਹਿ ਲਵੋ, ਇਹੋ ਜਿਹਾ ਹੀ ਸੀ। ਪਰ ਹੁਣ ਉਸਨੂੰ ਵੀ ਰਾਜਨੀਤੀ ਦੇ ਅਖਾੜੇ ਵਿੱਚ ਆਉਣ ਦਾ ਚਾਅ ਜਿਹਾ ਸੀ। ਆਪਣੇ ਨੇਤਾ ਖਲੀਫਾ ਦੀ ਗੱਡੀ ਲੈ ਕੇ, ਉੱਤੇ ਬੱਤੀ ਲਾ ਕੇ ਕੋਈ ਬਹਿਲਾ-ਫੁਸਲਾ ਕੇ ਡਰਾਇਵਰ ਲੈ ਕੇ ਕਿਸੇ ਮਹਿਫਲ ਵਿੱਚ ਜਾ ਵੜਦਾ ਵੱਡੇ ਵੱਡੇ ਭਾਸ਼ਨ ਦਿੰਦਾ। ਵਾਹ ਵਾਹ ਹੋ ਜਾਂਦੀ। ਮੰਤਰੀ ਨਾਲ ਰਹਿਣ ਕਰਕੇ ਜਾਂ ਮੰਤਰੀ ਨੇਤਾ ਦੀ ਸਿਫਾਰਸ਼ ਨਾਲ ਕੋਈ ਕੰਮ ਵੀ ਕਰਵਾ ਲੈਂਦਾ ਸੀ। ਇਸ ਕਰਕੇ ਉਹ ਅਪਣੇ ਆਪ ਨੂੰ ਵੀ ਕੁਝ ਖਾਸ ਹੀ ਸਮਝਣ ਲੱਗ ਪਿਆ ਸੀ।

ਲਓ ਜੀ ਕੋਈ ਦੋ ਕੁ ਹੋਰ ਚਮਚੇ ਲਏ, ਲੱਛੂ ਡਰਾਇਵਰ ਲਿਆ ਤੇ ਗੱਡੀ ਤੁਰ ਪਈ। ਗੱਲਾਂ ਬਾਤਾਂ ਚਲ ਪਈਆਂ। ਕੋਈ 50-55 ਕਿਲੋਮੀਟਰ ਦੂਰ ਜਾਣਾ ਸੀ। ਗੱਡੀ ਵਿੱਚ ਨਾਲ ਬੈਠਿਆਂ ਉੱਤੇ ਆਪਣਾ ਟੌਰ ਬਨਾਉਣ ਲਈ ਨੇਤਾ ਜੀ ਨੇ ਦੇਹ ਫੜ ਤੇ ਫੜ ਮਾਰਨੀ ਸ਼ੁਰੂ ਕਰ ਦਿੱਤੀ। ਲਓ ਜੀ ਫਲਾਣੇ ਠਾਣੇ ਦਾਰ ਨੇ ਮੇਰੇ ਕਹੇ ਤੇ ਕੰਮ ਨਾ ਕੀਤਾ, ਐਸ ਐਸ ਪੀ ਮੇਰਾ ਵਾਕਫ ਸੀ ਮੈਂ ਸਸਪੈਂਡ ਕਰਵਾ ਦਿਤਾ। ਮੈਂ ਐਸ ਐਚ ਓ ਲਾਈਨ ਹਾਜ਼ਰ ਕਰਵਾਏ ਹਨ। ਇਹਨਾਂ ਬਾਊਆਂ ਦੀ ਤੇ ਮੈਂ ਮਿੰਟੋ-ਮਿੰਟੀ ਬਦਲੀ ਕਰਵਾ ਸਕਦਾ ਹਾਂ। "ਲੈ ਵਈ ਲੱਛੂ ਆਪਾਂ ਜਲੰਧਰ ਪਹੁੰਚਣਾ ਹੈ ਕੰਮ ਚੱਲੀ ਚਲ, ਸਭ ਮੈਨੂੰ ਜਾਣਦੇ ਹਨ, ਚੱਕ ਦੇ ਨਾਕੇ ਸਾਰੇ। ਕੋਈ ਔਖਾ ਭਾਰਾ ਹੋਇਆ ਤਾਂ ਬਿਲਟ ਲਵਾ ਕੇ ਹੱਥ 'ਚ ਫੜਾ ਦਿਆਂਗੇ।" ਲੱਛੂ ਤਾਂ ਪਹਿਲਾਂ ਹੀ ਨੇਤਾ ਦੀ ਗੱਲ ਸੁਣਕੇ ਗੋਲਗੱਪੇ ਵਾਂਗ ਫੁੱਲਿਆ ਪਿਆ ਸੀ ਹੁਣ ਹੋਰ ਤੈਸ਼ ਵਿੱਚ ਆ ਗਿਆ। ਗੱਡੀ ਹਵਾ ਵਾਂਗ ਉੱਡਦੀ ਜਾਵੇ। ਨੇਤਾ ਦੀਆਂ ਫੁਕਰੀਆਂ ਨੇ ਗੱਡੀ ਨੂੰ ਅੰਦਰੋਂ ਕੋਈ ਉਡਣ ਕਟੋਲਾ ਬਣਾ ਰੱਖਿਆ ਸੀ। ਡਰਾਇਵਰ ਨੂੰ ਤਾਂ ਇਉਂ ਲੱਗੇ ਜਿਵੇਂ ਉਹ ਪਰਧਾਨ ਮੰਤਰੀ ਦਾ ਡਰਾਇਵਰ ਹੋਵੇ। ਇੱਦਾਂ ਹੁੰਦਾ ਵੀ ਕਿਉਂ ਨਾ ਰਾਹ ਵਿੱਚ ਕਈਆਂ ਨੇ ਗੱਡੀ ਦੇਖ ਸਲੂਟ ਵੀ ਮਾਰੇ ਸਨ। ਲੱਛੂ ਨੂੰ ਇਉਂ ਲੱਗ ਰਿਹਾ ਸੀ ਉਹ ਸੜਕ ਤੇ ਨਹੀਂ, ਹਵਾ ਵਿੱਚ ਜਾ ਰਿਹਾ, ਪਿੱਛੇ ਘੈਂਟ ਨੇਤਾ ਜੋ ਬੈਠਾ ਹੈ।

ਧੂੜਾਂ ਪੱਟੀ ਆਉਂਦੀ ਗੱਡੀ ਦੇਖ ਹਾਈਟਕ ਨਾਕੇ ਤੇ ਲੇਡੀ ਠਾਣੇਦਾਰ ਨੇ ਗੱਡੀ ਰੋਕ ਲਈ। ਲੱਛੂ ਨੂੰ ਬੜਾ ਰੋਹ ਚੜ੍ਹਿਆ ਕਿ ਸਾਡੀ ਗੱਡੀ ਰੋਕ ਲਈ, ਲੱਛੂ ਨੂੰ ਪੂਰਾ ਯਕੀਨ ਸੀ ਹੁਣੇ ਨੇਤਾ ਜੀ ਇਸ ਲੇਡੀ ਥਾਣੇਦਾਰ ਦੀ ਨੌਕਰੀ ਤੋਂ ਛੁੱਟੀ ਕਰਵਾ ਦੇਣਗੇ ਤੇ ਇਹ ਥਾਣੇਦਾਰ ਸਮੇਤ ਅਮਲਾ ਫੈਲਾ ਉਹਦੀਆਂ ਮਿੰਨਤਾਂ ਕਰਨਗੇ, ਕਿੰਨਾ ਸਵਾਦ ਆਵੇਗਾ।

ਲੱਛੂ ਨੇ ਗੱਡੀ ਰੋਕ ਲਈ, ਸ਼ੀਸ਼ਾ ਡਾਊਨ ਕੀਤਾ ਤੇ ਪੂਰੀ ਆਕੜ ਵਿੱਚ ਅੱਖਾਂ ਚੜਾ ਕੇ ਠਾਣੇਦਾਰ ਵੱਲ ਦੇਖਿਆ। ਲੇਡੀ ਠਾਣੇਦਾਰ ਅੱਗੇ ਆਈ ਤੇ ਪੁੱਛਿਆ ਕਿ ਗੱਡੀ ਵਿੱਚ ਕੌਣ ਹੈ?

"ਗੱਡੀ ਵਿੱਚ ਉਹ ਹੈ ਜੋ ਹੁਣੇ ਤੁਹਾਡੀਆਂ ਬੈਲਟਾਂ ਉਤਰਵਾ ਦੇਵੇਗਾ।" ਉਸ ਥਾਣੇਦਾਰ ਨੇ ਸੁਣ ਕੇ ਵੀ ਅਣਸੁਣਿਆਂ ਜਿਹਾ ਕਰ ਦਿੱਤਾ ਤੇ ਇੱਧਰ-ਉਧਰ ਝਾਕ ਕੇ ਫਿਰ ਪੁੱਛਿਆ, "ਗੱਡੀ ਵਿੱਚ ਕੌਣ ਸਾਹਿਬ ਹਨ?" ਲੱਛੂ ਨੇ ਫਿਰ ਕਹਿ ਦਿੱਤਾ, "ਮੈਂ ਕਿਹਾ ਨਾ, ਗੱਡੀ ਵਿੱਚ ਉਹ ਸਾਹਿਬ ਹੈ ਜਿਸਨੇ ਹੁਣੇ ਤੁਹਾਨੂੰ ਸਸਪੈਂਡ ਕਰ ਦੇਣਾ ਹੈ।" ਇਹ ਸ਼ਬਦ ਸ਼ਾਇਦ ਲੱਛੂ ਦੇ ਮੂੰਹੋ ਪੂਰੇ ਵੀ ਨਹੀਂ ਨਿਕਲੇ ਸਨ ਕਿ ਥਾਣੇਦਾਰ ਨੇ ਗੱਡੀ ਦੀ ਚਾਬੀ ਕੱਢ ਲਈ ਤੇ ਬਾਰੀ ਖੋਲ੍ਹ ਲੱਛੂ ਨੂੰ ਗਮਲਿਆਂ ਫੜ ਬਾਹਰ ਸੁੱਟ ਲਿਆ। ਸਿਪਾਹੀ ਖਵਰੇ ਪਹਿਲੇ ਹੀ ਤਿਆਰ ਸਨ, ਉਨ੍ਹਾਂ ਸਕਿੰਟਾਂ ਹੀ ਲੱਛੂ ਦਾ ਭੂਤ ਬਣਾ ਦਿੱਤਾ। ਲੱਛੂ ਦੇਖੇ ਕਿ ਨੇਤਾ ਹੇਠਾਂ ਉਤਰੇਗਾ। ਪਰ ਨੇਤਾ ਤਾਂ ਆਪਣੀ ਸੀਟ ਤੇ ਹੀ ਸੁੰਗੜ ਗਿਆ। ਨਾਲ ਬੈਠਿਆਂ ਨੂੰ ਵੀ ਸੱਪ ਸੁੰਘ ਗਿਆ। ਲੱਛੂ ਉੱਠਿਆ ਕੱਪੜੇ ਝਾੜੇ, ਚਾਬੀ ਫੜੀ, ਸੀਟ ਤੇ ਬੈਠਾ, ਗੱਡੀ ਸਟਾਰਟ ਕੀਤੀ, ਨਾ ਪਿੱਛੇ ਮੁੜ ਕੇ ਪੁਲਿਸ ਵੱਲ ਦੇਖਿਆ ਨਾ ਨੇਤਾ ਵੱਲ ਦੇਖਿਆ ਤੇ ਅੱਗੇ ਵੱਲ ਚੱਲ ਪਿਆ। ਹੁਣ ਗੱਡੀ ਜਾਹ ਤਾਂ ਰਹੀ ਸੀ ਪਰ ਸਪੀਡ ਸਹੀ ਹੀ ਸੀ। ਫੜਾਂ ਮਾਰਨ ਵਾਲਾ ਨੇਤਾ ਚੁੱਪ ਸੀ। ਨਾਲ ਬੈਠੇ ਚੁੱਪ ਸਨ। ਸਮਿਆਨਿਆਂ ਦੇ ਬਾਹਰ ਗੱਡੀ ਰੁੱਕੀ, ਸਭ ਉਤਰ ਗਏ ਪਰ ਲੱਛੂ ਸੀਟ ਤੇ ਹੀ ਬੈਠਾ ਰਿਹਾ, ਉਸਨੂੰ ਕਿਸੇ ਨੇ ਉਤਰਨ ਨੂੰ ਵੀ ਨਹੀਂ ਕਿਹਾ।

ਨੇਤਾ ਸਮਾਗਮ ਵਿੱਚ ਗਿਆ, ਪਾਣੀ ਪੀਤਾ ਤੇ ਮਾਈਕ ਤੇ ਆ ਗਿਆ। ਬੋਲਣਾ ਤਾਂ ਪਤਾ ਨਹੀਂ ਕੀ ਸੀ ਪਰ ਉਹ ਬੋਲਿਆ ਕਿ ਮੇਰਿਓ ਭਰਾਵੋ ਕਦੀ ਵੀ ਸਰਕਾਰ ਤੇ ਪੁਲਿਸ ਨਾਲ ਰਾਹ ਜਾਂਦਿਆਂ ਪੰਗਾ ਨਹੀ ਲੈਣ ਚਾਹੀਦਾ, ਕਿਸੇ ਦੀ ਫੂਕ ਵਿੱਚ ਨਹੀਂ ਆਉਣਾ ਚਾਹੀਦਾ, ਇਹਨਾਂ ਨਾਲ ਸੋਚ ਸਮਝ ਕੇ ਸਿਆਣਪ ਨਾਲ ਗੱਲ ਕਰਨੀ ਚਾਹੀਦੀ ਹੈ ਨਹੀਂ ਤਾਂ ਬਾਦ ਵਿੱਚ ਕੱਪੜੇ ਝਾੜਨੇ ਪੈਂਦੇ ਹਨ।

ਬਸ ਏਨਾ ਬੋਲ ਕੇ ਹੀ ਨੇਤਾ ਜੀ ਸਟੇਜ ਤੋਂ ਉੱਤਰ ਗਏ। ਪਰਬੰਧਕ ਚਾਹ ਚੱਕੀ ਫਿਰਨ। ਨੇਤਾ ਜੀ ਕਹਿੰਦੇ ਪਹਿਲੋਂ ਮੇਰੇ ਡਰਾਇਵਰ ਨੂੰ ਪਿਆਓ। ਉਹ ਜ਼ਰਾ ਠੀਕ ਨਹੀਂ ਹੈ।



ਕਹਾਣੀ

# ਮਮਤਾ ਦੀ ਉਡੀਕ

ਸਤਿਨਾਮ ਔਜਲਾ ਵੈਨਕੂਵਰ, 604-710-2332

ਮਾਂ ਜਵਾਨ ਪੁੱਤ ਵੱਲ ਵੇਖ ਕੇ ਸੁੱਖਣਾ ਸੁੱਖਦੀ ਰਹਿੰਦੀ, ਕਿਤੇ ਮੇਰਾ ਪੁੱਤ ਵੀ ਪ੍ਰਦੇਸ ਜਾਵੇ, ਸਾਡੀ ਵੀ ਗਰੀਬੀ ਕੱਟੀ ਜਾਊਗੀ, ਕਿਤੇ ਸਾਨੂੰ ਵੀ ਜ਼ਿੰਦਗੀ ਦੇ ਚਾਰ ਸਾਹ ਸੁੱਖ ਦੇ ਆ ਜਾਣਗੇ। ਸਾਰਾ ਦਿਨ ਬੀਬੋ ਆਪਣੇ ਮਨ 'ਚ ਅਰਦਾਸਾਂ ਰੱਬ ਅੱਗੇ ਕਰਦੀ ਰਹਿੰਦੀ। ਘਰ ਦੇ ਕੰਮ 'ਚ ਕਦੇ ਚਿੱਤ ਲੱਗ ਜਾਂਦਾ ਕਦੀ ਗਰੀਬੀ ਤੇ ਸੋਚਦੀ ਰਹਿੰਦੀ। ਕਦੀ ਬੀਬੋ ਸੋਚ ਲੈਂਦੀ ਉਹਦੇ ਘਰ ਵਾਲਾ ਵੀ ਇਲਾਜ ਦੁਖੋਂ ਮਰ ਗਿਆ। ਬੇਚਾਰਾ ਬੜਾ ਨੇਕ ਤੇ ਤਕੜਾ ਕਰਿੰਦਾ ਸੀ। ਅੱਛਾ ਰੱਬ ਦਾ ਭਾਣਾ।

ਇਕ ਦਿਨ ਇਕ ਪੰਡਤ ਨੇ ਘਰ ਦਾ ਬੂਹਾ ਖੜਕਾਇਆ। ਬੀਬੋ ਨੇ ਕੁੰਡ ਖੋਲ੍ਹਿਆ, ਪੰਡਤ ਝੱਟ ਬੋਲ ਪਿਆ, ਬੀਬੀ ਤੇਰਾ ਮੱਥਾ ਬੜਾ ਭਾਗਾਂ ਵਾਲਾ ਏ। ਬੀਬੀ ਤੂੰ ਚਾਹੁੰਦੀ ਏ ਤੇਰਾ ਵੀ ਕੋਈ ਜੀਅ ਪ੍ਰਦੇਸ ਜਾਵੇ। ਘਰ ਦੀ ਗਰੀਬੀ ਤੇਰਾ ਪਿੱਛਾ ਨਹੀਂ ਛੱਡਦੀ। ਬੀਬੀ ਕੋਈ ਗ੍ਰਹਿ ਚਾਲ ਹੁੰਦੀ ਆ, ਥੋੜ੍ਹੇ ਦਾਨ ਨਾਲ ਗ੍ਰਹਿ ਦਾ ਮੂੰਹ ਭਰਿਆ ਜਾਵੇ। ਜੇ ਤੇਰਾ ਪੁੱਤ ਪ੍ਰਦੇਸ ਚਲੇ ਜਾਵੇ। ਮਨ ਦੀ ਇੱਛਾ ਪੂਰੀ ਹੋ ਜਾਵੇ, ਪ੍ਰਮਾਤਮਾ ਭਲੀ ਕਰੇਗਾ, ਬੀਬੀ। ਬੀਬੋ ਨੂੰ ਲੱਗਾ ਕਿ ਸ਼ਾਇਦ ਪੰਡਤ ਨੇ ਉਸ ਦੀ ਦਿਲ ਦੀ ਗੱਲ ਬੁੱਝ ਲਈ ਆ।

ਬੀਬੀ ਤੇਰੇ ਪੁੱਤ ਤੇ ਸ਼ਨੀ ਦੀ ਦਸ਼ਾ ਚੱਲ ਰਹੀ ਆ, ਬਾਕੀ ਥੋੜ੍ਹੇ ਜਿਹੇ ਉਪਾਅ ਹੋਰ ਆ ਕਰਦੇ। ਭਗਵਤੀ ਮਾਂ ਦਯਾ ਕਰੂਗੀ। ਸ਼ੁਕਰਵਾਰ ਵਾਲੇ ਦਿਨ ਨੀਲਾ ਚਿੱਟਾ ਕੰਬਲ ਕਿਸੇ ਮਸਾਣਾ 'ਚ ਰਹਿੰਦੇ ਘੋਰੀ ਨੂੰ ਅਤੇ ਸ਼ਨੀਵਾਰ ਨੂੰ ਸਵਾ ਮੀਟਰ ਕਾਲੇ ਕੱਪੜੇ 'ਚ ਚੰਮ ਦੀ ਕਾਲੇ ਰੰਗ ਦੀ ਜੁੱਤੀ ਨਾਲ ਸਵਾ ਕਿਲੋ ਮਾਂਹ ਸ਼ਨੀ ਦੇ ਮੰਦਰ ਦੇ ਪੁਜਾਰੀ ਨੂੰ ਦੇ ਕੇ ਆ। ਖਿਆਲ ਰੱਖਣਾ ਚੀਜ਼ਾਂ ਚਾੜ੍ਹਨ ਤੋਂ ਬਾਅਦ ਪਿੱਛਾ ਮੁੜ ਕੇ ਨਹੀਂ ਦੇਖਣਾ। ਸਿੱਧੇ ਘਰ ਆਉਣਾ। ਬੀਬੋ ਨੇ ਪੁੱਛਿਆ ਪੰਡਤ ਜੀ ਅੱਜ ਦੀ ਪੁਜਾਰੀ। ਮਾਤਾ ਸਵਾ ਇੱਕੀ ਰੁ:, ਆਟਾ ਤੇ ਗੁੜ ਦਾ ਦਾਨ ਸ਼ਰਧਾ ਅਨੁਸਾਰ। ਰਾਮ! ਰਾਮ!! ਪੰਡਤ ਮੂੰਹ 'ਚ ਗੁਣਗੁਣਾਉਣ ਲੱਗ ਪਿਆ, ਰਾਮਾ ਓ ਰਾਮਾ, ਰਾਮਾ ਓ ਰਾਮਾ।

ਬੀਬੋ ਕੋਲ ਨਾ ਪੰਡਤ ਨੂੰ ਦੇਣ ਲਈ ਪੈਸੇ ਸੀ ਨਾ ਐਨਾ ਕੁਝ ਮੰਦਰ ਚਾੜ੍ਹਨ ਦੀ ਹਿੰਮਤ ਸੀ। ਉਸ ਨੇ ਸੇਰ ਕੁ ਆਟਾ ਤੇ ਤਿੰਨ ਟਿੱਕੀਆਂ ਗੁੜ ਪੰਡਤ ਦੀ ਝੋਲੀ 'ਚ ਪਾ ਬਾਕੀ ਲਈ ਮੁਆਫ਼ੀ ਮੰਗ ਲਈ। ਵਿਚਾਰੀ ਕੋਲ ਹੋਰ ਦੇਣ ਦੀ ਹਿੰਮਤ ਵੀ ਨਹੀਂ ਸੀ। ਪੰਡਤ ਵੀ ਸਬਰ ਕਰ ਕੇ ਤੁਰ ਗਿਆ।

ਸਬੱਬ ਨਾਲ ਐਸਾ ਢੋਅ ਮੇਲਾ ਬਣਿਆ। ਬੀਬੋ ਦੇ ਪੁੱਤ ਜੀਤੂ ਦਾ ਦੁਬਈ ਦਾ ਕੰਮ ਬਣ ਗਿਆ। ਹੁਣ ਕਰਾਏ ਦਾ ਫਿਕਰ ਬਣ ਗਿਆ। ਘਰ ਦਾ ਮਾੜਾ ਮੋਟਾ ਟੂੰਬ ਛੱਲਾ ਵੇਚਿਆ ਤਾਂ ਵੀ ਕੰਮ ਪੂਰਾ ਨਾ ਫਟਿਆ। ਆਖਰੀ ਜਿਹੜਾ ਖੇਤ ਪਲੇ ਸੀ ਉਹ ਵੀ ਗਹਿਣੇ ਪਾ ਦਿੱਤਾ। ਹੁਣ ਬੀਬੋ ਕੋਲ ਕੁਝ ਨਾ ਸੀ ਬਚਿਆ। ਜੀਤੂ ਦੁਬਈ ਚਲਾ ਗਿਆ। ਉਸ ਨੇ ਦਸ ਸਾਲ ਮਾਂ ਦੀ ਸਾਰ ਨਾ ਲਈ। ਨਸ਼ੇ ਪਤੇ ਤੇ ਲੱਗ ਗਿਆ। ਬੀਬੋ ਲੋਕਾਂ ਦੇ ਘਰੀਂ ਕੰਮ ਕਰਦੀ। ਥੋੜ੍ਹਾ ਬਹੁਤ ਤੋਰਾ ਤੁਰੀ ਜਾਂਦਾ ਸੀ। ਕਦੀ ਕਦੀ ਗੱਲਾਂ ਕਰਦੀ, ਕਹਿ ਦਿੰਦੀ ਮੇਰਾ ਜੀਤੂ ਪਤਾ ਨਹੀਂ ਕਿਸ ਹਾਲ ਆ। ਹੁਣ ਤਾਂ ਮੇਰੀ ਖਾਹਸ਼ ਆ ਮੇਰੀ ਮਰੀ ਤੇ ਚਿਤਾ ਨੂੰ ਹੱਥੀਂ ਲਾਂਬੂ ਲਾ ਦਵੇ। ਰੱਬਾ ਮੈਨੂੰ ਐਨੀ ਬਦਨਸੀਬ ਨਾ ਕਰੀਂ, ਮੈਨੂੰ ਦੂਜੇ ਲੂਹਣ। ਉਹ ਝੂਰਦੀ ਰੋਂਦੀ ਵਰਲਾਪ ਕਰਦੀ। ਅੱਖਾਂ ਤੋਂ ਬਿਰਧ ਹੋ ਗਈ। ਇਕ ਦਿਨ ਉਸਦਾ ਅੰਤ ਕਾਲ ਆ ਗਿਆ। ਉਹ ਦੁਨੀਆਂ ਤੋਂ ਰੁਖਸਤ ਹੋ ਗਈ। ਪਿੰਡ ਵਾਲੇ ਤੇ ਸ਼ਰੀਕਾ ਉਹਦੀ ਅਰਥੀ ਲਿਜਾ ਰਹੇ ਸੀ। ਉਸੇ ਰਸਤੇ ਜੀਤੂ ਪਿੰਡ ਨੂੰ ਆ ਰਿਹਾ ਸੀ। ਉਹਨੇ ਕਿਸੇ ਨੂੰ ਪੁੱਛਿਆ। ਪਿੰਡ 'ਚ ਕੌਣ ਮੋਇਆ ਹੈ। ਇਕ ਨੇ ਕਿਹਾ, ਬੀਬੋ। ਉਹ ਵਿਚਾਰੀ ਆਪਣੇ ਪੁੱਤ ਨੂੰ ਉਡੀਕਦੀ ਦੁਨੀਆਂ ਤੋਂ ਚਲੀ ਗਈ। ਉਹਦੀ ਅੰਤਮ ਖਾਹਿਸ਼ ਸੀ, ਉਹਦਾ ਪੁੱਤ ਜੀਤੂ ਉਹਨੂੰ ਅੱਗ ਦੇਵੇ। ਉਹ ਚਰੋਕਣਾ ਦੁਬਈ ਗਿਆ, ਘਰ ਮੁੜਿਆ ਨਹੀਂ।

ਜੀਤੂ ਦੀ ਥਾਹ ਨਿਕਲ ਗਈ। ਮਾਂ ਮੈਂ ਆ ਗਿਆ। ਪੁੱਤ ਨੇ ਮਾਂ ਨੂੰ ਦੇਖ ਲਿਆ। ਜੋ ਮਾਂ ਪੁੱਤ ਲਈ ਸੁੱਖਣਾ ਸੁੱਖਦੀ ਚਲੀ ਗਈ। ਉਹਦੀ ਆਖਰੀ ਖਾਹਿਸ਼ ਪੂਰੀ ਕਰਨ ਲਈ ਪੁੱਤ ਆ ਗਿਆ ਸੀ। ਪਰ ਉਹ ਸਾਰੇ ਜ਼ਿੰਦਗੀ ਦੇ ਚਾਅ ਤੇ ਖਾਹਸ਼ਾਂ ਦਿਲ 'ਚ ਲੈ ਕੇ ਸਦਾ ਲਈ ਚਲੀ ਗਈ। ਜੀਤੂ ਨੇ ਸਦਾ ਲਈ ਪਛਤਾਵੇ ਪੱਲੇ ਪਾ ਲਏ। ਮਾਂ ਮੈਂ ਹੁਣ ਕਦੀ ਘਰ ਛੱਡ ਕੇ ਪ੍ਰਦੇਸ ਨਹੀਂ ਜਾਊਂਗਾ। ਅਸਲ 'ਚ ਮੈਂ ਆਪਣੇ ਫ਼ਰਜ਼ ਨਹੀਂ ਪਛਾਣ ਸਕਿਆ। ਜੋ ਮਮਤਾ ਦੀ ਛਾਤੀ 'ਚ ਸਮਾਏ ਹੁੰਦੇ ਆ। ਮੈਨੂੰ ਨਹੀਂ ਸੀ ਪਤਾ, ਮਾਵਾਂ ਪੁੱਤਾਂ ਧੀਆਂ ਦੀ ਉਡੀਕ 'ਚ ਅੰਨ੍ਹੀਆਂ ਵੀ ਹੋ ਜਾਂਦੀਆਂ ਆ।

ਫੇਰ ਸਾਰੇ ਸਵਾਲ ਉਹਦੇ ਜਿਹਨ 'ਚ ਆ ਰਹੇ ਸਨ। ਨਾਲ ਨਾਲ ਮਾਂ ਦੀ ਚਿਤਾ ਨੂੰ ਲਾਂਬੂ ਲਾ ਰਿਹਾ ਸੀ। ਸੋਚ ਰਿਹਾ ਸੀ ਪਤਾ ਨਹੀਂ ਅੱਜ ਮੈਂ ਮਾਂ ਦੀਆਂ ਖਾਹਸ਼ਾਂ ਨੂੰ ਅੱਗ ਦੇ ਰਿਹਾ ਹਾਂ। ਪਤਾ ਨਹੀਂ ਹੋਰ ਕੀ ਕੀ ਹੋਣਗੀਆਂ। ਜੀਤੂ ਦੀਆਂ ਖਾਹਸ਼ਾਂ ਧਾਹਾਂ ਮਾਰ ਕੇ ਰੋ ਪਈਆਂ। ਅੱਖਾਂ ਪਛਤਾਵੇ ਦੇ ਅੱਥਰੂਆਂ ਨਾਲ ਭਰ ਗਈਆਂ। ਉਹ ਚੁੱਪ ਹੋ ਗਿਆ। ਸਮਸ਼ਾਨਘਾਟ 'ਚ ਇਕ ਦਮ ਚੁੱਪ ਪਸਰ ਗਈ। ਕਈ ਮਾਵਾਂ ਦੇ ਗੱਚ ਭਰ ਆਏ ਅਤੇ ਅੱਖਾਂ ਛਲਕ ਪਈਆਂ। ਜਿਹਨਾਂ ਦੇ ਪੁੱਤ ਪਰਦੇਸ ਆ ਗਏ ਅਜੇ ਤੱਕ ਮੁੜੇ ਨਹੀਂ ਸੀ।

* * *

**ਜਦੋਂ ਕਿਸੇ ਰਿਸ਼ਤੇ ਵਿਚ ਜਿੱਦ ਤੇ ਆਕੜ ਆ ਜਾਵੇ ਤਾਂ ਇਹ ਦੋਵੇਂ ਜਿੱਤ ਜਾਂਦੇ ਨੇ ਪਰ ਉਹ ਰਿਸ਼ਤਾ ਹਾਰ ਜਾਂਦਾ ਹੈ।**



ਗੀਤ

# ਨੈਣਾਂ ਵਿੱਚੋਂ

ਸਰਬਜੀਤ ਸੰਗਰੂਰਵੀ, 9463162463

ਯਾਦਾਂ ਤੇਰੀਆਂ ਦੇ ਬੱਦਲ,
ਜਦੋਂ ਜਦੋਂ ਛਾਉਣਗੇ।
ਮੱਲੋ ਮੱਲੀ ਨੈਣਾਂ ਵਿੱਚੋਂ,
ਹੰਝੂ ਮੇਰੇ ਆਉਣਗੇ।

ਨੈਣ ਜੋਤੀ ਆ ਕੇ ਦਿੱਤਾ,
ਹਾਲੇ ਦੀਦਾਰ ਨਾ।
ਦਿਲ ਬਾਗ਼ ਮੇਰੇ ਉੱਤੇ,
ਛਾਈ ਬਹਾਰ ਨਾ।
ਦੁੱਖ ਦਰਦ ਮੇਰੇ ਸਾਰੇ,
ਉਹੀ ਆ ਕੇ ਮਿਟਾਉਣਗੇ।
ਯਾਦਾਂ ਤੇਰੀਆਂ ਦੇ ਬੱਦਲ,
ਜਦੋਂ ਜਦੋਂ ਛਾਉਣਗੇ।
ਮੱਲੋ ਮੱਲੀ ਨੈਣਾਂ ਵਿੱਚੋਂ,
ਹੰਝੂ ਮੇਰੇ ਆਉਣਗੇ।

ਰੁੱਸਿਆ ਏ ਕਿਹੜੀ ਗੱਲੋਂ,
ਪਤਾ ਵੀ ਲੱਗਿਆ।
ਕਿਹੜੇ ਚੰਦਰੇ ਦੇ ਬੋਲਾਂ,
ਹੈ ਉਸਨੂੰ ਠੱਗਿਆ।
ਜਦੋਂ ਕਦੇ ਸ਼ਹਿਰ ਸੰਗਰੂਰ,
ਫੇਰਾ ਉਹ ਪਾਉਣਗੇ।
ਯਾਦਾਂ ਤੇਰੀਆਂ ਦੇ ਬੱਦਲ,
ਜਦੋਂ ਜਦੋਂ ਛਾਉਣਗੇ।
ਮੱਲੋ ਮੱਲੀ ਨੈਣਾਂ ਵਿੱਚੋਂ,
ਹੰਝੂ ਮੇਰੇ ਆਉਣਗੇ।

ਕਿਹੜੀ ਗੱਲੋਂ ਉਹ,
ਮੇਰੇ ਕੋਲੋਂ ਅੱਕਿਆ।
ਦੱਸੇ ਬਿਨ ਮੈਨੂੰ ਉਸ,
ਕਦਮ ਕਿਹੜਾ ਚੱਕਿਆ।
ਮੈਂ ਰੁੱਸਿਆ ਹਾਂ ਕਿਹੜਾ,
ਜੋ ਆ ਕੇ ਮਨਾਉਣਗੇ।
ਯਾਦਾਂ ਤੇਰੀਆਂ ਦੇ ਬੱਦਲ,
ਜਦੋਂ ਜਦੋਂ ਛਾਉਣਗੇ।
ਮੱਲੋ ਮੱਲੀ ਨੈਣਾਂ ਵਿੱਚੋਂ,
ਹੰਝੂ ਮੇਰੇ ਆਉਣਗੇ।

ਨੈਣ ਜੋਤੀ ਦੇ ਨੈਣਾਂ,
ਦਿਲ ਮੇਰੇ ਨੂੰ ਠੱਗਿਆ।
ਨਾ ਪਾ ਸਾਹਵੇਂ,
ਨੈਣੋਂ ਹੜ੍ਹ ਹੰਝੂਆਂ ਦਾ ਵੱਗਿਆ।
ਕਰ ਯਾਦ ਸੰਗਰੂਰਵੀ ਨੂੰ,
ਗੀਤ ਜਦੋਂ ਗਾਉਣਗੇ।
ਯਾਦਾਂ ਤੇਰੀਆਂ ਦੇ ਬੱਦਲ,
ਜਦੋਂ ਜਦੋਂ ਛਾਉਣਗੇ।
ਮੱਲੋ ਮੱਲੀ ਨੈਣਾਂ ਵਿੱਚੋਂ,
ਹੰਝੂ ਮੇਰੇ ਆਉਣਗੇ।

* * *

* * *

**ਜੀਵਨ ਵਿਚ ਜੋ ਸਬਕ ਖਾਲੀ ਪੇਟ, ਖਾਲੀ ਜੇਬ ਤੇ ਮਾੜਾ ਸਮਾਂ ਸਿਖਾਉਂਦਾ ਹੈ। ਉਹ ਕੋਈ ਵੀ ਸਕੂਲ ਜਾਂ ਯੂਨੀਵਰਸਿਟੀ ਨਹੀਂ ਸਿਖਾਉਂਦੀ।**

# ਆਓ ਪਾਣੀ ਦੀ ਕੂਕ ਸੁਣੀਏ

ਸੁਰਿੰਦਰ ਬਾਂਸਲ

ਨਿੱਕੀਆਂ-ਨਿੱਕੀਆਂ ਕਣੀਆਂ ਨੂੰ ਵੇਖੀਏ ਤਾਂ ਲੱਗਦਾ ਹੈ ਜਿਵੇਂ ਉਹ ਪਾਣੀ ਦੇ ਬੀਜ ਹੋਣ। ਬਰਸਾਤ ਧਰਤੀ ’ਚ ਪਾਣੀ ਹੀ ਤਾਂ ਬੀਜਦੀ ਹੈ। ਪਹਿਲੀ ਬਾਰਿਸ਼ ਦੀ ਇਕ-ਇਕ ਕਣੀ ਪੀ ਕੇ ਧਰਤੀ ਦੀ ਗੋਦੀ ਹਰਿਆਉਣ ਲੱਗਦੀ ਹੈ। ਜਿਵੇਂ ਹਰੇਕ ਬੂੰਦ ’ਚੋਂ ਨਵੀਂ ਕਰੂੰਬਲ ਫੁੱਟ ਰਹੀ ਹੋਵੇ, ਜਿਵੇਂ ਵਿਕਾਸ ਦੇ ਸੀਮਿੰਟ ਦੀ ਮਾਰੀ ਧਰਤੀ ਮੁੜ ਫੇਰ ਜਿਉਂਦੀ ਹੋ ਉਠੀ ਹੋਵੇ। ਬਰਸਾਤ ਆਉਂਦਿਆਂ ਹੀ ਉਹ ਫੁੱਲਾਂ, ਫਲਾਂ, ਔਸ਼ਧੀਆਂ ਅਤੇ ਅੰਨ ਉਗਾਉਣ ਲਈ ਉਤਾਵਲੀ ਹੋ ਉਠਦੀ ਹੈ।

ਕੋਈ ਧਰਤੀ ਨੂੰ ਪੁੱਛੇ ਕਿ ਉਸਨੂੰ ਸਭ ਤੋਂ ਵੱਧ ਯਾਦ ਕਿਸਦੀ ਆਉਂਦੀ ਹੈ ਤਾਂ ਉਹ ਯਕੀਨੀ ਤੌਰ ’ਤੇ ਕਹੇਗੀ ਕਿ ਪਾਣੀ ਦੀ। ਆਖ਼ਿਰ ਉਹ ਪਾਣੀ ’ਚੋਂ ਉਪਰ ਉਠ ਕੇ ਹੀ ਤਾਂ ਧਰਤੀ ਬਣੀ ਹੈ। ਉਸਨੇ ਪਾਣੀ ਦੀਆਂ ਲੱਖਾਂ ਵਰ੍ਹੇ ਪੁਰਾਣੀਆਂ ਯਾਦਾਂ ਆਪਣੇ ਸੀਨੇ ’ਚ ਸਾਂਭ ਰੱਖੀਆਂ ਹਨ। ਉਹ ਪਾਣੀ ਨੂੰ ਕਦੀ ਨਹੀਂ ਭੁੱਲਦੀ। ਉਹ ਤਾਂ ਪਾਣੀ ਦੀਆਂ ਯਾਦਾਂ ’ਚ ਹੀ ਡੁੱਬੀ ਰਹਿੰਦੀ ਹੈ। ਗਰਮੀ ਦੀ ਰੁੱਤ ’ਚ ਝੁਲਸਦੀ ਧਰਤੀ ਨੂੰ ਵੇਖੋ ਤਾਂ ਇੰਝ ਲੱਗਦਾ ਹੈ ਜਿਵੇਂ ਉਹ ਜਲ ਦੇ ਵਿਯੋਗ ’ਚ ਤਪ ਰਹੀ ਹੋਵੇ। ਉਸ ਤੋਂ ਹੌਲੀ-ਹੌਲੀ ਦੂਰ ਹੁੰਦਾ ਜਲ ਅਤੇ ਉਸ ਦੇ ਗਰਮ-ਗਰਮ ਸਾਹ ਇਕ ਦਿਨ ਬੱਦਲ ਬਣ ਕੇ ਮੁੜ ਫੇਰ ਉਸੇ ’ਤੇ ਛਾਉਣ ਲੱਗਦੇ ਹਨ ਅਤੇ ਝੁਲਸੀ ਹੋਈ ਧਰਤੀ ਦੇ ਸ਼ਿੰਗਾਰ ਲਈ ਪਾਣੀ ਭਰੇ ਬੱਦਲ ਭੱਜੋ-ਭੱਜੀ ਆਉਂਦੇ ਹਨ।


ਮੀਂਹ ਪੈਂਦਿਆਂ ਹੀ ਚਿੜੀਆਂ ਦੀ ਚਹਿਕ ਖੁੱਲ੍ਹ ਜਾਂਦ ਹੈ। ਉਹ ਘਰ ਦੇ ਵਿਹੜੇ, ਛੱਤਾਂ ’ਤੇ ਦਾਣਾ ਚੁਗਣ ਆਉਂਦੀਆਂ ਹਨ। ਚਿੜੀਆਂ ਦੇ ਖੰਭ ਨਵੀਆਂ ਉਡਾਣਾਂ ਲਈ ਤਾਜ਼ਗੀ ਨਾਲ ਭਰ ਉਠਦੇ ਹਨ। ਸੁੱਕੀਆਂ ਝਾੜੀਆਂ ’ਤੇ ਨਵੀਆਂ ਪੱਤੀਆਂ ਝਿਲਮਿਲਾਉਣ ਲੱਗਦੀਆਂ ਹਨ। ਨਦੀਆਂ, ਝਰਨਿਆਂ ਦੀ ਖੁਸ਼ਕ ਹੋ ਚੁੱਕੀ ਸਰਗਮ ਮੁੜ ਫੇਰ ਸੁਰਜੀਤ ਹੋ ਉਠਦੀ ਹੈ। ਖੇਤ ਕਿਸਾਨਾਂ ਨੂੰ ਹਾਕਾਂ ਮਾਰਨ ਲੱਗਦੇ ਹਨ।

ਜ਼ਿੰਦਗੀ ਦੇ ਗੀਤਾਂ ਦੀ ਸਰਗਮ ਪਾਣੀ ਤੋਂ ਬਿਨ੍ਹਾਂ ਪੂਰੀ ਨਹੀਂ ਹੁੰਦੀ। ਜਿਵੇਂ ਸੰਗੀਤ ਦੇ ਸੱਤ ਸੁਰ ਹੁੰਦੇ ਹਨ, ਇਕ ਸੁਰ ਸਪਤਕ ਹੁੰਦਾ ਹੈ, ਉਸੇ ਤਰ੍ਹਾਂ ਪਾਣੀ ਦੇ ਵੀ ਕਈ ਸੁਰ-ਸਪਤਕ ਹੁੰਦੇ ਹਨ ਜਿਨ੍ਹਾਂ ’ਚ ਪਾਣੀ ਦੇ ਸੁਰ ਡੁੱਬੇ ਰਹਿੰਦੇ ਹਨ। ਠੀਕ ਉਸੇ ਤਰ੍ਹਾਂ ਜਿਵੇਂ ਜਲਤਰੰਗ ਦੇ ਸੱਤ ਕਟੋਰੇ ਹੋਣ, ਜਿਨ੍ਹਾਂ ’ਚੋਂ ਸੰਗੀਤਕਾਰ ਬੜੇ ਸਧੇ ਹੋਏ ਹੱਥਾਂ ਨਾਲ ਇਕ-ਇਕ ਸੁਰ ਚੁੱਕਦਾ ਹੈ। ਇਸੇ ਤਰ੍ਹਾਂ ਸੱਤ ਸਰੋਵਰ, ਸੱਤ ਨਦ ਅਤੇ ਸੱਤ ਸਮੁੰਦਰ ਹਨ। ਸੂਰਜ ਦੀਆਂ ਸਤਰੰਗੀ ਕਿਰਨਾਂ ਵੀ ਤਾਂ ਹੌਲੀ-ਹੌਲੀ ਧਰਤੀ ’ਚੋਂ ਜਲ ਉੱਪਰ ਖਿੱਚਦੀਆਂ ਰਹਿੰਦੀਆਂ ਹਨ। ਜਿੰਨਾ ਜਲ ਉਹ ਉਪਰ ਖਿੱਚਦੀਆਂ ਹਨ ਓਨਾ ਹੀ ਵਾਪਿਸ ਕਰ ਦਿੰਦੀਆਂ ਹਨ। ਸੰਵੇਦਨਸ਼ੀਲ ਲੋਕ ਜਲ ਦੇ ਇਸ ਮੋਹਕ ਸੰਗੀਤ ਨੂੰ ਸੁਣਕੇ ਕਾਮਨਾ ਕਰਦੇ ਹਨ ਕਿ ਸਭਨਾਂ ਦੇ ਜੀਵਨ ’ਚ ਜਲ ਦੇ ਮਨਮੋਹਕ ਸੰਗੀਤ ਦਾ ਪ੍ਰਵਾਹ ਬਣਿਆ ਰਹੇ।

ਜਲ ਸੱਚਮੁੱਚ ਜੀਵਨ ਦਾ ਆਧਾਰ ਹੈ। ਸਭ ਤੋਂ ਪ੍ਰਾਚੀਨ ਮਾਰਗ ਵੀ ਜਲ ਹੀ ਹੈ, ਜਿਹੜਾ ਪਤਾ ਨਹੀਂ ਕਦੋਂ ਤੋਂ ਸਾਨੂੰ ਭਵਸਾਗਰ ਤੋਂ ਪਾਰ ਉਤਾਰਦਾ ਰਿਹਾ ਹੈ। ਅਸੀਂ ਸਭ ਅਖੌਤੀ ਵਿਕਾਸੀਏ ਆਪਣੇ ਲਈ ਸੁੱਕੀਆਂ-ਖੁਸਕ ਗਲੀਆਂ ਤਲਾਸ਼ਦੇ ਅਤੇ ਸੜਕਾਂ ਬਣਾਉਂਦੇ ਪਾਣੀ ਤੋਂ ਦੂਰ ਆ ਵਸੇ ਹਾਂ। ਪਰ ਪਾਣੀ ਸਾਡਾ ਪਿੱਛਾ ਕਦੋਂ ਛੱਡਣ ਵਾਲਾ ਹੈ। ਵਿਕਾਸ ਦੇ ਮੋਤੀਏ ’ਚ ਬੇਸ਼ੱਕ ਆਪਣਾ ਸੱਚਾ-ਸੁੱਚਾ ਰਸਤਾ ਭੁੱਲ ਚੁੱਕੇ ਹੋਈਏ ਪਰ ਪਾਣੀ ਕਦੀ ਆਪਣਾ ਰਸਤਾ ਨਹੀਂ ਭੁੱਲਦਾ। ਨਦੀਆਂ ਦੇ ਕੰਢੇ ਮੱਲਣ ਵਾਲੇ, ਟੋਭਿਆਂ, ਛੱਪੜਾਂ, ਸਰੋਵਰਾਂ, ਢਾਬਾਂ ’ਚ ਭਰਤ ਪਾ ਕੇ ਪਲਾਟ ਕੱਟਣ ਵਾਲੇ ਸਿਆਸੀ ਦੱਲੇ, ਟਾਊਟ ਬਿਲਡਰ ਧਿਆਨ ਦੇਣ ਕਿ ਪਾਣੀ ਦੀ ਮੈਮੋਰੀ ਕਿਸੇ ਵੀ ਸੁਪਰ ਕੰਪਿਊਟਰ ਤੋਂ ਤੇਜ਼ ਹੁੰਦੀ ਹੈ। ਕਈ ਵਰ੍ਹੇ ਪਹਿਲਾਂ ਬਿਹਾਰ ਦੀ ਕੋਸੀ ਨਦੀ ਦੋ ਸੌ ਸਾਲ ਬਾਅਦ ਵਾਪਿਸ ਆਪਣੇ ਮੂਲ ਰਸਤੇ ’ਤੇ ਪਰਤ ਆਈ ਸੀ। ਉਸ ਤੋਂ ਬਾਅਦ ਨਦੀ ਦੇ ਰਸਤੇ ’ਚ ਵਸੇ ਬਿਹਾਰ ਦੇ ਲਗਭਗ ਸੌ ਪਿੰਡ ਨਕਸ਼ੇ ਤੋਂ ਹੀ ਗਾਇਬ ਹੋ ਗਏ। ਹੁਣ ਜੇਕਰ ਉਤਰਾਖੰਡ ਤੋਂ ਵੀ ਜਿਹੜੀਆਂ ਸਰਕਾਰਾਂ ਸਬਕ ਨਹੀਂ ਲੈਣਗੀਆਂ ਉਹ ਐਸ਼ਪ੍ਰਸਤੀ ਦੇ ਭੁਲੇਖੇ ਦੂਰ ਰੱਖ ਕੇ ਖੰਡ-ਖੰਡ ਹੋਣ ਲਈ ਤਿਆਰ ਰਹਿਣ। ਕਿਉਂਕਿ ਜਦੋਂ ਪਹਾੜ ਮਿਟਦੇ ਹਨ ਫੇਰ ਮੈਦਾਨ ਵੀ ਜ਼ਿਆਦਾ ਚਿਰ ਨਹੀਂ ਬਚਦੇ।

ਪੂਰੇ ਗਏ ਟੋਭਿਆਂ, ਢਾਬਾਂ, ਛੱਪੜਾਂ, ਸਰੋਵਰਾਂ ’ਤੇ ਬਣੀਆਂ ਕਲੋਨੀਆਂ, ਬੱਸ ਸਟੈਂਡਾਂ, ਮਾਲਾਂ ਦੀਆਂ ਨੀਹਾਂ ਪਾਣੀ ਜ਼ਰੂਰ ਉਖੇੜੇਗਾ। ਪਾਣੀ ਆਪਣੇ ਪੁਸ਼ਤੈਨੀ ਘਰਾਂ ’ਤੇ ਕੀਤੇ ਕਬਜ਼ੇ ਜ਼ਰੂਰ ਛੁੜਵਾਏਗਾ। ਕਈ ਸ਼ਹਿਰਾਂ ’ਚ ਪਾਣੀ ਹਰ ਸਾਲ ਆਪਣੇ ਜੱਦੀ ਘਰਾਂ (ਤਲਾਬਾਂ) ’ਤੇ ਹੋਏ ਕਬਜ਼ਿਆਂ ਨੂੰ ਛੁੜਵਾਉਣ ਲਈ ਦਸਤਕ ਦਿੰਦਾ ਹੈ। ਮੁੰਬਈ ਦੀ ਮਿਸਾਲ ਸਾਹਮਣੇ ਹੈ। ਮੁੰਬਈ ਨਾਂਅ ਦਾ ਜਿਹੜਾ ਸ਼ਹਿਰ ਆਪਾਂ ਸਭਨਾਂ ਦੇ ਸਾਹਮਣੇ ਹੈ। ਉਹ ਕਦੀ 150 ਸੋਹਣੇ ਤਲਾਬਾਂ ਨੂੰ ਪੂਰ ਕੇ ਵਸਾਇਆ ਗਿਆ ਸੀ। ਇਸੇ ਲਈ ਹਰ ਸਾਲ ਬਰਸਾਤ ਦਾ ਪਾਣੀ ਉਥੋਂ ਦੇ ਮੁਹੱਲਿਆਂ ’ਚ ਭਰ ਕੇ





ਦਸਤਕ ਦਿੰਦਾ ਹੈ ਕਿ ਮੇਰੇ ਘਰ ਖਾਲੀ ਕਰੋ। ਪਰ ਸਾਨੂੰ ਅੱਜ ਕੁਦਰਤ ਦੀ ਕੋਈ ਗੂੰਜ, ਆਵਾਜ਼ ਜਾਂ ਕੂਕ ਸੁਣਾਈ ਨਹੀਂ ਦਿੰਦੀ।

ਉਤਰਾਖੰਡ ਦਾ ਭਿਆਨਕ ਹਾਦਸਾ ਦੱਸਦਾ ਹੈ ਕਿ ਪਾਣੀ ਸਾਡੀਆਂ ਬਣਾਈਆਂ ਬੇ-ਤਰਤੀਬ ਵਿਵਸਥਾਵਾਂ ਦੇ ਖਿਲਾਫ਼ ਅੰਦੋਲਨ ਕਰ ਰਿਹਾ ਹੈ। ਉਹ ਬਾਰ-ਬਾਰ ਨਾਅਰਾ ਬੁਲੰਦ ਕਰ ਰਿਹਾ ਹੈ ਕਿ ਮੇਰੇ ਰਸਤੇ 'ਚੋਂ ਹਟੋ, ਮੇਰੇ ਪੁਰਖਿਆਂ ਦੇ ਬਣਾਏ ਸੋਹਣੇ ਤਲਾਬਾਂ ਨੂੰ ਖਾਲੀ ਕਰੋ। ਮੇਰਾ ਰਸਤਾ ਨਾ ਰੋਕੋ। ਮੈਨੂੰ ਨਦੀਆਂ ਰਾਹੀਂ ਵਗਣ ਦਿਓ, ਮੈਨੂੰ ਟੋਭਿਆਂ, ਛੱਪੜਾਂ, ਢਾਬਾਂ, ਸਰੋਵਰਾਂ, ਖੂਹਾਂ, ਬੌਲੀਆਂ ਰਾਹੀਂ ਧਰਤੀ 'ਚ ਰਿਸਣ ਦਿਓ। ਮੈਨੂੰ ਜ਼ਬਰਦਸਤੀ ਨਾ ਬੰਨ੍ਹੋ, ਮੈਨੂੰ ਗੁੰਮਰਾਹੀ ਦੇ ਰਸਤਿਆਂ ਵੱਲ ਨਾ ਮੋੜੋ। ਮੇਰੇ ਨਿਰਮਲ ਜਲ 'ਚ ਆਪਣੇ ਪਾਪ ਧੋਣ ਵਾਲੇ ਤੁਸੀਂ ਹੁੰਦੇ ਕੌਣ ਹੋ? ਮੇਰੇ 'ਚ ਆਪਣਾ ਮਲ-ਮੂਤਰ ਬਹਾਉਣ ਦਾ ਤੁਹਾਨੂੰ ਕੋਈ ਹੱਕ ਨਹੀਂ। ਭਲਿਓ ਲੋਕੋ! ਮੇਰੇ 'ਚ ਉਤਰੋ, ਡੁੱਬੋ, ਤੈਰੋ ਅਤੇ ਪਾਰ ਉਤਰੋ, ਪਰ ਮੈਨੂੰ ਸਤਾਉਣ ਦੀ ਕੋਸ਼ਿਸ਼ ਨਾ ਕਰੋ।

ਪਾਣੀ ਸਾਨੂੰ ਕੂਕ-ਕੂਕ ਕੇ ਕਹਿ ਰਿਹਾ ਹੈ ਕਿ ਮੇਰੀ ਆਵਾਜ਼ ਸੁਣੋ। ਮੇਰੇ ਕੰਢਿਆਂ ਤੇ ਹੀ ਵੇਦਾਂ ਦੀਆਂ ਰਿਚਾਵਾਂ, ਕ੍ਰਿਸ਼ਨ ਦੀ ਬੰਸਰੀ, ਰਾਮ ਦੀ ਸ਼ਿਵ ਦੀ ਪੂਜਾ, ਜਪੁਜੀ ਦੀਆਂ ਲਿਸ਼ਕਾਂ, ਗੁਰੂਆਂ, ਭਗਤਾਂ ਦੇ ਵਚਨਾਂ, ਰੈਦਾਸ ਦੀ ਭਗਤੀ ਅਤੇ ਕਬੀਰ ਦੀ ਹੂਕ ਉਠੀ। ਮੈਂ ਹਰੇਕ ਵੱਡੇ ਸੰਕਲਪ ਅਤੇ ਮਨੁੱਖੀ ਚੇਤਨਾ ਦੇ ਵਿਰਾਟ ਤਜ਼ਰਬਿਆਂ ਦਾ ਸਾਖਿਆਤ ਗਵਾਹ ਰਿਹਾ ਹਾਂ।

ਹਰ ਰੋਜ਼ ਸੜਕਾਂ, ਚੌਰਾਹਿਆਂ 'ਤੇ ਮਤਲਬੀ ਕਿਸਮ ਦੇ ਲੋਕ ਅਤੇ ਜਥੇਬੰਦੀਆਂ ਧਰਨਿਆਂ 'ਤੇ ਬੈਠੀਆਂ ਰਹਿੰਦੀਆਂ ਹਨ। ਉਨ੍ਹਾਂ ਵੱਲ ਕੋਈ ਵੇਖਦਾ ਹੀ ਨਹੀਂ। ਸਭਨਾਂ ਨੂੰ ਪਤਾ ਹੈ ਕਿ ਅਜਿਹੇ ਲੋਕਾਂ ਦੇ ਦਿਲਾਂ 'ਚ ਸੱਚ ਦੀ ਕੋਈ ਕਿਰਨ ਨਹੀਂ ਹੁੰਦੀ। ਉਹ ਸਿਰਫ਼ ਆਪਣੇ ਲਈ ਲੜਦੇ ਹਨ। ਪਰ ਪਾਣੀ ਤੋਂ ਵੱਡਾ ਬਾਪੂ ਜਿਹਾ ਸੱਤਿਆਗ੍ਰਹਿ ਕੌਣ ਹੋਵੇਗਾ। ਜਿਹੜਾ ਸਰਬੱਤ ਦੇ ਹਿੱਤਾਂ ਲਈ ਆਪਣੇ ਰਸਤੇ ਵੱਗਦਾ ਹੈ। ਜੇਕਰ ਅੱਜ ਉਹ ਅੰਦੋਲਿਤ ਹੋ ਕੇ ਸਾਡਾ ਰਸਤਾ ਰੋਕ ਰਿਹਾ ਹੈ, ਸਾਡੀਆਂ ਬਸਤੀਆਂ ਡੁਬੋ ਰਿਹਾ ਹੈ, ਆਪਣੇ ਕੰਢੇ ਉਗੇ ਐਸ਼-ਪ੍ਰਸ਼ਤੀ ਦੇ ਹੋਟਲਾਂ ਨੂੰ ਉਲੱਦ ਰਿਹਾ ਹੈ, ਧਰਮ ਅਸਥਾਨਾਂ 'ਤੇ ਪਿਕਨਿਕ ਮਨਾਉਣ ਲਈ ਦਾਰੂ ਦੀਆਂ ਭਰੀਆਂ ਕਾਰਾਂ ਨੂੰ ਘੜੀਸ-ਘੜੀਸ ਲੈ ਕੇ ਜਾ ਰਿਹਾ ਹੈ, ਤਾਂ ਸਾਨੂੰ ਦੋ ਘੜੀ ਠਹਿਰ ਕੇ ਪਾਣੀ ਦੀ ਇਹ ਕੂਕ ਸੁਨਣੀ ਚਾਹੀਦੀ ਹੈ। ਸਾਨੂੰ ਪਾਣੀ ਦੇ ਪੱਖ 'ਚ ਖੜ੍ਹੇ ਹੋ ਕੇ ਜਲ-ਸੱਤਿਆਗ੍ਰਹਿ ਲਈ ਮਾਰਗ ਤਿਆਰ ਕਰਨਾ ਚਾਹੀਦਾ ਹੈ। ਤਾਂ ਜੁ ਸਭਨਾਂ ਦੇ ਭਲੇ ਲਈ ਸਾਡੀਆਂ ਅੱਖਾਂ ਅਤੇ ਜਿਗਰ ਦਾ ਪਾਣੀ ਬਚਿਆ ਰਹੇ।

ਆਪਣੇ ਦੇਸ਼ ਦਾ ਸਭ ਤੋਂ ਪ੍ਰਾਚੀਨ ਸ਼ਬਦ ਨਾਰਾਇਣ ਹੈ। ਇਹ ਸ਼ਬਦ ਸੰਸਕ੍ਰਿਤ ਦੇ ਦੋ ਸ਼ਬਦਾਂ ਨਾਰ ਅਤੇ ਅਯਨ ਨੂੰ ਮਿਲਾ ਕੇ ਬਣਿਆ ਹੈ। ਨਾਰ ਦਾ ਮਤਲਬ ਹੈ ਪਾਣੀ ਜਿਸ ਤੋਂ ਨੀਰ ਬਣਿਆ, ਅਯਨ ਮਤਲਬ ਪਾਣੀ ਦੀ ਬੂੰਦ 'ਚ ਚਮਕਣ ਵਾਲੀ ਚਮਕ। ਉਸੇ ਤੋਂ ਨਾਰਾਇਣ ਬਣਿਆ ਯਾਨੀ ਜੀਵਨ ਦੇਣ ਵਾਲਾ।

ਬੇਸ਼ੱਕ ਅਸੀਂ ਇਕ ਗ਼ੈਰ-ਸ਼ੁਕਰਾ ਸਮਾਜ ਘੜ ਲਿਆ ਹੈ ਪਰ ਕੀ ਅਸੀਂ ਨਾਰਾਇਣ ਦੇ 'ਹੁਕਮ' ਨੂੰ ਵੀ ਨਹੀਂ ਸਮਝਾਂਗੇ?

---

# ਨਿਰਮੋਹੇ



**• ਸੁਰਿੰਦਰ ਸਿੰਘ ਸੁੰਨੜ •**

ਕੋਰਾ ਕਾਗਜ਼ ਸੀ ਕਦੇ, ਹੁਣ ਜੀਵਨ ਕਿਤਾਬ ਹੋ ਗਿਆ।
ਸਾਰੇ ਮਾਸੂਮ ਸਵਾਲਾਂ ਦਾ, ਹੁਣ ਜੀਵਨ ਜਵਾਬ ਹੋ ਗਿਆ।

ਚਾਅ ਸੀ ਕਦੇ ਨਵੇਂ ਨਰੋਏ, ਬਹੁਤ ਗੁਣਾਂ ਘਟਾਓ ਹੁੰਦੀ ਸੀ।
ਲਿਖੀ ਗਈ ਹੈ ਫੱਟੀ ਹੁਣ ਤਾਂ ਸਭ ਕੁਝ ਹਿਸਾਬ ਹੋ ਗਿਆ।

ਜੀਵਨ ਦੇ ਇਸ ਯੁੱਧ ਵਿਚ, ਜਿੱਤਦੇ ਵੀ ਨੇ ਹਰਦੇ ਵੀ ਲੋਕ,
ਸਧਰਾਂ ਰਹੀਆਂ ਕਈ ਸਧਰਾਂ, ਕੋਈ ਪੂਰਾ ਖਾਬ ਹੋ ਗਿਆ।

ਖੁਸ਼ੀਆਂ ਵੀ ਵੰਡੀਆਂ ਤੇ ਗਮੀਆਂ ਵੀ ਕੀਤੀਆਂ ਸਾਂਝੀਆਂ,
ਹੋਰ ਨਹੀਂ ਪਤਾ ਕਿਸੇ ਦਾ, ਸੁੰਨੜ ਤਾਂ ਲਾਜਵਾਬ ਹੋ ਗਿਆ।

ਆਓ ਰਲਕੇ ਨੱਚੀਏ ਗਾਈਏ, ਰਲਮਿਲ ਖੁਸ਼ੀ ਮਨਾਈਏ,
ਨਿਰਮੋਹੇ ਨਹੀਂ ਸੀ ਆਪਾਂ, ਨਿਰਮੋਹਾ ਪੰਜਾਬ ਹੋ ਗਿਆ।

# ਖਾਈਏ ਫਲ ਤਾਂ ਮਿਲਦੈ ਬੱਲ

ਦਲਜੀਤ ਸਿੰਘ (ਡਾ.)



ਕਿਸੇ ਸਿਆਣੇ ਨੇ ਸੱਚ ਹੀ ਕਿਹਾ ਹੈ An Apple a day, keep the doctor away ਸਿਰਫ ਸੇਬ ਹੀ ਨਹੀਂ, ਸਗੋਂ ਸਾਰੇ ਹੀ ਫਲਾਂ ਵਿਚ ਕੁਝ ਅਜਿਹੇ ਖੁਰਾਕੀ ਤੱਤ ਛੁੱਪੇ ਹੁੰਦੇ ਹਨ ਜੋ ਮਨੁੱਖਾ ਸਰੀਰ ਨੂੰ ਤੰਦਰੁਸਤ ਤਾਂ ਰਖਦੇ ਹੀ ਹਨ, ਸਗੋਂ ਸੋਹਣਾ ਵੀ ਬਣਾਉਂਦੇ ਹਨ। ਵਿਗਿਆਨਕਾਂ ਅਨੁਸਾਰ ਮਨੁੱਖ ਬਾਂਦਰ ਜਾਤੀ ਤੋਂ ਵਿਕਸਤ ਹੋਇਆ ਹੈ ਤਾਂ ਵੇਖਿਆ ਜਾਵੇ ਤਾਂ ਬਾਂਦਰ ਸਿਰਫ ਫਲ ਹੀ ਖਾਂਦਾ ਹੈ ਅਤੇ ਸਾਰਾ ਦਿਨ ਇਕ ਤੋਂ ਦੂਸਰੇ ਰੱਖ ਤੇ ਟਪੂਸੀਆਂ ਮਾਰਦਾ ਰਤਾ ਭਰ ਵੀ ਥੱਕਦਾ ਨਹੀਂ ਹੈ। ਇਵੇਂ ਹੀ ਫਲ-ਫਰੂਟ ਖਾਣ ਵਾਲੇ ਬੱਚਿਆਂ ਵਿਚ ਜ਼ਿਆਦਾ ਦਿਮਾਗੀ ਅਤੇ ਸਰੀਰਕ ਤਾਕਤ ਹੁੰਦੀ ਹੈ।

ਤਾਜ਼ੇ ਦੁੱਧ ਵਾਂਗ ਤਾਜ਼ੇ ਫਲਾਂ ਵਿਚ ਮਿਲਾਵਟ ਦੀ ਗੁੰਜਾਇਸ਼ ਘੱਟ ਹੁੰਦੀ ਹੈ। ਆਮ ਲੋਕ ਵਿਦੇਸ਼ਾਂ ਅਤੇ ਦੂਰ-ਦੁਰਾਡੇ ਸੂਬਿਆਂ ਤੋਂ ਆਏ ਫਲਾਂ ਨੂੰ ਖਾਣ 'ਚ ਵਡਿਆਈ ਸਮਝਦੇ ਹਨ। ਆਪਣੀ ਬਗੀਚੀ, ਆਪਣੇ ਨੇੜ੍ਹੇ-ਤੇੜ੍ਹੇ ਦੇ ਇਲਾਕੇ ਜਾਂ ਆਪਣੀ ਗੁਆਂਡੀ ਸੂਬਿਆਂ ਤੋਂ ਆਏ ਫਲਾਂ ਦਾ ਹੀ ਸੇਵਨ ਕਰਨਾ ਚਾਹੀਦਾ ਹੈ ਕਿਉਂਕਿ ਦੂਰ ਦੁਰਾਡੇ ਤੋਂ ਆਏ ਫਲ ਹਮੇਸ਼ਾਂ ਹੀ ਕੈਮੀਕਲ ਕਿਰਿਆਵਾਂ 'ਚੋਂ ਲੰਘੇ ਹੁੰਦੇ ਹਨ ਅਤੇ ਜ਼ਿਆਦਾ ਦਿਨ ਪੁਰਾਣੇ ਹੋਣ ਕਰਕੇ ਫਲਾਂ ਦੇ ਬਹੁਤ ਸਾਰੇ ਪੋਸ਼ਟਿਕ ਤੱਤ ਨਸ਼ਟ ਹੋ ਜਾਂਦੇ ਹਨ ਜਦੋਂ ਕਿ ਆਪਣੇ ਨੇੜ੍ਹੇ-ਤੇੜ੍ਹੇ ਤੋਂ ਆਏ ਫਲ ਤਾਜ਼ਾ ਹੋਣ ਦੇ ਨਾਲ ਆਪਣੇ ਇਲਾਕੇ ਦੀ ਤਾਸੀਰ ਮੁਤਾਬਕ ਜਲਦੀ ਹਜ਼ਮ ਹੋ ਕੇ ਜ਼ਿਆਦਾ ਫਾਇਦਾ ਦਿੰਦੇ ਹਨ।

ਸਾਡੇ ਦੇਸ਼ 'ਚ ਰਿਵਾਜ਼ ਜਿਹਾ ਬਣ ਗਿਆ ਹੈ ਕਿ ਕਿਸੇ ਵੀ ਖੁਸ਼ੀ ਦੇ ਮੌਕੇ 'ਤੇ ਮਿੱਤਰਾਂ ਜਾਂ ਰਿਸ਼ਤੇਦਾਰਾਂ ਨੂੰ ਮਿਲਣ ਜਾਣ ਲਈ ਮਠਿਆਈ ਦੇ ਡੱਬੇ ਲੈ ਕੇ ਜਾਂਦੇ ਹਾਂ। ਬਜ਼ਾਰੂ ਮਠਿਆਈਆਂ ਉਤੇ ਵਿਸ਼ਵਾਸ਼ ਨਹੀਂ ਕੀਤਾ ਜਾ ਸਕਦਾ। ਜੇ ਵਿਸ਼ਵਾਸ਼ ਵੀ ਕਰ ਲਈਏ ਤਾਂ 20-25 ਰੁਪਏ ਕਿਲੋ ਖੰਡ ਦੀ ਮਠਿਆਈ 200-250 ਰੁਪਏ ਕਿਲੋ ਖਰੀਦ ਕੇ ਅਸੀਂ ਆਪ ਹੀ ਸ਼ੂਗਰ ਰੋਗ ਨੂੰ ਅਵਾਜ਼ਾਂ ਮਾਰਦੇ ਹਾਂ। ਉਪਰੋਂ ਦੁਕਾਨਦਾਰ ਗੱਤੇ ਦਾ ਭਾਅ ਵੀ ਮਠਿਆਈ ਦੇ ਬਰਾਬਰ ਲਗਾਉਂਦਾ ਹੈ। ਜ਼ਰਾ ਕੁ ਸੋਚੋ ਕਿ ਇੰਨ੍ਹੇ ਰੁਪਏ ਖਰਚ ਕੇ ਘੱਟੋ-ਘੱਟ 10 ਦਰਜਨ ਕੇਲੇ ਜਾਂ 15 ਕਿਲੋ ਕਿੰਨੂ ਜਾਂ 6 ਕਿਲੋ ਸੇਬ ਜਾਂ 15 ਕਿਲੋ ਪਪੀਤਾ ਲੈ ਸਕਦੇ ਹਾਂ। ਇਤਨਾਂ ਜ਼ਿਆਦਾ ਫਲ ਗੱਤੇ ਦੇ ਛੋਟੇ ਜਿਹੇ ਡੱਬੇ ਦੀ ਥਾਂ ਵੱਡੀ ਟੋਕਰੀ 'ਚ ਸਮਾਉਂਦਾ ਹੈ। ਮਿੱਤਰ ਜਾਂ ਰਿਸ਼ਤੇਦਾਰ ਕਈ ਦਿਨਾਂ ਤੱਕ ਤਾਜ਼ਾ ਫਰੂਟ ਖਾਣਗੇ ਅਤੇ ਸਿਹਤ ਬਣਾਉਣਗੇ। ਪਰ ਕੀ ਕਰੀਏ ਇੰਝ ਕਰਨ ਨਾਲ ਤਾਂ ਸਾਡੀ ਨੱਕ ਨਹੀਂ ਰਹਿੰਦੀ।

ਫਲਾਂ ਵਿਚ ਵਿਟਾਮਨਾਂ ਅਤੇ ਹੋਰ ਕੀਮਤੀ ਤੱਤਾਂ ਤੋਂ ਇਲਾਵਾ ਫ੍ਰੇਕਟੋਜ਼ ਨਾਮ ਦੀ ਮਿਠਾਸ ਹੁੰਦੀ ਹੈ ਜੋ ਸਾਡੇ ਮਿਹਦੇ ਵਿਚ ਛੇਤੀ ਅਤੇ ਸੌਖੀ ਹਜ਼ਮ ਹੋ ਜਾਂਦੀ ਹੈ ਜਦੋਂ ਕਿ ਮਠਿਆਈ ਨੂੰ ਪਚਾਉਣ ਲਈ ਮਿਹਦੇ, ਤਿੱਲੀ, ਅੰਤੜੀਆਂ, ਜਿਗਰ ਅਤੇ ਗੁਰਦਿਆਂ ਨੂੰ ਬਹੁਤ ਮਿਹਨਤ ਕਰਨੀ ਪੈਂਦੀ ਹੈ। ਇਸ ਤੋਂ ਵੱਡੀ ਗੱਲ ਇਹ ਹੈ ਕਿ ਫਲਾਂ ਨੂੰ ਆਮ ਪ੍ਰਚਲਿਤ ਅੰਨ ਵਾਂਗ ਅੱਗ ਤੇ ਪਕਾਉਣ ਦੀ ਲੋੜ ਨਹੀਂ ਪੈਂਦੀ, ਜਿਸ ਨਾਲ ਦੇਸ਼ ਦਾ ਵੱਡਮੁੱਲਾ ਬਾਲਣ ਗੈਸ ਭੰਡਾਰ ਤਾਂ ਬੱਚਦਾ ਹੀ ਹੈ ਅਤੇ ਨਾਲ ਨਾਲ ਸਮੇਂ ਦੀ ਵੀ ਬੱਚਤ ਹੁੰਦੀ ਹੈ। ਫਲਾਂ ਦੀ ਜ਼ਿਆਦਾ ਪੈਦਾਵਾਰ ਕਰਨ ਨਾਲ ਪੇਂਡੂ ਖੇਤਰ ਵਿਚ ਕਾਮਿਆਂ ਲਈ ਰੋਜ਼ਗਾਰ ਦੇ ਮੌਕੇ ਵਧਣਗੇ ਅਤੇ ਸਿਹਤਮੰਦ ਸਮਾਜ ਦੀ ਉਤਪਤੀ ਹੋਵੇਗੀ।

ਤਾਂ ਆਉ, ਸੰਕਲਪ ਕਰੀਏ ਕਿ ਆਪਣੇ ਘਰਾਂ ਖੇਤਾਂ ਅਤੇ ਹਵੇਲੀਆਂ 'ਚ ਫਲਦਾਰ ਰੁੱਖ ਲਗਾਈਏ। ਤੁਹਾਡੇ ਲਗਾਏ ਫਲਦਾਰ ਰੁੱਖਾਂ ਦੀ ਉਪਜ ਤੁਹਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰਦੂਸ਼ਣ ਰਹਿਤ ਵਾਤਾਵਰਣ ਅਤੇ ਵਿਟਾਮਨਾਂ ਅਤੇ ਤੱਤਾਂ ਨਾਲ ਭਰਪੂਰ ਖਾਧ-ਪਦਾਰਥ ਦੇਵੇਗੀ। ਵਿਦਿਆਰਥੀ ਵਰਗ ਲਈ ਫਲ ਰੱਬ ਦਾ ਵਰਦਾਨ ਹਨ।

ਕਹਾਣੀ

# ਹਾਲਾਂ ਬੀਂ ਨਾਸ ਨਹੀਂ ਹੋਇਆ

- ਡਾ. ਸਵਿੰਦਰ ਸਿੰਘ ਉੱਪਲ

ਦਿੱਲੀ ਵਿਖੇ ਨਵੰਬਰ **1984** ਵਿਚ ਹੋਈ ਕਤਲੋਗਾਰਤ ਪਿੱਛੋਂ ਭਾਗਵੰਤੀ ਅੱਜ ਪਹਿਲੀ ਵਾਰ **13** ਨਵੰਬਰ ਨੂੰ ਘਰੋਂ ਬਾਹਰ ਆਪਣੀ ਮਰਜ਼ੀ ਨਾਲ ਨਿਕਲੀ ਸੀ। ਸੱਤਰ ਟੱਪ ਚੁੱਕੀ ਭਾਗਵੰਤੀ ਸ਼ਾਇਦ ਅੱਜ ਵੀ ਘਰ ਦੀ ਦਹਿਲੀਜ਼ ਟੱਪ ਕੇ ਬਾਹਰ ਨਾ ਆਉਂਦੀ ਜੇ ਉਸ ਨੂੰ ਇਸ ਉਧੜਧੰਮੀ ਵਿਚ ਮਾਰੇ ਗਏ ਆਪਣੇ ਸਭ ਤੋਂ ਛੋਟੇ ਦੇਵਰ ਦੇ ਤੇਰ੍ਹਵੇਂ ਉੱਤੇ ਨਾ ਜਾਣਾ ਹੁੰਦਾ। ਸੰਸਕਾਰ ਵੇਲੇ ਤਾਂ ਉਹ ਘੇਸਲ ਮਾਰ ਗਈ ਸੀ ਪਰ ਅੱਜ ਜਾਣਾ ਜ਼ਰੂਰੀ ਬਣਦਾ ਸੀ, ਸਾਰੀ ਬਰਾਦਰੀ ਨੇ ਪਹਿਲੀ ਵਾਰ ਜੁੜਨਾ ਸੀ, ਇਕ ਦੂਜੇ ਕੋਲੋਂ ਬਚ-ਬਚਾਉ ਤੇ ਲੁੱਟ-ਮਾਰ ਦੀਆਂ ਦਰਦਨਾਕ ਵਾਰਦਾਤਾਂ ਤੋਂ ਵਾਕਫ ਹੋਣਾ ਸੀ।

ਸੜੀ ਕੋਠੀ ਵਿਚੋਂ ਨਿਕਲ ਕੇ ਉਹ ਤੀਹ ਪੈਂਤੀ ਸਾਲਾਂ ਪਿੱਛੇ ਅੱਜ ਪਹਿਲੀ ਵਾਰੀ ਰਿਕਸ਼ਾ ਵਿਚ ਚੜ੍ਹੀ ਸੀ, ਨਹੀਂ ਤਾਂ ਪਹਿਲਾਂ ਕਾਰਾਂ ਉਸ ਦੇ ਅੱਗੇ ਪਿੱਛੇ ਖੜ੍ਹੀਆਂ ਰਹਿੰਦੀਆਂ ਸਨ (ਜੋ ਹੁਣ ਸਾੜ ਫੂਕ ਦਿੱਤੀਆਂ ਗਈਆਂ ਸਨ), ਡਰਾਈਵਰ ਅੱਧਾ-ਅੱਧਾ ਘੰਟਾ ਜਾਣ ਤੋਂ ਪਹਿਲਾਂ ਆ ਕੇ ਇੰਤਜ਼ਾਰ ਕਰਦੇ ਰਹਿੰਦੇ ਸਨ। ਆਪਣੀ ਭਾਰੀ ਦੇਹ ਨੂੰ ਚੁੱਕ ਕੇ, ਆਪਣੇ ਇਕਲੌਤੇ ਪੁੱਤਰ ਪਰਦੁਮਨ ਸਿੰਘ ਦੀ ਸਹਾਇਤਾ ਨਾਲ, ਉਹ ਬੜੀ ਮੁਸ਼ਕਲ ਨਾਲ ਰਿਕਸ਼ੇ ਵਿਚ ਚੜ੍ਹੀ ਸੀ। ਉਸ ਦਾ ਪਰਦੁਮਨ ਪੁੱਤਰ ਜਦੋਂ ਉਸ ਕੋਲ ਰਿਕਸ਼ਾ ਵਿਚ ਬੈਠਿਆ, ਤਾਂ ਉਹ ਦੋਵੇਂ ਰਿਕਸ਼ਾ ਵਿਚ ਫਸ ਗਏ ਲੱਗਦੇ ਸਨ। ਆਰਥਿਕ ਪੱਖੋਂ ਇਤਨੀ ਨਿਘਰ ਗਈ ਹਾਲਤ ਨੂੰ ਮਹਿਸੂਸ ਕਰ ਕੇ ਪਰਦੁਮਨ ਦਾ, ਹਜ਼ਾਰ ਯਤਨ ਕਰਨ ਤੇ ਵੀ, ਇਕ ਡਸਕੋਰਾ ਨਿਕਲ ਗਿਆ। ਮਾਂ ਉਸ ਦੇ ਦੁੱਖ ਨੂੰ ਬੜੀ ਚੰਗੀ ਤਰ੍ਹਾਂ ਸਮਝਦੀ ਸੀ। ਉਸ ਦੀ ਪਲਾਸਟਿਕ ਕੈਬਨਿਟ ਬਣਾਉਣ ਵਾਲੀ ਕਰੋੜਾਂ ਦੀ ਫੈਕਟਰੀ ਸਾੜ ਕੇ ਫਸਾਦੀਆਂ ਨੇ ਰਾਖ ਕਰ ਦਿੱਤੀ ਸੀ ; ਕਾਰਾਂ, ਵੈਨਾਂ, ਟੈਂਪੂ, ਟਰੱਕ ਸਭ ਬਰਬਾਦ ਹੋ ਚੁੱਕੇ ਸਨ। ਕੋਠੀ ਦਾ ਮੋਟਾ ਤੇ ਕੀਮਤੀ ਸਾਮਾਨ ਲੁੱਟਿਆ ਜਾ ਚੁੱਕਾ ਸੀ। ਕੋਠੀ ਦੇ ਅਧ-ਸੜੇ ਸਾਗਵਾਨੀ ਦਰਵਾਜ਼ੇ ਆਪਣੀ ਹੋਈ ਦੁਰਦਸ਼ਾ ਦੀ ਵਿਥਿਆ ਸੁਣਾ ਰਹੇ ਸਨ। ਪਰਦੁਮਨ ਪੁੱਤਰ ਦੀਆਂ ਅੱਖਾਂ ਵਿਚ ਅੱਥਰੂ ਵੇਖ ਕੇ ਮਾਂ ਨੇ ਹੌਸਲਾ ਦੇਂਦਿਆ ਆਖਿਆ, "ਪੁੱਤਰਾ ਦਿਲ ਛੋਟਾ ਕਰਨੇ ਨਾਲ ਕੁਝ ਨਹੀਂ ਬਣਨਾ। ਹੌਸਲਾ ਰੱਖਣ ਨਾਲ ਹੀ ਅਸੀਂ ਇਸ ਘੁੰਮਣ-ਘੇਰੀ 'ਚੋਂ ਨਿਕਲ ਸਕਸਾਂ। ਅੱਜ ਸਾਡੇ ਆਸਤੇ ਫਿਰ ਪਾਕਿਸਤਾਨ ਬਣ ਗਿਐ। ਪਿੰਡੀਉਂ ਵੀ ਅਸੀਂ ਹਿੰਜੇ ਹੀ ਖ਼ਾਕਸ਼ਾਹ ਹੋ ਕੇ ਨਿਕਲੇ ਇਆਂ। ਤੂੰ ਉਸ ਲੇ ਬਹੂੰ ਨਿਕਾ ਇਆਂ। ਤੁੱਘੀ ਕੁਥੇ ਯਾਦ ਨੇ ਓਹ ਗੱਲਾਂ, ਪਰ ਸ਼ਾਬਾਸੇ ਤੈਂਡੇ ਸ਼ੇਰ ਪੀਉ ਨੀ। ਉਨ੍ਹਾਂ ਕਦੀ ਦਿਲ ਨਹੀਂ ਸੀ ਸੁੱਟਿਆ। ਉਹ ਆਖੈਨ ਹੁੰਨੇ ਅਹੈ, ਕਮਾਊ ਮਰਦ, ਫ਼ਲਦਾਰ ਦਰੱਖ਼ਤ ਨੀ ਤਰ੍ਹਾਂ ਝੁਲਸ ਕੇ ਵੀ, ਵੇਲੇ ਸਿਰ ਫਲ ਦੇਣ ਲੱਗ ਪੈਨੇ, ਕਿਉਂਕਿ ਉਹ ਆਪਣੀਆਂ ਜੜ੍ਹਾਂ ਦੀ ਬਚਾਈ ਰਖਨੈ।" ਮਾਂ ਦੀਆਂ ਗੱਲਾਂ ਨੇ ਪਰਦੁਮਨ ਨੂੰ ਕੁਝ ਹੌਸਲਾ ਦਿੱਤਾ।

ਪਰ ਜਦੋਂ ਓਹਨਾਂ ਦੀ ਰਿਕਸ਼ਾ, ਹੁਣੇ ਬਣੀ ਵਿਧਵਾ ਦੀ ਦੁਰਦਸ਼ਾ ਵਾਂਗ ਬੁਰੀ ਤਰ੍ਹਾਂ ਸੜ ਚੁੱਕੀ ਤੇ ਖੋਲਾ ਬਣੀ ਫੈਕਟਰੀ ਕੋਲੋਂ ਲੰਘੀ ਤਾਂ ਪਰਦੁਮਨ ਦੀਆਂ ਭੁੱਬਾਂ ਨਿਕਲ ਗਈਆਂ। ਮਾਂ ਨੇ ਉਸ ਦੀ ਪਿੱਠ ਉੱਤੇ ਹੱਥ ਫੇਰਦਿਆਂ ਆਖਿਆ, "ਪੁੱਤਰਾਂ, ਤੂੰ ਮਰਦ ਹੋ ਕੇ ਜੇ ਰੋ ਸੈ, ਤਾਂ ਅਸਾਂ ਜ਼ਨਾਨੀਆਂ ਕੀ ਹਿੰਮਤ ਕਿਥੋਂ ਮਿਲਸੀ? ਚੇਤੇ ਕਰ ਆਪਣੇ ਬਹਾਦਰ ਭਾਪਾ ਜੀ ਆਂ, ਜਿਨ੍ਹਾਂ ਮੇਰੀਆਂ ਚਾਰ ਟੂੰਬਾਂ ਨਾਲ ਫਿਰ ਮਿਲਖ ਕੱਠਾ ਕਰ ਮਾਰਿਆ ਇਆ। ਉਹ ਆਖਨੈ ਹੁੰਨੈ ਅਹੈ, 'ਬੁਰੇ ਵਕਤ ਨੀ ਮਾਰ 'ਚ ਆਇਆ ਮਰਦ, ਪਾਣੀ ਲੱਥੇ ਪੰਪ ਨੀ ਤਰ੍ਹਾਂ ਹੋਨੈ, ਜਿਸਾਂ ਜੇ ਥੋੜ੍ਹਾ ਜਿਹਾ ਪਾਣੀ ਮਿਲ ਜਾਏ ਤਾਂ ਉਹ ਜ਼ਿਮੀਂ 'ਚੋਂ ਕੱਢ ਕੇ ਪਾਣੀ ਨੇ ਢੇਰ ਲਾ ਛੋੜਨੈ। ਹੌਸਲਾ ਰੱਖ, ਵੱਡੇ ਘਰਾਂ ਨੀਆਂ ਘਰੋੜੀਆਂ ਹੀ ਨਹੀਂ ਮਾਣ। ਫਿਰ ਕੋਈ ਜੁਗਾੜ ਕਰਸਾਂ ਤੇ ਵਾਹਿਗੁਰੂ ਫਿਰ ਬਰਕਤ ਪਾਸੀ। ਤੈਂਡੇ ਭਾਪਾ ਜੀ ਹੁਰਾਂ ਪਿੰਡੀ 'ਚ ਹਜ਼ਾਰਾਂ 'ਚ ਚਲਨੇ ਬਿਉਪਾਰੇ ਕੀ ਇੱਥੇ ਆ ਕੇ ਲੱਖਾਂ 'ਚ ਬਦਲਿਆ ਤੇ ਤੂੰ ਅਗੋਂ ਇਤਨਾ ਲਾਇਕ ਨਿਕਲਿਐ ਕਿ ਹੁਨਾਂ ਨੇ ਲੱਖਾਂ ਕੀ ਕਰੋੜਾਂ ਤੱਕ ਲੈ ਗਿਐ।"

"ਉਹ ਤੇ ਠੀਕ ਏ ਬੀ ਜੀ, ਪਰ ਜੇ ਇਸ ਜ਼ੁਲਮ ਨਾ ਪਤਾ ਹੋਨਾ ਤਾਂ ਮੈਂ ਫੈਕਟਰੀ ਤੇ ਕੋਠੀ ਨੀ ਰਾਇਟ-ਇਨਸ਼ੋਰੰਸ ਕਰਾ ਛੋੜਦਾ।" ਪਰਦੁਮਨ ਨੇ ਛੋਟੀ ਜਿਹੀ ਕੀਤੀ ਅਣਗਹਿਲੀ ਤੇ ਅਫ਼ਸੋਸ ਪ੍ਰਗਟ ਕਰਦਿਆਂ ਕਿਹਾ, "ਪੰਜਾਹ ਲੱਖ ਕੈਸ਼ ਤਾਂ ਫੈਕਟਰੀ ਨੀ ਸੇਫ ਵਿਚ ਇਆ। ਬੈਂਕਾਂ ਵਿਚ ਬਿਉਪਾਰੀ ਬਲੈਕ ਨਾ ਪੈਸਾ ਰੱਖ ਨਹੀਂ ਸਕਨਾਂ। ਹੁਣ ਸਭ ਕੁਝ ਬਰਬਾਦ ਹੋ ਗਿਆ।"

"ਪੁੱਤਰਾਂ, ਮੌਤ ਤੇ ਲੇਟੀ ਨਾ ਕਦੈ ਕਿਸੇ ਆਂ ਪਹਿਲਾਂ ਪਤਾ ਲੱਗੈ? ਇਹ ਬਿੱਜ ਤਾਂ ਹਮੇਸ਼ਾ ਅਚਾਨਕ ਹੀ ਪੈਨੀ ਹੋਨੀ ਹੈ। ਵਾਹਿਗੁਰੂ ਨੇ ਆਪਣੇ ਪੰਜਾਬੀ ਹਿੰਦੂ ਭਰਾ ਧਰਮ ਚੰਦ ਨੇ ਦਿਲੇ 'ਚ ਤਰਸ ਪਾਇਆਂ ਤੇ ਹੁਸ ਅਸਾਂ ਸਾਰਿਆਂ ਕੀ ਆਪਣੀ ਕੋਠੀ 'ਚ ਛੁਪਾ ਲਿਆ। ਦਾਤੇ ਨਾ ਸ਼ੁਕਰ ਐ ਕਿ ਸਾਡੇ ਸਾਰਿਆਂ ਨੀਆਂ ਜਾਨਾਂ ਬਚ ਗਈਆਂ ਨੁ।"

ਇਤਨੀ ਦੇਰ ਤੀਕ ਨਰੈਣੇ ਦਾ ਮੁਦਰਕਾ ਬੱਸ ਸਟਾਪ ਆ ਗਿਆ ਸੀ। ਪਰਦੁਮਨ ਰਿਕਸ਼ੇ ਵਿਚੋਂ ਪਹਿਲਾਂ ਆਪ ਲੱਥਾ, ਫਿਰ ਮਾਂ ਨੂੰ ਬੜੀ ਸੰਭਾਲ ਨਾਲ ਲਾਹਿਆ ਅਤੇ ਰਿਕਸ਼ੇ ਵਾਲੇ ਨੂੰ ਦੋ ਰੁਪਏ ਦੇ ਕੇ ਤੋਰ ਦਿੱਤਾ।

ਬੱਸ ਸਟਾਪ ਉੱਤੇ ਕਾਫ਼ੀ ਸਵਾਰੀਆਂ ਪਹਿਲਾਂ ਹੀ ਖੜੀਆਂ ਸਨ, ਪਰ ਉਹਨਾਂ ਵਿਚ ਸਿੱਖ ਕੋਈ ਨਹੀਂ ਸੀ। ਪਰਦੁਮਨ ਨੂੰ ਇਹ ਗੱਲ ਕੁਝ ਓਪਰੀ ਓਪਰੀ ਲੱਗੀ। ਆਪਣਾ ਇਹ ਇਲਾਕਾ ਵੀ ਉਸ ਨੂੰ ਕੁਝ ਬਦਲਿਆ ਬਦਲਿਆ ਲੱਗਾ। ਦਰਜਨਾਂ ਕੋਠੀਆਂ, ਸੈਂਕੜੇ ਘਰ, ਹਜ਼ਾਰਾਂ ਦੁਕਾਨਾਂ ਸਾੜ ਦੀ ਕਾਲਖ ਨੇ ਲੇਪੀਆਂ ਹੋਈਆਂ ਸਨ। ਚਾਰੇ ਪਾਸੇ ਡਰ ਤੇ ਸਹਿਮ ਦਾ ਵਾਤਾਵਰਨ ਸੀ। ਪਰਦੁਮਨ ਸੋਚਣ ਲੱਗਾ, 'ਇਕੱਤੀ ਅਕਤੂਬਰ ਨੂੰ ਦੇਸ਼ ਦੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਨੂੰ ਮਾਰਿਆ ਗਿਆ ਸੀ। ਪਹਿਲੀ ਨਵੰਬਰ ਤੋਂ ਸਿੱਖਾਂ ਦੀ ਕਤਲੋਗਾਰਤ, ਲੁੱਟਮਾਰ ਤੇ ਅਗਜ਼ਨੀ ਸ਼ੁਰੂ

ਹੋ ਗਏ ਸਨ। ਸੰਸਾਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰੀ ਹੀ ਹੋਇਆ ਹੈ ਕਿ ਕਾਤਲ ਜਿਸ ਧਰਮ ਦਾ ਹੈ, ਉਸ ਧਰਮ ਦੇ ਮੰਨਣ ਵਾਲੇ ਸਾਰੇ ਲੋਕਾਂ ਨੂੰ ਗਦਾਰ ਕਹਿ ਕੇ ਮਾਰਨਾ ਸ਼ੁਰੂ ਕਰ ਦਿੱਤਾ ਜਾਏ। ਇਕੱਤੀ ਅਕਤੂਬਰ ਤੱਕ ਜਿਹੜੇ ਸਿੱਖ ਦੇਸ਼-ਭਗਤ ਸਨ, ਉਹ ਸਾਰੇ ਦੇ ਸਾਰੇ ਇਕ ਦਿਨ ਵਿਚ ਦੇਸ਼-ਧਰੋਹੀ ਕਿਵੇਂ ਬਣ ਗਏ? ਚਲੋ ਜੇ ਥੋੜ੍ਹੀ ਦੇਰ ਲਈ ਇਹ ਮੰਨ ਵੀ ਲਿਆ ਜਾਏ ਕਿ ਕਾਤਲ ਦੇ ਕਿਸੇ ਮਹਾਨ ਨੇਤਾ ਨੂੰ ਕਤਲ ਕਰਨ ਪਿੱਛੋਂ, ਉਸ ਧਰਮ ਦੇ ਸਾਰੇ ਅਨੁਆਈ ਗਦਾਰ ਹੋ ਜਾਂਦੇ ਹਨ ਅਤੇ ਕਤਲੋਗਾਰਤ ਦੇ ਦੋਸ਼ੀ ਬਣ ਜਾਂਦੇ ਹਨ, ਤਾਂ ਮਹਾਤਮਾ ਗਾਂਧੀ ਨੂੰ ਕਤਲ ਕਰਨ ਸਮੇਂ ਇੰਜ ਕਿਉਂ ਨਹੀਂ ਸੀ ਹੋਇਆ? ਕੀ ਮਹਾਤਮਾ ਗਾਂਧੀ, ਜਿਸ ਨੇ ਦੇਸ਼ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਆਜ਼ਾਦ ਕਰਾਇਆ ਸੀ, ਕੋਈ ਘੱਟ ਵੱਡਾ ਲੀਡਰ ਸੀ? ਰਾਸ਼ਟਰਪਿਤਾ ਮਹਾਤਮਾ ਗਾਂਧੀ ਨੂੰ ਗੌਡਸੇ ਬ੍ਰਾਹਮਣ ਨੇ ਕਤਲ ਕੀਤਾ ਸੀ, ਉਸ ਸਮੇਂ ਬ੍ਰਾਹਮਣਾਂ ਦਾ ਕਤਲੋਗਾਰਤ ਕਿਉਂ ਨਾ ਹੋਇਆ? ਕੀ ਕੇਵਲ ਇਸ ਲਈ ਕਿ ਉਸ ਸਮੇਂ ਇੱਕ ਹਿੰਦੂ ਨੇ ਦੂਜੇ ਹਿੰਦੂ ਨੂੰ ਮਾਰਿਆ ਸੀ ਤੇ ਹੁਣ ਇਕ ਸਿੱਖ ਨੇ। ਹਾਂ, ਉਸ ਵੇਲੇ ਪੰਡਤ ਜਵਾਹਰ ਲਾਲ ਨਹਿਰੂ ਵਰਗਾ ਦਾਨਸ਼ਵਰ ਸਾਡਾ ਪ੍ਰਧਾਨ ਮੰਤਰੀ ਸੀ। ਇਸ ਦਾ ਮਤਲਬ ਹੋਇਆ ਕਿ ਹੁਣ ਵੱਡੇ ਨੇਤਾ ਦਾ ਕਤਲ ਕਰਨਾ ਤੇ ਕਾਤਲ ਇਤਨੇ ਮਹੱਤਵ ਨਹੀਂ ਰੱਖਦੇ ਜਿਤਨਾ ਕਿ ਉਹਨਾਂ ਦੇ ਵੱਖੋ-ਵੱਖਰੇ ਧਰਮ।

ਪਰਦੁਮਨ ਨੇ ਘੜੀ ਵੱਲ ਦੇਖਿਆ, ਸਾਢੇ ਬਾਰ੍ਹਾਂ ਹੋ ਚੁੱਕੇ ਸਨ ਤੇ ਹਾਲਾਂ ਤੀਕ ਕੋਈ ਬੱਸ ਨਹੀਂ ਸੀ ਆਈ। ਉਹ ਫਿਰ ਸੋਚਣ ਲੱਗਾ, "ਹੋ ਸਕਦੈ ਕਿ ਕਈ ਬੱਸਾਂ ਕਿਸੇ ਹੋਰ ਕੰਮ ਵਿਚ ਲੱਗਾ ਦਿੱਤੀਆਂ ਗਈਆਂ ਹੋਣ। ਅਫ਼ਵਾਹ ਹੈ ਕਿ ਕਤਲੋਗਾਰਤ ਕਰਨ ਲਈ ਕਾਤਲਾਂ ਨੂੰ ਵੱਖੋ-ਵੱਖਰੀਆਂ ਥਾਵਾਂ ਉੱਤੇ ਪਹੁੰਚਾਣ ਤੇ ਵਾਪਸ ਲਿਆਉਣ ਲਈ ਸਰਕਾਰੀ ਬੱਸਾਂ ਦੀ ਵਰਤੋਂ ਕੀਤੀ ਗਈ ਸੀ। ਫਿਰ ਉਨ੍ਹਾਂ ਫਸਾਦੀਆਂ ਨੇ ਲੁੱਟਿਆ ਭਾਰਾ ਮਾਲ ਆਪਣੇ ਸਿਰਾਂ ਉੱਤੇ ਥੋੜ੍ਹਾ ਚੁੱਕ ਕੇ ਲਿਆਉਣਾ ਸੀ!! ਸਰਕਾਰੀ ਖੜੀਆਂ ਬੱਸਾਂ ਤੋਂ ਕੁਝ ਕੰਮ ਤਾਂ ਲਿਆ ਹੀ ਜਾਣਾ ਸੀ!!!! ਬੱਸਾਂ ਲੈ ਜਾਣ ਵਾਲਿਆਂ ਨੂੰ ਰੋਕਣ ਵਾਲਾ ਕੌਣ ਅਧਿਕਾਰੀ ਸੀ? ਅਧਿਕਾਰੀ ਨਾਂ ਦੀ ਚੀਜ਼ ਉਸ ਸਮੇਂ ਭਾਰਤ ਦੀ ਰਾਜਧਾਨੀ ਦਿੱਲੀ ਵਿੱਚ ਤਾਂ ਕੋਈ ਹੈ ਨਹੀਂ ਸੀ! ਉਹ ਤਾਂ ਛੁੱਟੀ ਉੱਤੇ ਗਏ ਲੱਗਦੇ ਸੀ। ਉਨ੍ਹਾਂ ਨੂੰ ਰੋਕਦਾ ਕੌਣ? ਕੁਝ ਬੱਸਾਂ ਸੈਂਕੜੇ ਹੋਈਆਂ ਵਿਧਵਾਵਾਂ ਤੇ ਹਜ਼ਾਰਾਂ ਯਤੀਮ ਹੋ ਗਏ ਬੱਚਿਆਂ ਤੇ ਅਣਗਿਣਤ ਉਜਾੜ ਗਏ ਮਨੁੱਖਾਂ ਨੂੰ ਸ਼ਰਨਾਰਥੀ ਕੈਂਪਾਂ ਵਿਚ ਪਹੁੰਚਾ ਰਹੀਆਂ ਹੋਣਗੀਆਂ।

ਫਿਰ ਚਾਰ ਪੰਜ ਦਿਨ ਕਰਫਿਊ ਲੱਗਾ ਰਿਹਾ। ਕਰਫਿਊ ਵੀ ਅਸਲੀਅਤ ਵਿਚ ਸਿੱਖਾਂ ਲਈ ਹੀ ਸੀ। ਹਿੰਦੂ ਤੇ ਮੁਸਲਮਾਨ ਤਾਂ ਆਮ ਘੁੰਮਦੇ ਫਿਰਦੇ ਸਨ! ਕਰਫਿਊ ਦੀ ਪਾਲਣਾ ਕਰਾਉਣ ਲਈ ਹਜ਼ਾਰਾਂ ਹਿੰਦੂ ਸਿਪਾਹੀਆਂ ਨੂੰ ਲਗਾਉਣ ਦੀ ਵੀ ਅਧਿਕਾਰੀਆਂ ਨੇ ਗਲਤੀ ਕੀਤੀ ਸੀ। ਐਵੇਂ ਉਨ੍ਹਾਂ ਵਿਚਾਰੇ ਸਿਪਾਹੀਆਂ ਨੂੰ ਪ੍ਰੇਸ਼ਾਨ ਤੇ ਬੇ-ਆਰਾਮ ਕੀਤਾ ਤੇ ਚਿੱਟ-ਕੱਪੜੀਏ ਬਣ, ਫਸਾਦੀਆਂ ਨਾਲ ਰਲ ਕੇ ਲੁੱਟਣ ਤੇ ਲੁੱਟ ਵੰਡਣ ਤੋਂ ਮਹਿਰੂਮ ਕੀਤਾ! ਸਿੱਖਾਂ ਨੇ ਤਾਂ ਉਂਜ ਹੀ ਡਰ ਵਜੋਂ ਛੁਪਣ ਵਾਲੀਆਂ ਥਾਵਾਂ ਵਿਚੋਂ ਨਿਕਲਣਾ ਨਹੀਂ ਸੀ!! ਸਿੱਖ ਅਫ਼ਸਰ ਤੇ ਸਿਪਾਹੀ ਜਾਂ ਤਾਂ ਸਾਰੇ ਦੇ ਸਾਰੇ ਖ਼ਾਰਜ ਕਰ ਦਿੱਤੇ ਗਏ ਸਨ ਜਾਂ ਲਾਈਨਾਂ ਵਿਚ ਭੇਜ ਦਿੱਤੇ ਗਏ ਸਨ। ਚਾਰ ਪੰਜ ਦਿਨ ਦਾ ਕਰਫਿਊ ਇਸ ਗੱਲ ਲਈ ਬੇਸ਼ੱਕ ਜ਼ਰੂਰੀ ਸੀ ਕਿ ਹਜ਼ਾਰਾਂ ਮਾਰੇ ਗਏ ਸਿੱਖਾਂ ਦੀਆਂ ਲਾਸ਼ਾਂ ਨੂੰ ਟਰੱਕਾਂ ਵਿਚ ਢੋ-ਢੋ ਕੇ ਠਿਕਾਣੇ ਲਗਾਇਆ ਜਾ ਸਕੇ। ਨਾਲੇ ਅਧਿਕਾਰੀਆਂ ਨੇ ਲਾਸ਼ਾਂ ਦੀ ਅਸਲੀ ਗਿਣਤੀ ਵੀ ਤਾਂ ਦਬਾਉਣੀ ਸੀ। ਅਸਲੀ ਗਿਣਤੀ ਤਾਂ ਅਧਿਕਾਰੀ ਕਦੇ ਦੱਸਦੇ ਹੀ ਨਹੀਂ। ਜੇ ਪੂਰੀ ਅਸਲੀਅਤ ਦੱਸ ਦੇਣ ਤਾਂ ਉਹ ਅਧਿਕਾਰੀ ਕਾਹਦੇ ਹੋਏ! ਅਜਿਹੇ ਅਧਿਕਾਰੀ ਤਾਂ ਹਮੇਸ਼ਾ ਝੂਠ ਨੂੰ ਸੱਚ ਤੇ ਸੱਚ ਨੂੰ ਝੂਠ ਸਾਬਤ ਕਰਨ ਦੀ ਲਿਆਕਤ ਦੇ ਮਾਲਕ ਹੁੰਦੇ ਹਨ! ਉਹ ਕੋਰੇ ਝੂਠ ਨੂੰ ਪਹਿਲਾਂ ਝੂਠੇ-ਸੱਚ ਵਿਚ ਬਦਲ ਕੇ ਅਤੇ ਫਿਰ ਐਲਾਨਾਂ ਤੇ ਬਿਆਨਾਂ ਦੀ ਨਿਧੜਕਤਾ ਦੀ ਸਫ਼ੈਦੀ ਨਾਲ ਲੇਪ ਕੇ, ਚਿੱਟੇ ਚਟਾਕ ਚਾਨਣ ਵਾਂਗ, ਨਿਰੋਲ ਸੱਚ, ਕੇਵਲ ਸੱਚ, ਸੱਚ ਤੋਂ ਇਲਾਵਾ ਹੋਰ ਕੁਝ ਨਹੀਂ ਵਾਲਾ ਸੱਚ, ਦੱਸਣ ਦੀ ਸਮਰੱਥਾ ਰੱਖਦੇ ਹਨ! ਉਨ੍ਹਾਂ ਇਤਨੇ ਮਹਿਕਮੇ ਰੱਖੇ ਕਿਸ ਲਈ ਹਨ? ਜੇ ਉਹ ਅਸਲੀਅਤ ਦੀ ਸੂਹ ਨਿਕਲਣ ਦੇਣ, ਤਾਂ ਉਹ ਸਾਰੇ ਅਫ਼ਸਰ ਨਲਾਇਕ ਨਾ ਕਰਾਰ ਕਰ ਦਿੱਤੇ ਜਾਣ!! ਝੂਠ ਨੂੰ ਸੱਚ ਬਣਾਉਣ ਵਿਚ ਉਹ ਸਾਡੇ ਭਰਾ ਹਨ। ਅਸੀਂ ਵਪਾਰੀ ਲੋਕ ਕਦੋਂ ਆਪਣੀ ਪੂਰੀ ਆਮਦਨ ਸਰਕਾਰੀ ਮਹਿਕਮਿਆਂ ਨੂੰ ਦੱਸਦੇ ਹਾਂ।

ਇਕ ਭਰੀ ਬੱਸ ਆਈ, ਮਸਾਂ ਦੋ ਤਿੰਨ ਸਵਾਰੀਆਂ ਉਤਰੀਆਂ ਪੰਜ ਸੱਤ ਕਾਹਲੀ ਨਾਲ ਜਵਾਨ ਸਵਾਰੀਆਂ ਚੜ੍ਹ ਗਈਆਂ। ਪਰਦੁਮਨ ਦੀ ਮਾਂ ਵਿਚਾਰੀ ਖਲੋ-ਖਲੋ ਕੇ ਥੱਕ ਗਈ ਸੀ। ਅਖੀਰ ਪਰਦੁਮਨ ਨੇ ਆਪਣੀ ਸੁੱਖ-ਹੰਢਾਉਣੀ ਮਾਂ ਨੂੰ ਬੱਸ-ਸਟਾਪ ਤੋਂ ਥੋੜ੍ਹੇ ਪਰ੍ਹੇ ਪਏ ਕਿ ਪੱਥਰ ਉੱਤੇ ਬੈਠਣ ਲਈ ਕਹਿ ਦਿੱਤਾ। ਬੱਸ-ਸਟਾਪ ਦੇ ਬੈਂਚਾਂ ਉੱਤੇ ਤਾਂ ਪਹਿਲਾਂ ਹੀ ਸਵਾਰੀਆਂ ਬੈਠੀਆਂ ਹੋਈਆਂ ਸਨ।

ਪਰਦੁਮਨ ਸਿੰਘ ਆਪ, ਬੱਸ ਸਟਾਪ ਦੇ ਨੇੜੇ ਉੱਗੇ ਇਕ ਦਰੱਖਤ ਦੇ ਸਹਾਰੇ ਖਲੋ ਗਿਆ। ਉਸ ਦੇਖਿਆ, ਦਰੱਖਤ ਦੇ ਪਿਛਲੇ ਬਾਗ਼ ਵਿਚ ਪਏ ਬੈਂਚਾਂ ਉੱਤੇ ਚਾਰ ਪੂਰਬੀਏ ਬੈਠੇ ਸਨ ਅਤੇ ਆਪਸ ਵਿਚ ਗੱਲਾਂ ਕਰ ਰਹੇ ਸਨ। ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਕੋਈ ਹੋਰ ਉਨ੍ਹਾਂ ਦੀਆਂ ਗੱਲਾਂ ਸੁਣ ਰਿਹਾ ਹੈ। ਇਕ ਨੇ ਆਪਣੀ ਨਵੀਂ ਲੁੱਟੀ ਘੜੀ ਵੱਲ ਤੱਕ ਕੇ ਕਿਹਾ।

"ਅਰੇ ਲਲਨ ਏਕ ਬਜਨੇ ਕੋ ਆਇਆ ਹੈ ਔਰ ਅਬੀ ਤਲਕ ਰਾਮੂ ਔਰ ਬਿਸ਼ਨਾ ਨਹੀਂ ਆਏ?"

"ਲੂਟੇ ਮਾਲ ਕੋ ਗਾਊਂ ਮੇਂ ਠਕਾਨੇ ਲਗਾ ਕਰ, ਕੱਲ ਰਾਤ ਕੋ ਵਾਪਸ ਤੋ ਆ ਗਏ ਥੇ ਔਰ ਸਾਢੇ ਬਾਰ੍ਹਾਂ ਤਲਕ ਇਧਰ ਆਨੇ ਕੋ ਹੀ ਬੋਲਾ ਥਾ। ਤੁਮ ਮਾਲ ਠਕਾਨੇ ਲਗਾ ਕਰ ਗਾਉ ਸੇ ਕਬ ਲੌਟੇ?" ਲਲਨ ਨੇ ਉਸ ਤੋਂ ਪੁੱਛਿਆ।

"ਭਈ ਮੈਨੇ ਤੋਂ ਬਹੁਤ ਸਾਰਾ ਮਾਲ ਇਧਰ ਹੀ ਬੇਚ ਦੀਆ ਥਾ। ਏਕ ਰੰਗੀਨ ਟੀ.ਵੀ. ਕਾ ਏਕ ਨੇ ਪਾਂਚ ਸੌ ਦੀਆ, ਮੈਂ ਨੇ ਦੇ ਦੀਆ। ਔਰ ਫ਼ਿਲਮ ਦਖਾਨੇ ਵਾਲੀ ਮਸ਼ੀਨ ਜਿਸ ਕੋ ਯੇਹ ਬਾਬੂ ਲੋਗ ਕਿਆ ਬੋਲਤੇ ਹੈ ਬੀਸੀਆਰ, ਵੋਹ ਮੈਂਨੇ ਏਕ ਹਜ਼ਾਰ ਮੇਂ ਦੇ ਦੀਆ ਥਾ।"

"ਅਰੇ ਕਮਾਲ ਤੋ ਹਮਾਰੇ ਨੇਤਾ ਜੀ ਨੇ ਕੀਆ। ਉਨਹੋਂ ਨੇ ਸਾਥ ਮੇਂ ਚਲਨੇ ਵਾਲੇ ਹਰ ਝੁੱਗੀ ਵਾਲੇ ਕੋ ਪਚਾਸ ਕਾ ਨੋਟ, ਏਕ ਬੋਤਲ ਸ਼ਰਾਬ, ਏਕ ਬੋਤਲ ਪਟਰੋਲ-ਮਸਾਲਾ ਔਰ ਏਕ ਲੋਹੇ ਕੀ ਛੜੀ ਦੀ। ਔਰ ਲੈ ਗਏ ਬੱਸ ਮੇਂ ਬਿਠਾ ਕੇ ਏਕ ਰੇਲ ਟੀਸ਼ਨ ਪੇ। ਤੀਨ ਦਿਨ ਹਮ ਗਾੜੀਉਂ ਮੈਂ ਬੈਠੇ ਸਿਖੜੋਂ ਕੋ ਲੂਟਤੇ ਔਰ ਮਾਰਤੇ ਰਹੇ। ਹਮ ਨੇ ਤੋ ਨੋਟੋਂ ਕੇ ਥੈਲੇ ਭਰ ਲੀਏ।"

"ਯੇਹ ਭੀ ਤੋ ਬਤਾ ਕਿ ਵਾਪਸੀ ਪੇ ਨੇਤਾ ਜੀ ਨੇ ਸਭ ਸੇ ਪੈਸੇ ਔਰ ਸੋਨਾ ਐਂਠ ਲੀਆ।"

"ਅਰੇ ਆਖ਼ਰ ਮੇਂ ਵੋਹ ਹਮਾਰੇ ਨੇਤਾ ਥੇ। ਕੁਛ ਤੋਂ ਉਨਹੋ ਨੇ ਲੈਨਾ ਹੀ ਥਾ। ਹਜ਼ਾਰ ਹਜ਼ਾਰ ਨਹੀਂ ਦੀਆ ਥਾ ਸਭ ਕੋ? ਔਰ ਸਾਰਾ ਖਰਚਾ ਔਰ ਬੰਦੋਬਸਤ ਭੀ ਤੋਂ ਉਨ੍ਹੋ ਨੇ ਹੀ ਕੀਆ ਥਾ।"

"ਭਈ ਲੂਟ ਮਾਰ ਕਾ ਜੋ ਮਜ਼ਾ ਲੀਆ ਸੋ ਲੀਆ। ਹਮੇ ਤੋ ਅਬ ਸ਼ਾਪ ਮੇ ਮਜ਼ੇ ਹੋ ਗਏ ਹੈ। ਕਾਮ ਕਰੋ ਨਾ ਕਰੋ ਕੋਈ ਸਾਲਾ ਅਬ ਨਹੀਂ ਪੂਛਤਾ।"

"ਕਿਉਂ ਉਸ ਤੁਮਾਰੇ ਸਰਦਾਰ ਅਫ਼ਸਰ ਕੀ ਭੀ ਕਿਸੀ ਨੇ ਛੁੱਟੀ ਕਰ ਦੀ ਜਿਸ ਕੋ ਤੁਮ ਲੋਗ ਆਪਸ ਮੇਂ ਬੈਠ ਕਰ ਗੱਬਰ ਸਿੰਘ ਕਹਿਤੇ ਥੇ?"

"ਸਾਲਾ ਬਚ ਗਿਆ! ਮਗਰ ਅਬ ਭੀਗੀ ਬਿੱਲੀ ਬਨ ਕਰ ਬੈਠਾ ਰਹਿਤਾ ਹੈ। ਕਿਸੀ ਕੋ ਕੁਛ ਨਹੀਂ ਕਹਿਤਾ।"

"ਫਿਰ ਸ਼ਾਪ ਮੇਂ ਮਾਲ ਤੋ ਬਹੁਤ ਕਮ ਬਨਤਾ ਹੋਗਾ, ਔਰ ਸਰਕਾਰ ਕੋ ਨੁਕਸਾਨ ਹੋ ਰਹਾ ਹੋਗਾ?"

"ਨੁਕਸਾਨ ਹੋਤਾ ਹੋਗਾ ਤੋ ਸਰਕਾਰ ਕਾ। ਹਮ ਤੋ ਅਬ ਬੜੇ ਮਜ਼ੇ ਮੇਂ ਰਹਿਤੇ ਹੈ ਔਰ ਅਪਨੇ ਫਾਇਦੇ ਕੀ ਸੋਚਤੇ ਹੈ। ਫਿਰ ਇਸ ਸੁਸਰੇ ਗੱਬਰ ਸਿੰਘ ਨੇ ਕਈ ਸਾਲੋਂ ਸੇ ਕਾਮ ਭੀ ਹਮ ਸੇ ਦਬਾ ਕਰ ਲੀਆ ਥਾ। ਸਰਕਾਰ ਕਾ ਇਸ ਨੇ ਬਹੁਤ ਫਾਇਦਾ ਕਰ ਦੀਆ ਥਾ। ਅਬ ਹਮ ਵੋਹ ਬਰੋਬਰ ਕਰ ਦੇਂਗੇ।"

ਇਕ ਹੋਰ ਬੋਲਿਆ, "ਅਰੇ ਯਾਰ, ਯੇਹ ਸਮਝ ਨਹੀਂ ਆਤੀ ਕਿ ਇਨ ਸਿਖੜੋਂ ਨੇ ਇਤਨੀ ਦੌਲਤ ਇਕੱਠੀ ਕਹਾਂ ਸੇ ਕਰ ਲੀ! ਇਨ ਕੀ ਫੈਕਟਰੀਆਂ ਦਰੱਖ਼ਤ ਹੈ ਜਹਾਂ ਪੱਤੋਂ ਕੀ ਜਗ੍ਹਾ ਨੋਟ ਲੱਗਤੇ ਹੈ। ਏਕ ਕੀ ਹਮ ਫੈਕਟਰੀ ਲੂਟਨੇ ਗਏ। ਪਹਿਲੇ ਤੋਂ ਸਰਦਾਰ ਮਾਲਕ ਨੇ ਪਾਂਚ ਪਾਂਚ ਕੇ ਨੋਟ ਹਮਾਰੀ ਤਰਫ਼ ਫੈਂਕੇ, ਫਿਰ ਦਸ ਦਸ ਕੇ, ਫਿਰ ਬੀਸ ਬੀਸ ਕੇ। ਹਮ ਪਾਂਚ ਛੇ ਸੌ ਜਨੇ ਥੇ। ਸਭ ਉਠਾ ਲੀਏ। ਫਿਰ ਜਬ ਹਮ ਆਗ ਲਗਾਨੇ ਲਗੇ ਤੋ ਲਗਾ ਪਚਾਸ ਪਚਾਸ ਔਰ ਸੌ ਸੌ ਕੇ ਨੋਟ ਫੈਂਕਨੇ। ਊਪਰ ਕੇ ਹੁਕਮ ਮੁਤਾਬਕ ਹਮ ਨੇ ਸਭ ਫੂਕ ਦੀ। ਸਾਲੇ ਅਪਨੇ ਆਪ ਕੋ ਬੜੇ ਨਵਾਬ ਸਮਝਤੇ ਥੇ। ਸਭ ਕੁ ਸੂਧਾ ਕਰ ਦੀਆ।"

ਉਸ ਪੂਰਬੀਏ ਨੂੰ ਇਹ ਨਹੀਂ ਸੀ ਪਤਾ ਕਿ ਉਹ ਨੋਟ ਸੁੱਟਣ ਵਾਲਾ ਸਰਦਾਰ ਉਸ ਦੇ ਪਿੱਛੇ ਖਲੋ ਕੇ ਉਸ ਦੀਆਂ ਸਾਰੀਆਂ ਗੱਲਾਂ ਸੁਣ ਰਿਹਾ ਹੈ।

"ਵੋਹ ਰਾਮੂ ਔਰ ਬਿਸ਼ਨਾ ਭੀ ਆ ਗਏ ਹੈ। ਡੇਢ ਬਜਾ ਹੈ, ਕੋਈ ਨਹੀਂ ਸਿਨੀਮੇਂ ਮੇਂ ਬਖ਼ਤ ਪਰ ਪਹੁੰਚ ਜਾਏਂਗੇ। ਅਭੀ ਟੈਮ ਹੈ।"

ਇਤਨੀ ਦੇਰ ਵਿਚ ਨਰੈਣਾ ਗਾਉਂ ਤੋਂ ਚੱਲਣ ਵਾਲੀ ਮੁੰਦਰਕਾ ਬੱਸ ਆ ਗਈ ਜਿਹੜੀ ਤਕਰੀਬਨ ਖਾਲੀ ਸੀ। ਖਲੋਤੀਆਂ ਸਾਰੀਆਂ ਦੀਆਂ ਸਾਰੀਆਂ ਸਵਾਰੀਆਂ ਚੜ੍ਹ ਗਈਆਂ। ਭਾਗਵੰਤੀ ਨੂੰ ਵੀ ਪਰਦੁਮਨ ਨੇ ਆਰਾਮ ਨਾਲ ਚੜ੍ਹਾ ਦਿੱਤਾ ਅਤੇ ਉਹ ਦੋਵੇਂ ਇਕੱਠੇ ਇਕ ਥਾਂ ਉੱਤੇ ਬੈਠ ਗਏ।

ਬੱਸ ਰਾਜੌਰੀ ਗਾਰਡਨ ਪਹੁੰਚੀ। ਭਾਗਵੰਤੀ ਤੇ ਪਰਦੁਮਨ ਨੇ ਬੜੇ ਧਿਆਨ ਨਾਲ ਉਥੋਂ ਦੀਆਂ ਕੋਠੀਆਂ ਵੱਲ ਵੇਖਿਆ। ਸਾੜ, ਭੰਨ ਤੋੜ ਜਾਂ ਲੁੱਟਮਾਰ ਦਾ ਉਥੇ ਕੋਈ ਨਾਮੋ ਨਿਸ਼ਾਨ ਨਹੀਂ ਸੀ ਨਜ਼ਰ ਆ ਰਿਹਾ। "ਸਿੱਖਾਂ ਦੀ ਮਜਾਰਿਟੀ ਹੋਣ ਕਾਰਨ, ਇਹ ਕਾਲੋਨੀ ਬਚ ਗਈ ਲੱਗਦੀ ਏ। ਕਈ ਤਾਂ ਇਸ ਨੂੰ ਕਹਿੰਦੇ ਹੀ ਸਿੱਖ ਕਾਲੋਨੀ ਨੇ।"

"ਇੱਥੇ ਨਾ ਗੁਰਦਵਾਰਾ ਕੈਡਾ ਆਲੀਸ਼ਾਨ ਏ। ਨਿਰੋਲ ਇਤਿਹਾਸਕ ਗੁਰਦੁਆਰਾ ਲਗਨੈ।" ਭਾਗਵੰਤੀ ਧਾਰਮਕ ਸ਼ਰਧਾ ਵਿਚ ਬੋਲੀ।

"ਚੰਗਾ ਭਲਾ ਇੱਥੇ ਕੋਠੀ ਬਣਾਣ ਲੱਗੇ ਸਾਂ, ਪਰ ਫੈਕਟਰੀ ਦੇ ਬਿਲਕੁਲ ਨੇੜੇ ਰਹਿਣ ਦਾ ਲਾਲਚ ਸਾਨੂੰ ਮਾਰ ਗਿਆ।" ਪਰਦੁਮਨ ਨੇ ਆਪਣੇ ਇਸ ਗਲਤ ਕੀਤੇ ਫੈਸਲੇ ਤੇ ਪਸ਼ਚਾਤਾਪ ਵਜੋਂ ਕਿਹਾ।

"ਸਭ ਭਾਗਾਂ ਨੀ ਖੇਡ ਏ, ਪੁੱਤਰਾ।" ਭਾਗਵੰਤੀ ਨੇ ਰੱਬ ਦੀ ਰਜ਼ਾ ਮੰਨਦਿਆਂ ਆਖਿਆ।

ਬਾਗ਼ ਵਿਚ ਬੈਠੇ ਪੂਰਬੀਏ ਵੀ ਇਸੇ ਬੱਸ ਵਿਚ ਚੜ੍ਹੇ ਸਨ। ਚਾਰ ਪਿਛਲੀਆਂ ਸੀਟਾਂ ਉੱਤੇ ਬੈਠੇ ਅਤੇ ਦੋ ਪਰਦੁਮਨ ਤੋਂ ਅਗਲੀ ਸੀਟ ਤੇ। ਪਿੱਛੇ ਬੈਠੇ ਪੂਰਬੀਆਂ ਨੇ ਬੀੜੀਆਂ ਪੀਣੀਆਂ ਸ਼ੁਰੂ ਕਰ ਦਿੱਤੀਆਂ, ਜਿਸ ਕਾਰਨ ਸੜੇ ਤਮਾਕੂ ਦੇ ਧੂੰਏਂ ਦੇ ਬਣੇ ਗੋਲ ਦਾਇਰੇ, ਅੱਗੇ ਵੱਲ ਉਡ ਕੇ ਭਾਗਵੰਤੀ ਨੂੰ ਤੰਗ ਕਰਨ ਲੱਗੇ। ਉਸ ਇੰਜ ਮਹਿਸੂਸ ਕੀਤਾ ਜਿਵੇਂ ਉਸ ਦਾ ਸਾਹ ਘੁੱਟਣ ਲੱਗਾ ਹੈ। ਉਹ ਖੰਘਣ ਲੱਗੀ। ਬੀੜੀ ਪੀਣੀ ਵੀ, ਪਿਸ਼ਾਬ ਕਰਨ ਵਰਗੀ ਅੱਚਵੀ ਹੈ। ਇਕ ਸ਼ੁਰੂ ਕਰੇ, ਸਭ ਪੀਣ ਵਾਲਿਆਂ ਦਾ ਇਸ ਨੂੰ ਪੀਣ ਦਾ ਦਿਲ ਕਰ ਆਉਂਦਾ ਹੈ। ਇੰਜ ਜਾਪਦਾ ਸੀ ਜਿਵੇਂ ਉਹ ਪੂਰਬੀਏ ਜਾਣ ਬੁਝ ਕੇ ਬੀੜੀ ਦਾ ਧੂੰਆਂ ਪਰਦੁਮਨ ਤੇ ਉਸ ਦੀ ਮਾਂ ਦੇ ਮੂੰਹ ਉਤੇ ਮਾਰ ਰਹੇ ਹੋਣ। ਉਹ ਪਰਦੁਮਨ, ਜਿਹੜਾ ਅੱਗੇ ਫੈਕਟਰੀ ਦੇ ਕਿਸੇ ਮਜ਼ਦੂਰ ਦੀ ਜੇਬ ਵਿੱਚੋਂ ਵੀ ਸਿਗਰਟ ਦੀ ਬਦਬੂ ਆ ਜਾਏ, ਪੀਣੀ ਤਾਂ ਦੂਰ ਦੀ ਗੱਲ ਰਹੀ, ਉਸ ਦਾ ਬੂਥਾ ਭੰਨ ਦੇਂਦਾ ਸੀ, ਅੱਜ ਉਸ ਵਿਚ ਬੋਲਣ ਤੇ ਉਨ੍ਹਾਂ ਨੂੰ ਰੋਕਣ ਦੀ ਹਿੰਮਤ ਨਹੀਂ ਸੀ ਰਹੀ। ਇੰਜ ਜਾਪਦਾ ਸੀ ਪਹਿਲਾਂ ਵਾਲਾ ਨਿਡਰ, ਨਿਧੜਕ ਤੇ ਸ਼ੇਰ ਦਿਲ ਪਰਦੁਮਨ ਮਰ ਗਿਆ ਹੈ ਅਤੇ ਉਸ ਦੀ ਥਾਂ ਇਕ ਕਾਇਰ, ਡਰਪੋਕ ਤੇ ਗਿੱਦੜ ਨੇ ਲੈ ਲਈ ਹੈ। ਉਸ ਸਾਰੀ ਬੱਸ ਵਿਚ ਨਜ਼ਰ ਮਾਰੀ, ਕੋਈ ਹੋਰ ਸਰਦਾਰ ਸਵਾਰੀ ਨਹੀਂ ਸੀ ਬੈਠੀ ਹੋਈ। ਮਾਂ ਨੂੰ ਬੀੜੀਆਂ ਦੇ ਧੂੰਏਂ ਤੋਂ ਬਚਾਉਣ ਲਈ ਉਸ ਬਾਰੀ ਦਾ ਸ਼ੀਸ਼ਾ ਖੋਲ੍ਹ ਦਿੱਤਾ। ਬਾਹਰੋਂ ਠੰਢੀ ਹਵਾ ਦੇ ਫਰਾਟਿਆਂ ਨੇ ਤਮਾਕੂ ਦੇ ਬਦਬੂਦਾਰ ਧੂੰਏਂ ਦੀ ਮਾਰ ਨੂੰ ਤਾਂ ਘਟਾਇਆ ਪਰ ਬੁੱਢੀ ਮਾਂ ਨੂੰ ਕਾਂਬਾ ਛਿੜ ਪਿਆ। ਨਵੰਬਰ ਦੀਆਂ ਬਰਫੀਲੀਆਂ ਤੇ ਠਾਰਵੀਆਂ ਹਵਾਵਾਂ ਪਹਾੜਾਂ ਤੋਂ ਦਿੱਲੀ ਵੱਲ ਧਾਵਾ ਬੋਲ ਚੁੱਕੀਆਂ ਸਨ। ਉਸ ਝੱਟ ਸ਼ੀਸ਼ਾ ਬੰਦ ਕਰ ਦਿੱਤਾ। ਮਾਂ ਨੇ ਆਪਣੇ ਠਰੇ ਕੰਬਦੇ ਸਰੀਰ ਨੂੰ ਆਪਣੀ ਕੀਮਤੀ ਗਰਮ ਸ਼ਾਲ ਵਿਚ ਲਪੇਟ ਲਿਆ।

ਇਕ ਮਿੰਟ ਪਿੱਛੋਂ ਫਿਰ ਬੀੜੀ ਦੇ ਧੂੰਏਂ ਨੇ ਭਾਗਵੰਤੀ ਦਾ ਸਾਹ ਘੁੱਟਣਾ ਸ਼ੁਰੂ ਕਰ ਦਿੱਤਾ। ਉਸ ਨੂੰ ਕਈ ਨਿੱਛਾਂ ਆਈਆਂ। ਜਾਪਦਾ ਸੀ ਠੰਢੀ ਠਾਰਵੀਂ ਹਵਾ ਕਾਰਨ ਉਸ ਨੂੰ ਸਰਦੀ ਲੱਗ ਗਈ ਹੈ। ਉਸ ਨੱਕ ਨੂੰ ਰੁਮਾਲ ਨਾਲ ਸਾਫ਼ ਕੀਤਾ। ਉਸ ਨੂੰ ਜਾਪਿਆ ਜਿਵੇਂ ਜ਼ੁਕਾਮ ਲੱਗ ਗਿਆ ਹੋਵੇ। ਫਿਰ ਆਪਣੇ ਨੱਕ ਮੂੰਹ ਅੱਗੇ ਉਸ ਸ਼ਾਲ ਦਾ ਡੁੱਬਾ ਦੇ ਲਿਆ, ਪਰ ਤਮਾਕੂ ਦੇ ਧੂੰਏਂ ਦੀ ਬਦਬੂ ਇਤਨੀ ਕਾਟਵੀਂ ਤੇ ਚੀਰਵੀਂ ਹੁੰਦੀ ਹੈ ਕਿ ਨਾ-ਪੀਣ ਵਾਲਿਆਂ ਦੀਆਂ ਨਾਸਾਂ ਵਿਚ ਵੜ ਕੇ ਉਨ੍ਹਾਂ ਨੂੰ ਵਧੇਰੇ ਤੰਗ ਕਰਦੀ ਹੈ।

ਜਦੋਂ ਪਰਦੁਮਨ ਨੇ ਮਾਂ ਦੀ ਵਿਗੜਦੀ ਹਾਲਤ ਅਤੇ ਉਨ੍ਹਾਂ ਪੂਰਬੀਆਂ ਦੀ ਜ਼ਿੱਦ ਤੇ ਸ਼ਰਾਰਤ ਵੇਖੀ, ਤਾਂ ਉਸ ਉਠ ਕੇ ਉਨ੍ਹਾਂ ਨੂੰ ਕਿਹਾ, "ਆਪ ਕੋ ਮਾਲੂਮ ਹੈ ਕਿ ਬੱਸ ਮੇਂ ਬੜੀ ਸਿਗਰਟ ਪੀਨਾ ਮਨ੍ਹਾਂ ਹੈ?"

"ਵੋਹ ਆਪ ਲੋਗੋਂ ਕੇ ਲੀਏਂ ਹੈਂ, ਹਮਾਰੇ ਲੀਏ ਨਹੀਂ।" ਇਕ ਨੇ ਬੜੀ

ਬੇਸ਼ਰਮੀ ਤੇ ਸ਼ਰਾਰਤ ਨਾਲ ਆਖਿਆ।

ਪਰਦੁਮਨ ਕੁਝ ਚਿਰ ਲਈ ਨਿਰਉਤਰ ਹੋ ਗਿਆ।

ਥੋੜ੍ਹੀ ਦੇਰ ਬਾਅਦ ਉਹ ਫਿਰ ਬੋਲਿਆ, "ਵੋਹ ਪੜ੍ਹ ਕੇ ਦੇਖੋ, ਦੇਵਨਾਗਰੀ ਮੈਂ ਸਾਫ਼ ਲਿਖਾ ਹੈ 'ਬੱਸ ਮੇਂ ਥੁਕਨਾ ਔਰ ਧੂਮਰਪਾਨ ਕਰਨਾ ਮਨ੍ਹਾਂ ਹੈ।"

"ਅਰੇ ਜਾ ਜਾ ਹਮੇਂ ਯੇਹ ਪੜ੍ਹਾਨੇ ਆਇਆ ਹੈ। ਹਮ ਨੇ ਬੜੋਂ ਕੋ ਪੜ੍ਹਾ ਦੀਆ ਹੈ। ਬਹੁਤ ਜਲਦੀ ਹਮਾਰੇ ਹਾਥ ਭੂਲ ਗਏ ਲਗਤੇ ਹੋ?" ਉਨ੍ਹਾਂ ਵਿਚੋਂ ਮੁੱਛਲ ਪੂਰਬੀਏ ਨੇ ਬੜੀ ਸ਼ਾਨ ਨਾਲ ਆਖਿਆ।

"ਯੇਹ ਬਹੁਤ ਪਹਿਲੇ ਕਾ ਲਿਖਾ ਹੂਆ ਹੈ, ਅਬ ਬਕਤ ਬਦਲ ਗਏ ਹੈ।" ਦੂਜਾ ਬੋਲਿਆ।

ਇਕ ਹੋਰ ਨੇ ਤਨਜ਼ ਨਾਲ ਆਖਿਆ, "ਆਪ ਕੋ ਅਗਰ ਇਤਨਾ ਇਤਰਾਜ਼ ਹੈ ਤੋ ਟੈਕਸੀ ਲੇ ਲੇਨੀ ਥੀ।"

ਪਰਦੁਮਨ ਗੁੱਸੇ ਨਾਲ ਕਚੀਚੀਆਂ ਵੱਟ ਰਿਹਾ ਸੀ, ਪਰ ਇਕੱਲਾ ਹੋਣ ਕਾਰਨ ਕੁਝ ਕਰ ਨਹੀਂ ਸੀ ਸਕਦਾ। ਹਾਲਾਤ ਤੋਂ ਉਹ ਮਜਬੂਰ ਲੱਗਦਾ ਸੀ। ਮਾਂ ਨੂੰ ਡਰ ਲੱਗ ਰਿਹਾ ਸੀ ਕਿ ਕਿਧਰੇ ਝਗੜਾ ਨਾ ਹੋ ਜਾਏ ਅਤੇ ਉਹ ਸਾਰੇ ਰਲ ਕੇ ਪਰਦੁਮਨ ਨੂੰ ਮਾਰਨ ਕੁੱਟਣ ਨਾ ਲੱਗ ਜਾਣ। ਇੱਥੇ ਵੀ ਰਾਜ ਬਹੁ-ਗਿਣਤੀ ਦਾ ਹੀ ਸੀ। ਉਸ ਪਰਦੁਮਨ ਨੂੰ ਸੀਟ ਉੱਤੇ ਬੈਠ ਜਾਣ ਲਈ ਕਿਹਾ।

ਬੱਸ ਹੁਣ ਭਰ ਚੁੱਕੀ ਸੀ, ਸਗੋਂ ਪੰਦਰਾਂ ਵੀਹ ਆਦਮੀ ਤਾਂ ਟਿਕਟਾਂ ਦੇ ਪੈਸੇ ਭਰ ਕੇ ਵੀ ਸੀਟਾਂ ਵਿਚਕਾਰ ਖੜ੍ਹੇ ਸਨ। ਸਭ ਸਵਾਰੀਆਂ ਜਾਂ ਆਪਣੀਆਂ ਗੱਲਾਂ ਵਿੱਚ ਮਸਤ ਹਨ ਜਾਂ ਏਹਨਾਂ ਦੇ ਚੂੰਝਾਂ ਪੌਂਚਿਆਂ ਦੇ ਆਪਸ ਵਿਚ ਅੜਨ ਦਾ ਤਮਾਸ਼ਾ ਤੱਕ ਰਹੇ ਸਨ। ਬੱਸ ਸ਼ਾਲੀਮਾਰ ਗਾਰਡਨ ਪਹੁੰਚ ਗਈ ਸੀ।

ਇਤਨੀ ਦੇਰ ਵਿਚ ਇਕ ਉੱਚਾ ਲੰਮਾ ਚਿਟ-ਕੱਪੜੀਆ ਹਿੰਦੂ ਉਠਿਆ, ਜੋ ਇਹ ਸਾਰਾ ਤਮਾਸ਼ਾ ਤੱਕ ਰਿਹਾ ਸੀ। ਉਸ ਪਹਿਲਾਂ ਉਨ੍ਹਾਂ ਛੋਕਰਿਆਂ ਨੂੰ ਡਾਂਟਿਆ।

"ਅਰੇ ਤੁਮੇ ਸ਼ਰਮ ਨਹੀਂ ਆਤੀ। ਤੁਮ ਏਕ ਸ਼ਰੀਫ਼ ਪੈਸੰਜਰ ਔਰ ਬੂੜ੍ਹੀ ਮਾਤਾ ਜੀ ਕੋ ਪ੍ਰੇਸ਼ਾਨ ਕਰ ਰਹੇ ਹੋ।"

ਇਕ ਹਿੰਦੂ ਦਾ, ਸਿੱਖਾਂ ਦਾ ਸਾਥ ਦੇਂਦਿਆਂ ਵੇਖ ਕੇ ਉਨ੍ਹਾਂ ਸਭ ਨੂੰ ਹੈਰਾਨੀ ਹੋਈ। ਪਰ ਉਹ ਕੋਈ ਛੇਤੀ ਯਰਕਣ ਵਾਲੇ ਨਹੀਂ ਸਨ। ਉਨ੍ਹਾਂ ਵਿਚੋਂ ਮੁੱਛਲ ਬੋਲਿਆ, "ਤੁਮੇ ਕਿਆ ਹੈ? ਯੇਹ ਤੁਮਾਰੇ ਕਿਆ ਲਗਤੇ ਹੈ? ਤਮ ਤੁਮ੍ਹੇ ਤੇ ਕੁਝ ਨਹੀਂ ਕਹਿ ਰਹੇ।"

"ਯੇਹ ਸਰਦਾਰ ਜੀ ਮੇਰਾ ਭਾਈ ਲਗਤਾ ਹੈ ਔਰ ਯੇਹ ਮੇਰੀ ਮਾਂ। ਸਮਝੇ ਹਰਾਮਜ਼ਾਦੇ। ਜਾਨਤੇ ਹੋ ਮੈਂ ਕੌਨ ਹੂੰ। ਮੈਂ ਆਦਰਸ਼ ਨਗਰ ਥਾਨੇ ਕਾ ਐਸ.ਐਚ.ਓ. ਹੂੰ। ਮੈਂ ਅਬੀ ਤੁਮ ਸਭ ਕੋ ਮਜ਼ਾ ਛਕਾਤਾ ਹੂੰ। ਡਰਾਈਵਰ ਬੱਸ ਕੋ ਥਾਨੇ ਲੈ ਚਲੋ।"

ਇਹ ਸੁਣਦਿਆਂ ਸਾਰ ਉਨ੍ਹਾਂ ਸਾਰਿਆਂ ਦੇ ਸੋਤਰ ਸੁੱਕ ਗਏ। ਉਹ ਬੜੇ ਘਬਰਾਏ ਕਿ ਇਸ ਸ਼ਰਾਰਤ ਨੇ ਉਨ੍ਹਾਂ ਨੂੰ ਕਿਹੜੀ ਮੁਸੀਬਤ ਵਿਚ ਫਸਾ ਦਿੱਤਾ ਹੈ। ਸਰਦੀਆਂ ਵਿਚ ਵੀ ਉਨ੍ਹਾਂ ਦੇ ਪਸੀਨੇ ਛੁੱਟਣ ਲੱਗੇ। ਉਨ੍ਹਾਂ ਸੋਚਿਆ ਜੇ ਇਕ ਵਾਰੀ ਫੜੇ ਗਏ ਤਾਂ ਅਗਲੀਆਂ ਪਿਛਲੀਆਂ ਦਾ ਸਾਰਾ ਹਿਸਾਬ ਪੈਣਾ ਪੈ ਜਾਏਗਾ।

ਚੜ੍ਹਾਈ ਹੋਣ ਕਾਰਨ ਬੱਸ ਕੁਝ ਹੌਲੀ ਹੋ ਗਈ ਸੀ। ਉਨ੍ਹਾਂ ਆਪਸ ਵਿਚ ਇਸ਼ਾਰਾ ਕੀਤਾ ਕਿ ਆਹਿਸਤਾ ਕੋਈ ਬੱਸ ਵਿਚੋਂ ਛਾਲਾਂ ਮਾਰ ਕੇ ਜਾਨ ਬਚਾਈ ਜਾਏ। ਇਕ ਦੋ ਨੇ ਉਠ ਕੇ ਨੱਸਣ ਦੀ ਕੋਸ਼ਿਸ਼ ਕੀਤੀ ਪਰ ਪੁਲਸੀ ਅੱਖ ਤੋਂ ਉਹ ਕਿਵੇਂ ਬਚ ਸਕਦੇ ਸਨ।

ਥਾਣੇਦਾਰ ਨੇ ਕੰਡਕਟਰ ਨੂੰ ਰੋਹਬ ਨਾਲ ਆਖਿਆ ਕਿ ਪਿੱਛੋਂ ਕਿਸੇ ਨੂੰ ਨਾ ਉਤਰਨ ਦੇਵੇ ਅਤੇ ਆਪ ਉਨ੍ਹਾਂ ਦੋਹਾਂ ਨੂੰ ਧੱਕਾ ਮਾਰ ਕੇ ਸੀਟਾਂ ਉੱਤੇ ਬਿਠਾ ਦਿੱਤਾ। ਸਾਰੀ ਬੱਸ ਵਿਚ ਹੁਣ ਹੰਗਾਮਾ ਮਚ ਗਿਆ। ਆਦਰਸ਼ ਨਗਰ ਦਾ ਥਾਣਾ ਸਾਹਮਣੇ ਦਿਸਣ ਲੱਗ ਪਿਆ ਸੀ।

ਹੁਣ ਉਹ ਲੱਗੇ ਮੁਆਫ਼ੀਆਂ ਮੰਗਣ। ਉਹ ਉਸ ਹਿੰਦੂ ਥਾਣੇਦਾਰ ਦੇ ਪੈਰੀਂ ਪੈ ਗਏ, ਲਿਲਕੀਆਂ ਲੈਣ ਲੱਗੇ, "ਹਮੇਂ ਮੁਆਫ਼ ਕਰ ਦੋ ਸਾਹਿਬ, ਹਮ ਸੇ ਭੂਲ ਹੋ ਗਈ।"

"ਅਬ ਤੋਂ ਥਾਨੇ ਮੇਂ ਜਾ ਕੇ ਹੀ ਹਿਸਾਬ ਹੋਗਾ" ਉਹ ਗੁੱਸੇ ਨਾਲ ਲਾਲ ਪੀਲਾ ਹੋ ਰਿਹਾ ਸੀ।

ਬੱਸ ਸਬਜ਼ੀ ਮੰਡੀ ਦੇ ਚੌਕ ਤੋਂ ਮੁੜ ਕੇ ਥਾਣੇ ਵੱਲ ਘੁੰਮ ਗਈ।

"ਹਮਾਰੀ ਤੌਬਾ, ਹਮਾਰੇ ਬਾਪ ਦਾਦਾ ਕੀ ਤੌਬਾ।" ਉਹ ਸਾਰੇ ਰੋ ਰੋ ਕੇ ਕਹਿ ਰਹੇ ਸਨ।

ਅਖੀਰ ਭਾਗਵੰਤੀ ਹਿੰਦੂ ਥਾਣੇਦਾਰ ਨੂੰ ਸੰਬੋਧਨ ਕਰ ਕੇ ਬੋਲੀ, "ਪੁੱਤਰਾ ਏਹਨਾਂ ਬੇਵਕੂਫ਼ਾਂ ਕੀ ਮਾਫ਼ ਕਰੀ ਦਿਉ। ਨਦਾਨ ਜਾਤਕ ਨੇ।"

ਉਨ੍ਹਾਂ ਹਾਲਾਂ ਵੀ ਥਾਣੇਦਾਰ ਦੇ ਪੈਰ ਫੜੇ ਹੋਏ ਸਨ। ਬਜ਼ੁਰਗ ਮਾਂ ਦੀ ਸ਼ਫ਼ਕਤ ਭਰੀ ਗੱਲ ਅਤੇ ਮੁਆਫ਼ ਕਰ ਦੇਣ ਵਾਲਾ ਵੱਡਾ ਜਿਗਰਾ ਵੇਖ ਕੇ ਥਾਣੇਦਾਰ ਵੀ ਢਿੱਲਾ ਪੈ ਗਿਆ।

"ਮੇਰੇ ਸੇ ਨਹੀਂ, ਇਸ ਮੇਰੀ ਔਰ ਅਪਨੀ ਬਜ਼ੁਰਗ ਮਾਂ ਸੇ ਮੁਆਫ਼ੀ ਮਾਂਗੋ ! ਇਸ ਅਪਨੇ ਬੜੇ ਭਾਈ ਸੇ ਮੁਆਫ਼ ਕਰ ਦੇਨੇ ਕੋ ਬੋਲੋ।"

ਛੇ ਦੇ ਛੇ ਭਾਗਵੰਤੀ ਤੇ ਪਰਦੁਮਨ ਦੇ ਪੈਰਾਂ ਵਿਚ ਢਹਿ ਪਏ।

ਭਾਗਵੰਤੀ, ਉਨ੍ਹਾਂ ਨੂੰ ਆਪਣੇ ਹੱਥਾਂ ਨਾਲ ਉੱਪਰ ਬਿਠਾਇਆ ਅਤੇ ਆਖਿਆ, "ਪੁੱਤਰ ਕੁਪੁੱਤਰ ਹੋ ਜਾਨੈਨੁ, ਪਰ ਮਾਪੇ ਕੁਮਾਪੇ ਨਹੀਂ ਹੋਨੇ। ਜਾਉ, ਮੁੜ ਕੇ ਇਹੋ ਜਿਹੀਆਂ ਕਮੀਨੀਆਂ ਹਰਕਤਾਂ ਨਾ ਕਰਨਾ।"

ਉਨ੍ਹਾਂ ਛੇਆਂ ਖਿਸਕਣ ਦੀ ਕੀਤੀ।

ਪਰਦੁਮਨ ਨੇ ਹਿੰਦੂ ਥਾਣੇਦਾਰ ਦਾ ਸ਼ੁਕਰੀਆ ਅਦਾ ਕੀਤਾ।

"ਨਹੀਂ ਸਰਦਾਰ ਸਾਹਿਬ ਇਹ ਮੇਰਾ ਫਰਜ਼ ਸੀ। ਅਸੀਂ ਪੁਲਸ ਵਾਲੇ ਅੱਗੇ ਹੀ ਤੁਹਾਡੇ ਵਰਗੇ ਸਿੱਖ ਭਰਾਵਾਂ ਤੋਂ ਸ਼ਰਮਿੰਦੇ ਹਾਂ।"

ਥਾਣੇਦਾਰ ਹੇਠਾਂ ਉੱਤਰ ਗਿਆ ਅਤੇ ਬੱਸ ਮਾਡਲ ਟਾਊਨ ਵੱਲ ਮੁੜ ਪਈ ਜਿੱਥੇ ਪਰਦੁਮਨ ਹੋਰਾਂ ਜਾਣਾ ਸੀ।

"ਮੈਂ ਆਖਨੀ ਨਹੀਂ ਸਾਂ ਪੁੱਤਰਾ। ਹਾਲਾਂ ਵੀ ਚੰਗਿਆਈ ਨਾ ਬੀ ਨਾਸ ਨਹੀਂ ਹੋਇਆ।"

* * *

# ਮਾਵਾਂ ਤੇ ਧੀਆਂ ਰਲ...

ਜੁਗਿੰਦਰ ਸਿੰਘ 'ਫੁੱਲ'



ਮਾਵਾਂ ਤੇ ਧੀਆਂ ਨੂੰ ਸਫ਼ਰ ਤੈਅ ਕਰਦਿਆਂ ਕਿੰਨਾ ਕੁ ਚਿਰ ਹੋ ਗਿਆ? ਕੋਈ ਪਤਾ ਨਹੀਂ? ਦੋਵੇਂ ਹੀ ਦੁਖੀ ਹਨ। ਬੇਸ਼ੱਕ ਬੁਲ੍ਹਾਂ ਉਪਰ ਹਾਸਾ ਹੈ ਪ੍ਰੰਤੂ ਅਹਿਸਾਸਾਂ ਅੰਦਰ ਵੇਦਨ ਦਾ ਵਾਸਾ ਹੈ। ਹਰ ਰੋਜ਼ ਉਨ੍ਹਾਂ ਦੇ ਕੰਨਾਂ ਵਿਚ ਆਲਿਉਂ-ਦੁਆਲਿਉਂ ਅਵਾਜ਼ਾਂ ਗੂੰਜ ਰਹੀਆਂ ਹਨ, "ਇਸਤ੍ਰੀ ਦੀ ਸੁਤੰਤਰਤਾ ਵਿਚ ਮਨੁੱਖਤਾ ਦਾ ਵਿਕਾਸ ਹੈ। ਇਹ ਲਲਿਤ ਕਲਾਵਾਂ ਦੀ ਸਰੋਤ ਹੈ। ਇਹ ਪਿਆਰਾਂ, ਪ੍ਰੀਤਾਂ, ਮੋਹ ਅਤੇ ਮਮਤਾ ਦਾ ਉਚਤਮ ਸਾਧਨ ਹੈ। ਇਸਦੇ ਖੁਲ੍ਹੇ ਵਿਚਾਰਾਂ, ਉਚ ਕਿਰਦਾਰਾਂ ਅਤੇ ਸੁਚੱਜੀ ਅਗਵਾਈ ਵਿਚ ਬੱਚਿਆਂ ਦੀ ਯੋਗ ਪ੍ਰਫੁੱਲਤਾ ਹੈ। ਜਿਥੇ ਇਹ ਖੇੜੇ ਬੀਜਦੀ ਹੈ, ਉਥੇ ਦਰਦਾਂ, ਚੀਸਾਂ ਅਤੇ ਵਿਪ੍ਰੀਤ ਪ੍ਰਸਥਿਤੀਆਂ ਨੇੜੇ ਆ ਹੀ ਨਹੀਂ ਸਕਦੀਆਂ। ਇਹ ਸੁੰਦਰਤਾ ਅਤੇ ਸੁਸ਼ੀਲਤਾ ਦਾ ਮਹਾਂਸਾਗਰ ਹੈ। ਸੁਖ, ਸਕੂਨ ਭਰਪੂਰ ਅਨੁਭਵਾਂ ਨਾਲ ਜਦ ਜਣਨੀ ਬੱਚੇ ਨੂੰ ਗੋਦੀ ਲੈ ਕੇ ਦੁੱਧ ਪਿਆਉਂਦੀ ਅਤੇ ਥਪਕੀਆਂ ਲੋਰੀਆਂ ਦਿੰਦੀ ਹੈ ਤਾਂ ਵਾਤਾਵਰਨ ਵਿਚ ਨਿਵੇਕਲੀਆਂ ਤਰੰਗਾਂ ਦੀ ਉਸਾਰੀ ਹੁੰਦੀ ਹੈ, ਜੋ ਕਿ ਭਵਿੱਖ ਦੀਆਂ ਨੀਹਾਂ ਹੋ ਨਿੱਬੜਦੀਆਂ ਹਨ। ਇਹ ਨਿਮਰਤਾ ਅਤੇ ਹਲੀਮੀ ਦਾ ਮੁਜੱਸਮਾ ਹੈ। ਇਸਦੀ ਗ਼ੈਰ-ਹਾਜ਼ਰੀ ਨਾਲ ਘਰ ਉਜਾੜ ਰੂਪ ਹੋ ਜਾਂਦਾ ਹੈ। ਇਸਦੇ ਦੰਦਾਂ ਦੇ ਖੇੜੇ ਅਤੇ ਬੁਲ੍ਹਾਂ 'ਚੋਂ ਉਪਜੀ ਹੋਈ ਸ਼ਬਦਾਵਲੀ ਖੁਸ਼ੀਆਂ ਦੀ ਸਰੋਤ ਹੁੰਦੀ ਹੈ। ਇਹ ਜੇਤੂ ਹੋ ਕੇ ਵੀ ਨਿਉਂ ਕੇ ਚੱਲਣ ਵਿਚ ਬਰਕਤਾਂ ਦੀ ਪ੍ਰਾਪਤੀ ਅਨੁਭਵ ਕਰਦੀ ਹੈ। ਇਹ ਵੀਰੇ ਦੀਆਂ ਨਿੱਕੀਆਂ-ਨਿੱਕੀਆਂ ਵਧੀਕੀਆਂ ਨੂੰ ਆਪਣੀ ਝੋਲੀ ਵਿਚ ਸਮੇਟ ਲੈਂਦੀ ਹੈ। ਪਤੀ ਦੇ ਰੁਤਬੇ ਨੂੰ ਉਚਿਆਉਣ ਲਈ ਉਹ ਹਰ ਖੇਤਰ ਵਿਚ ਨੀਵੀਂ ਹੋ ਕੇ ਵਿਚਰਦੀ ਹੈ। ਬੇਕਸੂਰ ਹੁੰਦੀ ਹੋਈ ਵੀ ਉਸਦੀਆਂ ਝਿੜਕਾਂ ਖਿੜੇ ਮੱਥੇ ਸਹਾਰਦੀ ਹੈ। ਉਚ ਸਥਿਤੀਆਂ ਅਤੇ ਅਹੁਦਿਆਂ ਦੀ ਧਾਰਨੀ ਹੁੰਦੀ ਹੋਈ ਵੀ ਉਹ ਹਮਸਫ਼ਰ ਦੀ ਹਰ ਮੰਗ ਅਤੇ ਉਮੰਗ ਦੀ ਪੂਰਤੀ ਲਈ ਤਤਪਰ ਰਹਿੰਦੀ ਹੈ। ਸ਼ਾਇਸਤਗੀ ਭਰਪੂਰ ਕਰਮ ਅਤੇ ਅੱਖਾਂ ਦੀ ਸ਼ਰਮ ਉਸਦੇ ਜੀਵਨ ਗਹਿਣੇ ਹਨ। ਜ਼ਿੰਦਗੀ ਦੇ ਬਿਖੜੇ ਪੈਂਡਿਆਂ ਦੀ ਪਧਰਾਈ ਸਮੇਂ ਸਵੈ ਉਪਰ ਬੋਝ ਸਹਿ ਕੇ ਵੀ ਆਸਰਾ ਦੇਣਾ ਉਹ ਆਪਣਾ ਪ੍ਰਮੁੱਖ ਫਰਜ਼ ਅਤੇ ਧਰਮ ਸਵੀਕਾਰਦੀ ਹੈ। ਬੱਚੇ ਦੀ ਹਰ ਲੋਚਾ ਦੀ ਪੂਰਤੀ ਉਸ ਦੇ ਹਿਰਦੇ ਦੀ ਸੀਤਲਤਾ ਹੈ। ਉਸਦੇ ਜਨਮ ਤੋਂ ਲੈ ਕੇ ਆਪਣੇ ਅੰਤਮ ਸੁਆਸਾਂ ਤੱਕ ਸੁਖਨ ਸੁਨੇਹੇ ਚਿਤਵਨੇ ਅਤੇ ਅਰਦਾਸਾਂ ਅਰਜੋਈਆਂ ਕਰਨੀਆਂ ਉਸਦੇ ਸੁਭਾਅ ਦਾ ਵਿਸ਼ੇਸ਼ ਅੰਗ ਹੈ।"

ਇਹ ਕੁਝ ਅਤੇ ਹੋਰ ਅਨੇਕਾਂ ਹੀ ਜ਼ਬਾਨੀ ਸਿਫ਼ਤਾਂ ਦੇ ਪੁਲ ਬੰਨ੍ਹੇ ਜਾਂਦੇ ਹਨ। ਫਿਰ ਇੰਜ ਲੱਗਦਾ ਹੈ ਜਿਵੇਂ ਮਨੁੱਖੀ ਹਿਰਦਾ ਉਸਦੇ ਕਲਿਆਣ ਅਤੇ ਬਿਹਤਰੀ ਲਈ ਕੁਝ ਮੋੜਾ ਖਾ ਰਿਹਾ ਹੈ। ਪ੍ਰੰਤੂ ਇਹ ਸਭ ਕੁਝ ਸ਼ੀਸ਼ੇ ਦੀ ਛੱਤ ਰੂਪ ਹੈ ਜਿਸ ਵਿਚ ਆਜ਼ਾਦੀ ਘੁੰਮਦੀ ਲੱਗਦੀ ਹੈ, ਸੁਨਹਿਰੀ ਅਤੇ ਰੰਗ ਬਰੰਗੇ ਫਾਨੂਸ ਉਡਦੇ ਜਾਪਦੇ ਹਨ, ਸੰਗੀਤ ਦੀਆਂ ਸੁਰਾਂ ਉਭਰਦੀਆਂ ਭਾਸਦੀਆਂ ਹਨ, ਖੇੜੇ ਭਰਪੂਰ ਪੁਸ਼ਪਾਂ ਦੇ ਦਿਲ ਲੁਭਾਉਣੇ ਖੇੜੇ ਆਪਣੇ ਵੱਲ ਖਿੱਚਾਂ ਪਾਉਂਦੇ ਹਨ। ਸੁਚੇਤ ਰਹੋ ਇਹ ਸਭ ਮ੍ਰਿਗ ਤ੍ਰਿਸ਼ਨਾ ਦੇ ਭੁਲੇਖੇ ਹਨ। ਸਦੀਆਂ ਦੇ ਹਨ੍ਹੇਰਿਆਂ ਵਿਚੋਂ ਨਾ ਕੁਝ ਪ੍ਰਾਪਤ ਹੋਇਆ ਹੈ ਅਤੇ ਨਾ ਹੀ ਵਰਤਮਾਨ ਵਿਚ ਅਗਵਾਈਆਂ ਦਿੰਦੀਆਂ ਲੋਅ ਦੀਆਂ ਰਿਸ਼ਮਾਂ ਦਿਸ ਰਹੀਆਂ ਹਨ। ਕੁਰੀਤੀਆਂ ਖ਼ਤਮ ਹੋਣ ਦੀ ਥਾਂ ਵਧ ਰਹੀਆਂ ਹਨ। ਤਿਫਲ ਤਸੱਲੀਆਂ ਬਹੁਤ ਹਨ ਪ੍ਰੰਤੂ ਗੂਹੜੀ ਧੁੰਦ ਜਿਉਂ ਦੀ ਤਿਉਂ ਪਸਰੀ ਹੋਈ ਹੈ।

ਅੱਜ ਧੀਆਂ ਹਰ ਮੈਦਾਨੇ ਆਪਣੀ ਪ੍ਰਤਿਭਾ ਨੂੰ ਸਿੱਧ ਕਰਦੀਆਂ ਹੋਈਆਂ ਅੱਗੇ ਹੀ ਅੱਗੇ ਜਾ ਰਹੀਆਂ ਹਨ ਅਤੇ ਮਨੁੱਖੀ ਅਹਿਸਾਸ ਇਸ ਯੋਗਤਾ ਨੂੰ ਸਵੀਕਾਰਦੇ ਵੀ ਹਨ ਪ੍ਰੰਤੂ ਪਰਨਾਲਾ ਉਥੇ ਹੀ ਹੈ। ਅੱਜ ਵੀ ਇਸਤ੍ਰੀ ਜਗਤ ਲਈ ਆਤਸ਼ੀ ਰਾਹ ਜਿਉਂ ਦੇ ਤਿਉਂ ਕਾਇਮ ਹਨ। ਅੱਜ ਦੇ ਰਸਤਿਆਂ ਦੇ ਕੰਢੇ ਦਿੱਸਦੇ ਨਹੀਂ ਪ੍ਰੰਤੂ ਇਨ੍ਹਾਂ ਦਾ ਜ਼ਹਿਰ ਕਿਧਰੇ ਵੱਧ ਖ਼ਤਰਨਾਕ ਹੈ। ਆਧੁਨਿਕਤਾ ਨਾਲ ਜੁੜ ਕੇ ਇਨ੍ਹਾਂ ਦੀ ਕਾਰਜਸ਼ੀਲਤਾ ਦੀ ਰੂਪ ਰੇਖਾ ਬਦਲ ਗਈ ਹੈ। ਵਿਗਿਆਨਕ ਯੁਗ ਨੇ ਵਿਪ੍ਰੀਤ ਰੂਪ ਵਿਚ ਇਨ੍ਹਾਂ ਦਾ ਸਾਥ ਦਿੱਤਾ ਹੈ। ਕਰੂਰਤਾ ਅਤੇ ਨੀਚਤਾ ਅੱਜ ਵੀ ਚੜ੍ਹਦੀ ਕਲਾ ਵਿਚ ਹੈ।

"ਮਾਂ ਤੂੰ ਥੱਕੀ ਨਹੀਂ?" ਧੀ ਅਦਭੁਤ ਮੁਦਰਾ ਵਿਚ ਪ੍ਰਸ਼ਨ ਕਰਦੀ ਹੈ, "ਨਾ ਤੂੰ ਬਿਰਧ ਹੋਈ ਏਂ ਅਤੇ ਨਾ ਹੀ ਤੇਰੀ ਮਮਤਾ ਵਿਚ ਕੋਈ ਅੰਤਰ ਹੀ

ਆਇਆ ਹੈ। ਮਨੁੱਖ ਇਹ ਤਾਂ ਮੰਨਦਾ ਹੈ ਕਿ ਰੱਬ ਨੇ ਤੇਰੇ ਪਾਸੋਂ ਠੰਢੀਆਂ ਛਾਵਾਂ ਉਧਾਰੀਆਂ ਲੈ ਕੇ ਸਵਰਗ ਉਸਾਰਿਆ ਸੀ ਪ੍ਰੰਤੂ ਤੇਰੇ ਹਿੱਸੇ ਜੰਨਤ ਦੀ ਕਿਹੜੀ ਨੁੱਕਰ ਆਈ? ਲੰਮੇ ਪੰਧਾਂ ਨਾਲ ਤੇਰੇ ਪੈਰਾਂ ਦੀਆਂ ਬਿਆਈਆਂ ਜ਼ਰੂਰ ਪਾਟ ਗਈਆਂ ਹਨ ਪ੍ਰੰਤੂ ਤੇਰੀ ਹਿੰਮਤ ਅਤੇ ਦ੍ਰਿੜ੍ਹਤਾ ਹਾਰਦੀ ਹੀ ਨਹੀਂ। ਤੂੰ ਥੋੜ੍ਹਾ ਜਿਹਾ ਸਮਾਂ ਆਪਣੀ ਸਾਧਨਾ ਦੀ ਮਾਲਾ ਦੇ ਮਣਕੇ ਬੰਦ ਕਰਕੇ ਸੁਸਤਾ ਲੈ। ਜੇਕਰ ਤੂੰ ਆਰਾਮ ਕਰੇਂਗੀ ਤਾਂ ਮੈਨੂੰ ਵੀ ਤੇਰੀ ਗੋਦੀ ਵਿਚ ਨੀਂਦਰਾਈਆਂ ਪਲਕਾਂ ਮੇਲਣ ਦਾ ਅਵਸਰ ਮਿਲ ਜਾਵੇਗਾ। ਮੈਂ ਤਾਂ ਤੇਰੇ ਸਾਥ ਵਿਚ ਹਨ੍ਹੇਰੇ ਰਾਹਾਂ ਦੇ ਕੁਝ ਹੀ ਮੀਲ ਪੱਥਰ ਸਰ ਕੀਤੇ ਹਨ ਅਤੇ ਮੈਂ ਅੱਕੀ ਥੱਕੀ ਜਿਹੀ ਅਨੁਭਵ ਕਰ ਰਹੀ ਹਾਂ। ਤੇਰਾ ਸਬਰ, ਸੰਤੋਖ ਅਤੇ ਸਬੂਰੀ ਇਬਾਦਤ ਯੋਗ ਹੈ। ਤੂੰ ਧੰਨ ਹੈ ਮਾਂ।"

"ਧੀਏ ਮੰਜ਼ਲ ਬੜੀ ਲੰਮੀ ਹੈ। ਸਾਹ ਲੈਣਾ ਅਤੇ ਰੁਕਣਾ ਮੇਰੇ ਮੁਕੱਦਰ ਦੇ ਸ਼ਬਦਾਂ ਵਿਚ ਅਜੇ ਦਾਖ਼ਲ ਨਹੀਂ ਹੋਇਆ। ਲੰਮੇ ਪਥਾਂ ਉਪਰ ਮੀਲਾਂ ਦੀ ਗਿਣਤੀ ਨਹੀਂ ਕਰੀਦੀ ਸਗੋਂ ਲੰਮੇ ਜੇਰਿਆਂ ਦਾ ਸਾਥ ਨਿਭਾਈਦਾ ਹੈ। ਸਹਿਣਸ਼ੀਲਤਾ ਨੂੰ ਪੱਲੇ ਬੰਨ੍ਹ ਕੇ ਹੀ ਕਿਧਰੇ ਉਜਾਲਿਆਂ ਦੀ ਪ੍ਰਾਪਤੀ ਹੋਵੇਗੀ। ਭਗਤੀ ਚਾਲੂ ਰਖੋ। ਕਦੇ ਤਾਂ ਰੱਬ ਬਹੁੜੇਗਾ ਹੀ।"

"ਮਾਏਂ ਮੇਰੀਏ ਰੱਬ ਤਾਂ ਪਤਾ ਨਹੀਂ ਕਿੱਥੇ ਸੁੱਤਾ ਪਿਆ ਹੈ। ਉਹ ਤਾਂ ਜਾਗਦਾ ਹੀ ਨਹੀਂ। ਚੀਕਾਂ, ਕੀਰਨੇ, ਦੁਹਾਈਆਂ ਅਤੇ ਵਿਲ੍ਹਕਦੀਆਂ ਆਵਾਜ਼ਾਂ ਉਸਦੇ ਕੰਨਾਂ ਤੱਕ ਸ਼ਾਇਦ ਪਹੁੰਚਦੀਆਂ ਹੀ ਨਹੀਂ। ਹੁਣ ਤਾਂ ਇੰਜ ਲੱਗਦਾ ਹੈ ਜਿਵੇਂ ਆਪਣੀਆਂ ਹਿੰਮਤਾਂ ਅਤੇ ਆਹਰਾਂ ਨਾਲ ਹੀ ਕੁਝ ਪ੍ਰਾਪਤੀ ਦੀਆਂ ਸੰਭਾਵਨਾਵਾਂ ਉਜਾਗਰ ਹੋ ਸਕਣਗੀਆਂ। ਰੱਬ ਤਾਂ ਇਕ ਗੁੰਝਲਦਾਰ ਗੋਰਖਧੰਦਾ ਹੀ ਜਾਪ ਰਿਹਾ ਹੈ। ਢਿੱਲੇ ਢਾਲੇ ਅਤੇ ਗਰਮੀਆਂ ਸਰਦੀਆਂ ਵਿਚ ਨੰਗੇ ਬੈਠ ਕੇ ਪੂਜਾ ਅਤੇ ਭਗਤੀਆਂ ਕਰਦਿਆਂ ਹੋਇਆਂ ਕੁਝ ਬਖਸ਼ਿਸ਼ਾਂ ਦੀ ਮੰਗ ਕਰਨੀ ਮੈਨੂੰ ਵਿਅਰਥ ਜਿਹਾ ਹੀ ਜਾਪਦਾ ਹੈ। ਇੰਜ ਚਿੱਪੀਆਂ ਸੱਖਣੀਆਂ ਹੀ ਰਹਿਣਗੀਆਂ।"

"ਮੇਰੀ ਬੱਚੀਏ, ਤੂੰ ਕਿਸ ਤਰ੍ਹਾਂ ਦੀਆਂ ਸੋਚਾਂ ਅਤੇ ਲੋਚਾਂ ਮਨ ਵਿਚ ਧਾਰਨ ਕਰ ਰਹੀ ਏਂ? ਜ਼ਮਾਨਾ ਬੜਾ ਹੀ ਖ਼ਤਰਨਾਕ ਹੈ, ਇਸ ਤੋਂ ਡਰ ਅਤੇ ਬਚ ਕੇ ਰਹਿ। ਇਸ ਦਾ ਖ਼ੂਨੀ ਪੰਜਾ ਅਤਿਅੰਤ ਭਿਅੰਕਰ ਅਤੇ ਮਜੀਠੀ ਰੰਗ ਦਾ ਭੁੱਖਾ ਹੈ।"

"ਮੇਰੀ ਅੰਮੜੀਏ, ਬੜਾ ਲੰਮਾ ਸਮਾਂ ਡਰ ਹੰਢਾ ਲਿਆ ਹੈ। ਤੂੰ ਮੈਨੂੰ ਬੜੀਆਂ ਹੀ ਚੰਗੀਆਂ ਸਿਖਿਆਵਾਂ ਦਿੰਦੀ ਰਹਿੰਦੀ ਏ ਪ੍ਰੰਤੂ ਹਰ ਵੇਲੇ ਦੇ ਭੈਅ ਨਾਲ ਤਾਂ ਕੁਝ ਵੀ ਪ੍ਰਾਪਤ ਨਹੀਂ ਹੋਣਾ। ਤੂੰ ਮੈਨੂੰ ਪੜ੍ਹਨੇ ਪਾ ਕੇ ਨਵੀਆਂ ਰੌਸ਼ਨੀਆਂ ਨਾਲ ਜੋੜਨ ਦਾ ਯਤਨ ਕੀਤਾ ਹੈ। ਤੈਨੂੰ ਮੇਰੇ ਨਾਨਾ ਜੀ ਨੇ ਪੰਜ ਜਮਾਤਾਂ ਤੋਂ ਅੱਗੇ ਨਹੀਂ ਤੁਰਨ ਦਿੱਤਾ ਅਤੇ ਤੇਰੇ ਉਪਰ ਸਖ਼ਤ ਪਹਿਰਾ ਰੱਖਿਆ। ਮੇਰੇ ਮਾਪਿਆਂ ਦੀਆਂ ਲਾਲ ਗੁੱਸੇ ਭਰੀਆਂ ਅੱਖਾਂ ਤੇਰੇ ਦੁਆਲੇ ਮੱਕੜ ਜਾਲ ਤਾਣ ਕੇ ਬੈਠੀਆਂ ਰਹੀਆਂ। ਪ੍ਰੰਤੂ ਤੂੰ ਤਾਂ ਮੇਰੇ ਲਈ ਰਸਤੇ ਮੋਕਲੇ ਕਰ ਦਿੱਤੇ ਹਨ ਅਤੇ ਮੇਰੀ ਵਿਚਾਰਧਾਰਾ ਖੁਲ੍ਹੀਆਂ ਫਿਜ਼ਾਵਾਂ ਵਿਚ ਵਿਚਰਨ ਯੋਗ ਹੋ ਗਈ ਹੈ। ਹੁਣ ਮੰਜ਼ਲ ਖੁਦ ਤੇਜ਼ ਗਤੀ ਨਾਲ ਆਪਣੇ ਵੱਲ ਵੱਧ ਕੇ ਆਵੇਗੀ।"

"ਨੀ ਤੂੰ ਅਜਿਹੀਆਂ ਗੱਲਾਂ ਕਿਥੋਂ ਸਿੱਖਦੀ ਰਹਿੰਦੀ ਏ?"

"ਮਾਂ, ਕਿਤਾਬਾਂ, ਰਸਾਲੇ, ਅਖ਼ਬਾਰਾਂ ਆਦਿਕ ਜਦ ਪੜ੍ਹਦੇ ਹਾਂ ਤਾਂ ਜ਼ਮਾਨੇ ਦੀ ਹਵਾ ਦਾ ਪਤਾ ਲੱਗਦਾ ਹੈ। ਅੱਜ ਹੀ ਮੈਂ ਇਕ ਰਸਾਲਾ ਪੜ੍ਹ ਰਹੀ ਸੀ ਜਿਸ ਵਿਚ ਇਕ ਇਸਤ੍ਰੀ ਜਿਸ ਦਾ ਨਾਮ ਜੂਲੀਆ ਕ੍ਰਿਸਤੇਵਾ ਹੈ, ਬਾਰੇ ਇਕ ਬੁਧੀਜੀਵੀ ਅਤੇ ਡੂੰਘਾ ਚਿੰਤਕ ਲਿਖਦਾ ਹੈ ਕਿ ਇਹ ਇਸਤ੍ਰੀਆਂ ਦੇ ਹੱਕਾਂ ਅਤੇ ਕਲਿਆਣ ਬਾਰੇ ਬੜਾ ਕੁਝ ਕਰ ਰਹੀ ਹੈ।"

"ਨੀ ਐਵੇਂ ਨਾ ਵਾਧੂ-ਘਾਟੂ ਜਿਹੀਆਂ ਗੱਲਾਂ ਪੜ੍ਹਦੀ ਰਿਹਾ ਕਰ। ਕਿਸੇ ਚੱਜ ਦੇ ਅੱਖਰਾਂ ਨੂੰ ਨਜ਼ਰ ਮਾਰੀਦੀ ਹੈ। ਇਸ ਤਰ੍ਹਾਂ ਮਨ ਵਿਗਾੜ ਵੱਲ ਮੁੜਦਾ ਹੈ।"

"ਮਾਤਾ ਜੀ, ਚੰਗੀ ਸੋਚ ਅਤੇ ਗਿਆਨ ਦੀਆਂ ਗੱਲਾਂ ਵਿਗਾੜ ਦੀਆਂ ਨਹੀਂ ਸਗੋਂ ਸਿੱਧਾ ਰਾਹ ਦਿਖਾਉਂਦੀਆਂ ਹਨ। ਤੈਨੂੰ ਨਹੀਂ ਪਤਾ ਕਿ ਕਈ ਅਜਿਹੀਆਂ ਸਾਹਸੀ ਅਤੇ ਹਿੰਮਤੀ ਧੀਆਂ ਅੱਗੇ ਆ ਰਹੀਆਂ ਹਨ ਜੋ ਕਿ ਆਪਣੀ ਜਾਨ ਦੀ ਪ੍ਰਵਾਹ ਨਾ ਕਰਦਿਆਂ ਹੋਈਆਂ ਇਸਤ੍ਰੀ ਹੱਕਾਂ ਵਾਸਤੇ ਮੈਦਾਨ ਵਿਚ ਉੱਤਰੀਆਂ ਹੋਈਆਂ ਹਨ, ਜਿੰਨਾਂ ਵਿਚੋਂ ਤਸਲੀਮਾ ਨਸਰੀਨ, ਜੋ ਕਿ ਬੰਗਲਾਦੇਸ਼ ਦੀ ਇਕ ਮੁਸਲਮਾਨ ਇਸਤ੍ਰੀ ਹੈ, ਦੇ ਸਿਰ ਦਾ ਮੁੱਲ ਰੱਖਿਆ ਗਿਆ ਸੀ, ਪ੍ਰੰਤੂ ਉਹ ਆਪਣੇ ਸੰਕਲਪ ਤੋਂ ਕਦੇ ਵੀ ਨਹੀਂ ਡੋਲੀ। ਜਿਨ੍ਹਾਂ ਵੀ ਸੂਝਵਾਨਾਂ ਅਤੇ ਮਨੁੱਖੀ ਅਧਿਕਾਰਾਂ ਦੇ ਪਹਿਰੇਦਾਰਾਂ ਨੇ ਇਸਤ੍ਰੀ ਜਗਤ ਦੀ ਬਿਹਤਰੀ ਅਤੇ ਭਲਾਈ ਲਈ ਆਵਾਜ਼ ਬੁਲੰਦ ਕੀਤੀ, ਜੂਲੀਆ ਕ੍ਰਿਸਤੇਵਾ ਦੁਆਰਾ ਉਨ੍ਹਾਂ ਨੂੰ ਵੱਡੇ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ। ਉਹ ਕਹਿੰਦੀ ਹੈ ਕਿ ਇਸਤ੍ਰੀ ਦੇ ਮਨ ਨੂੰ ਸਮਝੋ। ਉਸ ਦੇ ਜਜ਼ਬਾਤ ਦੀ ਭਾਸ਼ਾ ਨੂੰ ਜਾਣੋ। ਉਸ ਦਾ ਇਕ ਵਿਅਕਤੀ ਦੇ ਰੂਪ ਵਿਚ ਅਧਿਐਨ ਕਰੋ। ਉਹ ਬੜੀ ਹੀ ਗਹਿਰੀ ਅਤੇ ਸੂਝਵਾਨ ਚਿੰਤਕ ਹੈ। ਉਸ ਦੇ ਉਪਰਾਲੇ ਨਵੇਂ ਉਜਾਲਿਆਂ ਤੱਕ ਪਹੁੰਚ ਕਰਾ ਰਹੇ ਹਨ। ਸੋ ਜੇਕਰ ਇਸਦੇ ਹਿਰਦੇ ਨੂੰ ਮਨੋਵਿਗਿਆਨਕ ਢੰਗ ਨਾਲ ਪੜ੍ਹਿਆ ਅਤੇ ਸਮਝਿਆ ਜਾਵੇ ਤਾਂ ਇਸ ਦੁਨੀਆਂ ਦਾ ਭਵਿੱਖੀ ਰੂਪ ਕੁਝ ਹੋਰ ਹੀ ਹੋਵੇਗਾ।"

"ਬੇਟੀ ਮੈਂ ਤੇਰੀਆਂ ਗੱਲਾਂ ਨੂੰ ਸਮਝਣ ਦੀ ਕੋਸ਼ਿਸ਼ ਕਰ ਰਹੀ ਹਾਂ ਪ੍ਰੰਤੂ ਗਿਆਨ ਅਤੇ ਬੇਸਮਝੀ ਦੀ ਘਾਟ ਮੈਨੂੰ ਬੇਵੱਸ ਕਰ ਰਹੀ ਹੈ। ਹਾਂ ਇਹ ਕ੍ਰਿਸਤੇਵਾ ਹੋਰ ਕੀ ਰਹਿੰਦੀ ਹੈ?"

"ਮਾਂ ਜੀ ਇਸ ਬਾਰੇ ਦੱਸਣ ਵਾਲਾ ਲਿਖਦਾ ਹੈ, ਕ੍ਰਿਸਤੇਵਾ ਨਾਰੀ ਜਗਤ ਦੇ ਖੇਤਰ ਵਿਚ ਇਸ ਲਈ ਵੀ ਪ੍ਰਸ਼ੰਸ਼ਾਯੋਗ ਹੈ ਕਿਉਂਕਿ ਉਸ ਨੇ ਨਾਰੀ ਜਗਤ ਦੇ ਆਤਮ ਨੂੰ ਮੁੜ ਸਥਾਪਤ ਕਰਨ ਦੇ ਕਾਰਜ ਨੂੰ ਨਿਭਾਇਆ ਹੈ।"

"ਮੇਰੀਏ ਧੀਏ, ਤੇਰੀਆਂ ਗੱਲਾਂ ਤੋਂ ਇੰਜ ਲੱਗਦਾ ਹੈ ਕਿ ਸਵੇਰਾ ਹੁਣ ਦੂਰ ਨਹੀਂ ਕਿਉਂਕਿ ਕ੍ਰਿਸਤੇਵਾ ਜਿਹੀਆਂ ਸੂਝਵਾਨ ਇਸਤ੍ਰੀਆਂ ਇਸ ਨੂੰ ਲਿਆਉਣ ਵਿਚ ਯਤਨਸ਼ੀਲ ਹਨ। ਪ੍ਰੰਤੂ ਮੈਨੂੰ ਇਸ ਦੇ ਪਿਛੋਕੜ ਬਾਰੇ ਕੁਝ

ਗੱਲਾਂ ਤਾਂ ਦੱਸ ਛੱਡ।"

"ਕਹਿੰਦੇ ਹਨ ਕਿ 1942 ਵਿਚ ਬੁਲਗਾਰੀਆ ਵਿਖੇ ਜਨਮੀ ਇਸ ਚਿੰਤਕ ਧੀ ਦੇ ਪਿਤਾ ਜੀ ਇਕ ਚਰਚ ਵਿਚ ਲੇਖਾਕਾਰ ਸਨ। ਬਹੁਤ ਲੰਮਾ ਸਮਾਂ ਉਸਦੇ ਇਸਤ੍ਰੀ ਜਗਤ ਸੰਬੰਧੀ ਵਿਚਾਰਾਂ ਬਾਰੇ ਦੁਨੀਆਂ ਦਾ ਧਿਆਨ ਹੀ ਨਹੀਂ ਗਿਆ। ਪ੍ਰੰਤੂ ਇਹ ਤੱਥ ਵੀ ਮੰਨਣਾ ਪੈਂਦਾ ਹੈ ਕਿ ਜਦੋਂ ਕਿਸੇ ਭਲਾਈ ਦਾ ਸਮਾਂ ਆਉਂਦਾ ਹੈ ਤਾਂ ਰਸਤੇ ਆਪਣੀਆਂ ਪੈੜ੍ਹਾਂ ਰਾਹੀਂ ਆਪ ਹੀ ਅਗਵਾਈ ਦਿੰਦੇ ਹਨ। ਇਸ ਦੇ ਵਿਚਾਰਾਂ ਦੇ ਖੋਜਕਾਰੀ ਨੇ ਲੰਮੀਆਂ ਮਿਹਨਤਾਂ ਅਤੇ ਖੋਜਾਂ ਉਪਰੰਤ ਇਸ ਵਿਚਾਰਧਾਰਾ ਤੱਕ ਪਹੁੰਚ ਗਈ। ਜ਼ਿਹਨ ਦੀ ਡੂੰਘਾਈ ਅਤੇ ਮਾਨਸਿਕ ਲਗਨ ਤੋਂ ਬਿਨਾਂ ਅਜਿਹੇ ਦਾਰਸ਼ਨਿਕਾਂ ਸੰਬੰਧੀ ਗਹਿਰਾਈ ਤੱਕ ਪੁੱਜਿਆ ਹੀ ਨਹੀਂ ਜਾ ਸਕਦਾ। ਕ੍ਰਿਸਤੇਵਾ ਮਨੁੱਖੀ ਮਨ ਬਾਰੇ ਲਿਖਦੀ ਹੈ, "ਅਵਚੇਤਨ ਖ਼ਾਹਸ਼ਾਂ, ਚਿੰਤਾਵਾਂ ਐਨਰਜੀ ਅਤੇ ਦਬਾਵਾਂ ਦਾ ਖੇਤਰ ਹੈ। ਇਹ ਭਾਵਨਾਵਾਂ ਚੇਤਨਾ ਦੇ ਵਿਚ ਨਹੀਂ ਆਉਂਦੀਆਂ।"

ਲਿਖਾਰੀ ਇਸਤਰੀਆਂ ਨਾਲ ਵਿਤਕਰੇ ਸੰਬੰਧੀ ਕ੍ਰਿਸਤੇਵਾ ਦੇ ਵਿਚਾਰ ਦਸਦਾ ਹੈ, "ਔਰਤਾਂ ਨਾਲ ਅਜੇ ਵੀ ਦੂਜੇ ਦਰਜੇ ਦੇ ਸ਼ਹਿਰੀਆਂ ਵਾਲਾ ਸਲੂਕ ਕੀਤਾ ਜਾਂਦਾ ਹੈ।"

"ਮੇਰੀਏ ਧੀਏ, ਤੇਰੀਆਂ ਸਾਰੀਆਂ ਗੱਲਾਂ ਬਾਰੇ ਭਾਵੇਂ ਮੈਨੂੰ ਪੂਰੀ ਸਮਝ ਨਹੀਂ ਆ ਰਹੀ ਅਤੇ ਕਈ ਅਜਿਹੇ ਸ਼ਬਦ ਹਨ ਜੋ ਆਪਣੇ ਆਪ ਵਿਚ ਗੂੜ੍ਹ ਗਿਆਨ ਸਮੋਈ ਬੈਠੇ ਹਨ ਪ੍ਰੰਤੂ ਮੇਰੇ ਮਨ ਨੂੰ ਇੰਨਾ ਕੁ ਧਰਵਾਸ ਜ਼ਰੂਰ ਮਿਲ ਰਿਹਾ ਹੈ ਕਿ ਨੇੜ ਭਵਿੱਖ ਵਿਚ ਇਹ ਮਕੜਜਾਲ ਅਤੇ ਜ਼ੰਜੀਰਾਂ ਟੁੱਟਣ ਹੀ ਵਾਲੀਆਂ ਹਨ। ਇਨ੍ਹਾਂ ਕਾਰਜਾਂ ਅਤੇ ਵਿਚਾਰਾਂ ਨਾਲ ਮਨੁੱਖੀ ਹਿਰਦਾ ਜ਼ਰੂਰ ਹੀ ਮੋੜਾ ਖਾਵੇਗਾ। ਬੇਸ਼ੱਕ ਇਸ ਦਿਸ਼ਾ ਵਿਚ ਲੰਮੇ ਸੰਘਰਸ਼ ਅਤੇ ਵਿਸ਼ੇਸ਼ ਅਗਵਾਈਆਂ ਦੀ ਜ਼ਰੂਰਤ ਪਵੇਗੀ। ਸਤਿਗੁਰ ਬਾਬੇ ਨਾਨਕ ਨੇ ਤਾਂ ਇਥੋਂ ਤੱਕ ਕਿਹਾ ਸੀ ਕਿ ਜਿਸ ਮਾਂ ਪਾਸੋਂ ਜਨਮ ਪ੍ਰਾਪਤ ਕੀਤਾ ਜਾਂਦਾ ਹੈ ਉਸ ਨੂੰ ਮੰਦਾ ਕਿਉਂ ਸਮਝਿਆ ਜਾਵੇ? ਜੇਕਰ ਇਸ ਦਾ ਮਾਂ ਰੂਪ ਖਾਰਜ ਕਰ ਦਿੱਤਾ ਜਾਵੇ ਤਾਂ ਰਾਜਿਆਂ, ਮਹਾਰਾਜਿਆਂ ਨੇ ਇਸ ਧਰਤੀ ਉਪਰ ਕਿੰਜ ਪਹੁੰਚ ਕਰਨੀ ਸੀ? ਲੰਮਾ ਤਰੱਦਦ ਕੁਝ ਪ੍ਰਾਪਤ ਕਰਕੇ ਹੀ ਰਹੇਗਾ।

ਕ੍ਰਿਸਤੇਵਾ ਦੀ ਬੁਲੰਦ ਆਵਾਜ਼ ਅਤੇ ਵਜਾਏ ਗਏ ਡੰਕੇ ਨਾਲ ਪ੍ਰਾਪਤੀਆਂ ਦੀਆਂ ਅਜਿਹੀਆਂ ਸੰਭਾਵਨਾਵਾਂ ਬਣ ਰਹੀਆਂ ਹਨ ਜਦ ਮਨੁੱਖੀ ਸੂਝ ਇਸ ਮੰਜ਼ਲ ਤੱਕ ਪਹੁੰਚ ਕਰ ਲਵੇਗੀ ਕਿ ਮਨੁੱਖ ਅਤੇ ਇਸਤ੍ਰੀ ਵਿਅਕਤੀ ਹਨ। ਇਨ੍ਹਾਂ ਦੇ ਮਨ ਅਤੇ ਦਿਮਾਗ਼ ਵਾਸਤੇ ਜੇਕਰ ਇਕੋ ਜਿਹੇ ਅਵਸਰ ਪੈਦਾ ਕੀਤੇ ਜਾਣ ਤਾਂ ਮਨੁੱਖਤਾ ਦਾ ਠੀਕ ਰੂਪ ਵਿਚ ਕਲਿਆਣ ਹੋਵੇਗਾ।"

"ਤੂੰ ਠੀਕ ਹੈਂ ਪੁੱਤਰ, ਤੂੰ ਹੀ ਸਾਡਾ ਭਵਿੱਖ ਹੈਂ।"

# ਕੱਚਾ ਤੇ ਪੱਕਾ

ਗੁਰਕੀਰਤ ਕੌਰ

ਕੱਚਾ ਫਲ ਕੌੜਾ ਤੇ ਬੇ-ਸੁਆਦੀ ਹੁੰਦਾ ਹੈ। ਕੱਚੀ ਕੰਧ ਉੱਤੇ ਪੱਕੇ ਤੇ ਉੱਚੇ ਮਹਿਲ ਨਹੀਂ ਉਸਾਰੇ ਜਾ ਸਕਦੇ। ਕੱਚੇ ਘੜੇ ਵਿੱਚ ਪਾਣੀ ਭਰ ਕੇ ਨਹੀਂ ਰੱਖਿਆ ਜਾ ਸਕਦਾ। ਇਸੇ ਤਰ੍ਹਾਂ ਕੱਚੇ ਮਨੁੱਖ ਦੀ ਜ਼ਿੰਦਗੀ ਵਿੱਚ ਕੁੜੱਤਣ ਹੁੰਦੀ ਹੈ। ਕੱਚੇ ਮਨੁੱਖ ਦਾ ਜੀਵਨ ਕੋਈ ਉੱਚਾ ਨਹੀਂ ਹੁੰਦਾ। ਕੱਚਾ ਮਨੁੱਖ ਉਸ ਕੱਚੇ ਘੜੇ ਦੀ ਤਰ੍ਹਾਂ ਹੈ, ਜਿਸ ਵਿੱਚ ਅੰਮ੍ਰਿਤ ਜਲ ਭਰ ਕੇ ਰੱਖਣਾ ਅਤਿ ਕਠਿਨ ਹੈ।

ਪੱਕਾ ਫਲ ਮਿੱਠਾ ਤੇ ਸੁਆਦੀ ਹੁੰਦਾ ਹੈ। ਪੱਕੀ ਬੁਨਿਆਦ ਉੱਤੇ ਪੱਕੇ ਤੇ ਉੱਚੇ ਮਹੱਲ ਉਸਾਰੇ ਜਾ ਸਕਦੇ ਹਨ। ਪੁਖਤਾ ਮਿਜਾਜ਼ ਮਨੁੱਖ ਅੰਦਰ ਹੀ ਰੱਬੀ ਰਸ ਸਮਾ ਸਕਦਾ ਹੈ। ਕੱਚੇ ਮਨੁੱਖ ਦੀਆਂ ਗੱਲਾਂ ਕੱਚੀਆਂ ਹੁੰਦੀਆਂ ਹਨ, ਜਿਨ੍ਹਾਂ ਗੱਲਾਂ ਅੰਦਰ ਕੋਈ ਸਾਰ ਨਹੀਂ ਹੁੰਦੀ। ਸੋਚਣਾ ਵੇਖਣਾ ਵੀ ਕੱਚਾ ਹੁੰਦਾਹੈ। ਕੋਸ਼ਿਸ਼ ਏਹੀ ਹੋਣੀ ਚਾਹੀਦੀ ਹੈ ਕਿ ਕੱਚਿਆਂ ਤੋਂ ਦੂਰ ਹੀ ਰਹੀਏ :


**ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ ॥**
**ਓਇ ਜੀਵੰਦੇ ਵਿਛੁੜਹਿ, ਓਇ ਮੁਇਆ ਨ ਜਾਹੀ ਛੋੜਿ ॥**


ਤੂਫਾਨੀ ਹਵਾਵਾਂ ਤੇ ਗੜਿਆਂ ਦੀ ਮਾਰ ਤੋਂ ਜੋ ਬਚ ਜਾਵੇ, ਪੰਛੀਆਂ ਨੇ ਟੁੱਕਿਆ ਨਾ ਹੋਵੇ ਤੇ ਕੀੜਿਆਂ ਨੇ ਦਾਗੀ ਨਾ ਕੀਤਾ ਹੋਵੇ ਉਹੀ ਫਲ ਪੱਕ ਕੇ ਰਸਦਾਇਕ ਬਣਦਾ ਹੈ। ਜਿਹੜਾ ਮਨੁੱਖ ਵਾਸ਼ਨਾ ਦੇ ਝੱਖੜ ਵਿੱਚ ਅਡੋਲ ਰਵੇ, ਕੁਸੰਗਤ ਤੋਂ ਦਾਗੀ ਤੇ ਪ੍ਰਭੂ ਡਾਲੀ ਅਡੋਲ ਰਵੇ, ਕੁਸੰਗਤ ਤੋਂ ਦਾਗੀ ਤੇ ਪ੍ਰਭੂ ਡਾਲੀ ਤੋਂ ਟੁਟਿਆ ਨਾ ਹੋਵੇ, ਦੁੱਖਾਂ ਦੇ ਗੜੇ ਪੈਣ 'ਤੇ ਝੜਿਆ ਨਾ ਹੋਵੇ, ਉਹੀ ਮਨੁੱਖ ਪ੍ਰਭੂ ਦ੍ਰਿਸ਼ਟੀ ਵਿੱਚ ਕਬੂਲ ਹੁੰਦਾ ਹੈ :


**ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ ॥**
**ਜਾਇ ਪਹੂਚਹਿ ਖਸਮ ਕਉ, ਜਉਬੀਚਿ ਨ ਖਾਹੀ ਕਾਂਬ ॥**


ਬੰਦਗੀ ਦੇ ਰਸ ਨਾਲ ਜਦ ਜੀਵਨ ਪੱਕਦਾ ਹੈ ਤਾਂ ਅੰਮ੍ਰਿਤ ਨਾਲ ਭਰ ਜਾਂਦਾ ਹੈ। ਫਿਰ ਐਸਾ ਮਨੁੱਖ ਰਸ ਮਾਣਦਾ ਹੈ, ਰਸ ਵੰਡਦਾ ਹੈ ਅਤੇ ਉਹ ਰਸ ਦਾ ਸੋਮਾ ਬਣ ਜਾਂਦਾ ਹੈ। ਹਿਰਦੇ ਵਿੱਚ ਵਸਿਆ ਰਸ ਰਸਨਾ ਨਾਲ ਪ੍ਰਗਟ ਹੁੰਦਾ ਹੈ। ਹਿਰਦੇ ਵਿੱਚ ਕਪਟ ਹੋਵੇ ਤੇ ਮੂੰਹ ਵਿੱਚੋਂ ਸੱਚ ਦੀ ਗੱਲ ਆਖੇ ਐਸਾ ਮਨੁੱਖ ਬਾਬੇ ਫਰੀਦ ਦੀ ਦ੍ਰਿਸ਼ਟੀ ਵਿੱਚ ਕੱਚਾ ਹੈ :

**ਜਿਨ ਮਨਿ ਹੋਰੁ, ਮੁਖਿ ਹੋਰੁ ਸਿ ਕਾਂਢੇ ਕਚਿਆ ॥**



ਹੀਰ ਸੁੰਨੜ
ਸੁਰਿੰਦਰ ਸਿੰਘ ਸੁੰਨੜ



ਪਾਣੀ ਹੋਏ ਵਿਚਾਰ
ਲਖਵਿੰਦਰ ਜੌਹਲ


RANG MAJITH
S S Sunner
Rang Majith
- The Invisible -
S S Sunner


ਰੰਗ ਮਜੀਠ (ਕਾਵਿ ਰੰਗੋਲੀ)
ਸੁਰਿੰਦਰ ਸਿੰਘ ਸੁੰਨੜ
ਰੰਗ ਮਜੀਠ
(ਕਾਵਿ ਰੰਗੋਲੀ)
ਸੁਰਿੰਦਰ ਸਿੰਘ ਸੁੱਨੜ

| Apni Aawaaz | Volume 3 | Issue 9 | July 2025 | RNI : PUNPUN/2022/82997 |
| --- | --- | --- | --- | --- |










Printer, Publisher & Owner Surinder Singh Sunner. Prinited at Ram Avtar Offset Printers, E.D. 158-159, Dhan Mohala, Khingran Gate, Jalandhar Punjab-144001 and Published at 693, G.T.B. Nagar, Jalandhar Punjab-144001.

***Editor - Inderjit Singh Ghungrali***

**Publication Date : 01/07-2025**

ਪ੍ਰਿੰਟਰ, ਪਬਲਿਸ਼ਰ ਅਤੇ ਮਾਲਕ ਸੁਰਿੰਦਰ ਸਿੰਘ ਸੁੰਨੜ ਨੇ ਰਾਮ ਅਵਤਾਰ ਆਫ਼ਸੈੱਟ ਪ੍ਰਿੰਟਰਜ਼, ਈ.ਡੀ. 158-159, ਢਨ ਮੁਹੱਲਾ, ਖਿੰਗਰਾਂ ਗੇਟ, ਜਲੰਧਰ ਪੰਜਾਬ-144001 ਤੋਂ ਛਪਵਾ ਕੇ 693 ਜੀ.ਟੀ.ਬੀ. ਨਗਰ, ਜਲੰਧਰ ਪੰਜਾਬ-144001 ਤੋਂ ਪ੍ਰਕਾਸ਼ਿਤ ਕੀਤਾ।

*ਸੰਪਾਦਕ - ਇੰਦਰਜੀਤ ਸਿੰਘ ਘੁੰਗਰਾਲੀ*

**ਪ੍ਰਕਾਸ਼ਨ ਮਿਤੀ : 01/07/2025**